# ਚਿਰਾਗ

ਅਪ੍ਰੈਲ-ਜੂਨ 2007

**April -June 2007**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਮੁੱਲ : 15 ਰੁਪਏ

60

ਅਪ੍ਰੈਲ-ਜੂਨ 2007

# ਚਿਰਾ.ਗ ਤਿਮਾਹੀ

ਅਪ੍ਰੈਲ-ਜੂਨ 2007

ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ,ਸੁਰਜੀਤ ਗਿੱਲ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)

## ਤਤਕਰਾ


- ਸੰਪਾਦਕੀ ਟਿੱਪਣੀਆਂ — 1. ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪੁਰਸਕਾਰ
  2. ਤੀਜੀ ਵਿਸ਼ਵ ਪੰਜਾਬੀ ਕਾਨਫਰੰਸ
  3. ਪੰਜਾਬੀ ਵਿਰੋਧੀ ਫਿਰਕੂ ਸੋਚਣੀ
- ਇਸ ਵਾਰ ਦਾ ਕਵੀ — ਪ੍ਰਵਾਸੀ ਕਵੀ ਸੁਖਿੰਦਰ ਦੀਆਂ ਤਿੰਨ ਕਵਿਤਾਵਾਂ
- ਵਤਨੋਂ ਦੂਰ — ਵਰਿੰਦਰ ਪ੍ਰੀਹਾਰ (ਦੋ ਨਜ਼ਮਾਂ) ਸੁਖਪਾਲ (ਤਿੰਨ ਕਵਿਤਾਵਾਂ
- ਵਾਹਗਿਓਂ ਪਾਰ — ਅਫ਼ਜ਼ਲ ਤੌਸੀਫ਼ (ਦਿੱਲੀ ਵਿਚ ਦੁੱਗਲ ਨਾਲ ਝੜਪ) ਮੁਹੰਮਦ ਮਨਸ਼ਾ ਯਾਦ ਡੰਗਰ ਬੋਲੀ (ਉਰਦੂ ਕਹਾਣੀ) ਬਾਬਾ ਨਜਮੀਂ (ਗ਼ਜ਼ਲ)
- ਲੰਮੀ ਹਿੰਦੀ ਕਵਿਤਾ — ਆਤਮਾ ਰਾਮ (ਆਸ ਦੇ ਪ੍ਰਛਾਵੇਂ)
- ਦਸਤਾਵੇਜ਼ — ਨੋਬਲ ਪੁਰਸਕਾਰ ਵਿਜੇਤਾ ਨਾਟਕਕਾਰ ਹੈਰੋਲਡ ਪਿੰਟਰ ਦਾ ਭਾਸ਼ਣ
- ਪੰਜਾਬੀ ਗ਼ਜ਼ਲਾਂ — ਨਿਰਮਲ ਪ੍ਰਸੰਨ, ਦਾਦਰ ਪੰਡੋਰਵੀ, ਅਮਰਦੀਪ ਗਿੱਲ
- ਪੰਜਾਬੀ ਨਜ਼ਮਾਂ — ਗੁਰਭਜਨ ਗਿੱਲ, ਮਲਵਿੰਦਰ
- ਮੁਲਾਂਕਣ — ਕਾਸ਼ (ਸੁਰਜੀਤ ਗਿੱਲ) ਮਾਇਆ (ਸੂਫ਼ੀ ਅਮਰਜੀਤ)
- ਲੇਖਾ ਜੋਖਾ — ਨਜਮ ਹੁਸੈਨ ਸੱਯਦ ਦਾ ਕਲਾਮ (ਹਰਭਜਨ ਸਿੰਘ ਹੁੰਦਲ)
- ਪੁਸਤਕ ਪੜਚੋਲ — ਲੋਕ ਗੀਤਾਂ ਦੀ ਪੈੜ, ਕਵਿਤਾ ਦੇ ਰੂ-ਬ-ਰੂ (ਡਾ. ਕੁਲਦੀਪ ਸਿੰਘ ਧੀਰ), ਅੰਬਰ ਦਾ ਪ੍ਰਛਾਵਾਂ, ਕਾਇਆ ਦੇ ਹਰਫ਼ (ਹ. ਸ. ਹ.)
- ਚਿਰਾ.ਗ ਦਾ ਵਿਸ਼ੇਸ਼ ਅੰਕ — ਅਖ਼ਲਾਕ ਆਤਿਫ਼ 'ਸਰਗੋਧਾ ਪਾਕਿਸਤਾਨ', ਡਾ. ਆਤਮਜੀਤ ਸਿੰਘ
- ਖ਼ਿਆਲ ਆਪੋ ਆਪਣਾ — ਕਿਰਪਾਲ ਸਿੰਘ ਯੋਗੀ, ਤੇਜਵੰਤ ਮਾਨ, ਰਾਮ ਸਰੂਪ ਅਣਖੀ, ਜੈ ਪਾਲ
- ਪੁਸਤਕ ਪ੍ਰਾਪਤੀ — •••
- ਮੁੱਖ ਚਿੱਤਰ — ਟੀਨਾ ਅਦੋਤੀ ਦੀ ਖਿੱਚੀ ਤਸਵੀਰ


Postal Address:
Harbhajan Singh Hundal,
V.FAtu Chak,
P.O. Dhilwan
Distt. Kapurthala -144804
(Pb.) India
Phone No. 01822-273188

ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | :50 ਰੁ. |
| ਇਕ ਪਰਚਾ | : 15 ਰੁ. |
| ਸੰਸਥਾਵਾਂ (ਵਾਰਸ਼ਿਕ) | : 70 ਰੁ. |
| ਵਿਦੇਸ਼ (ਯੂ.ਕੇ.) | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁ. |

ਨੋਟ- ਸਾਰੇ ਚੈੱਕ ਅਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾ.ਗ ਦੇ ਨਾਂ ਭੇਜੇ ਜਾਣ।

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਡਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼ 274-ਚੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ 31 ਅਪ੍ਰੈਲ 2007

ਸੰਪਾਦਕੀ ਟਿੱਪਣੀਆਂ

## 1. ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪੁਰਸਕਾਰ

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਸਾਹਿਤ ਤੇ ਸਭਿਆਚਾਰ ਦੇ ਵਾਧੇ ਲਈ ਕੰਮ ਕਰਨ ਵਾਲੀ ਸ਼ਾਨਾਮੱਤੀ ਤੇ ਵੱਕਾਰੀ ਸੰਸਥਾ ਹੈ। ਇਸ ਸੰਸਥਾ ਦੀ ਕਾਇਮੀ ਲਈ ਸੰਘਰਸ਼ ਵਾਲੇ ਮਹਾਨ ਵਿਅਕਤੀਆਂ ਦੀ ਘਾਲਣਾ ਅੱਗੇ ਸਿਰ ਨਿੰਵਦਾ ਹੈ। ਇਸ ਸੰਸਥਾ ਨੇ ਕਈ ਪੜਾਵਾਂ ਰਾਹੀਂ ਲੰਘ ਕੇ ਅਜੋਕਾ ਸਰੂਪ ਧਾਰਨ ਕੀਤਾ ਹੈ। ਇਕ ਸਮਾਂ ਸੀ ਕਿ ਇਸ ਸੰਸਥਾ 'ਤੇ ਵੱਡੇ ਧਨਾਢ ਤੇ ਅਫ਼ਸਰਸ਼ਾਹ ਕਾਬਜ਼ ਸਨ। ਕਿਸੇ ਸਧਾਰਨ ਵਿਅਕਤੀ, ਵਿਦਵਾਨ ਤੇ ਲੇਖਕ ਨੂੰ ਇਸਦੇ ਨੇੜੇ ਫਟਕਣ ਦੀ ਜੁਰਅਤ ਨਹੀਂ ਸੀ। ਆਫ਼ਸਰਸ਼ਾਹ ਤੇ ਲੇਖਕ ਹੋਣ ਦੇ ਸ਼ੁਗਲ ਕਰਨ ਵਾਲੇ ਵਿਅਕਤੀ ਆਪਣਾ ਕਬਜ਼ਾ ਪੱਕਾ ਰੱਖਣ ਲਈ ਇਸ ਦੀਆਂ ਅਹੁਦੇਦਾਰੀਆਂ ਆਪਸ ਵਿਚ ਵੰਡ ਲੈਂਦੇ ਸਨ। ਇਹ ਕੁਝ ਲੰਮਾ ਸਮਾਂ ਚੱਲਦਾ ਰਿਹਾ। ਇਸ ਦਾ ਘੇਰਾ ਚੌੜਾ ਕਰਨ ਲਈ ਅਤੇ ਨਵੇਂ ਲੇਖਕਾਂ ਨੂੰ ਚੁਣੇ ਜਾਣ ਲਈ ਰਾਹ ਖੋਲ੍ਹਣ ਦੀ ਮੰਗ ਕੀਤੀ ਜਾਂਦੀ ਰਹੀ। ਹੌਲ਼ੀ-ਹੌਲ਼ੀ ਇਹ ਕੁਝ ਹੋ ਗਿਆ ਤੇ ਨਵੇਂ ਲੇਖਕ ਤੇ ਵਿਦਵਾਨ ਇਸਦੇ ਅਹੁਦੇਦਾਰ ਚੁਣੇ ਜਾਣ ਲੱਗ ਪਏ। ਪਿਛਲੀ ਚੋਣ ਵਿਚ ਨਵੇਂ ਤੇ ਹੋਣਹਾਰ ਲੇਖਕ ਇਸ 'ਤੇ ਕਾਬਜ਼ ਹੋ ਗਏ। ਇਸ ਉੱਤੇ ਪੰਜਾਬੀ ਪਿਆਰਿਆਂ, ਵਿਦਵਾਨਾਂ ਤੇ ਲੇਖਕਾਂ ਨੇ ਖੁਸ਼ੀ ਤੇ ਤਸੱਲੀ ਪ੍ਰਗਟਾਈ। ਸਾਰਿਆਂ ਨੇ ਸਮਝਿਆ ਕਿ ਹੁਣ ਸੰਸਥਾ ਦਾ ਹੋਰ ਵਿਕਾਸ ਹੋਵੇਗਾ। ਸਾਰੇ ਕੰਮਾਂ ਵਿਚ ਦਰੁੱਸਤ ਨਿਰਣੇ ਲਏ ਜਾਣਗੇ ਤੇ ਕਿਸੇ ਨੂੰ ਵੀ ਕਿਸੇ ਵਿਤਕਰੇ ਦੀ ਸ਼ਿਕਾਇਤ ਨਹੀਂ ਹੋਵੇਗੀ।

ਇਸ ਸੰਸਥਾ ਦੀ ਵਡਿਆਈ ਦੇਖ ਕੇ ਬਹੁਤ ਸਾਰੇ ਦੇਸ਼ ਤੇ ਪਰਦੇਸ ਵਿਚ ਵਸਦੇ ਪੰਜਾਬੀ ਪਿਆਰਿਆਂ ਸੰਸਥਾ ਦੀ ਮਾਲੀ ਸਹਾਇਤਾ ਆਰੰਭੀ ਤੇ ਸੰਸਥਾ ਰਾਹੀਂ ਸਾਹਿਤਕਾਰਾਂ ਨੂੰ ਤੇ ਚੰਗੀਆਂ ਕਿਰਤਾਂ ਨੂੰ ਸਨਮਾਨ ਦੇਣ ਦਾ ਕੰਮ ਆਰੰਭ ਕੀਤਾ। ਇਹਨਾਂ ਪੰਜਾਬੀ ਪਿਆਰਿਆਂ ਵਿਚ ਵਿਦੇਸ਼ੀ ਵੱਸਦੇ ਧਾਲੀਵਾਲ ਪਰਿਵਾਰ ਦਾ ਨਾਂ ਹੈ, ਜਿਹੜਾ ਸੰਸਥਾ ਰਾਹੀਂ ਲੱਖਾਂ ਰੁਪਏ ਖਰਚਦਾ ਹੈ ਤੇ ਸੰਸਥਾ ਤੋਂ ਆਸ ਰੱਖਦਾ ਹੈ ਕਿ ਉਹਨਾਂ ਵਲੋਂ ਦਿੱਤੀ ਜਾਂਦੀ ਰਕਮ ਬਿਨਾਂ ਕਿਸੇ ਵਿਤਕਰੇ ਤੇ ਪੱਖਪਾਤ ਤੋਂ ਯੋਗ ਸਾਹਿਤਕਾਰਾਂ ਤੇ ਵਿਦਵਾਨਾਂ ਤੇ ਉਹਨਾਂ ਦੀਆਂ ਉੱਚਤਮ ਕਿਰਤਾਂ ਨੂੰ ਦਿੱਤੀ ਜਾਵੇ। ਪਰੰਤੂ ਇਸ ਵੇਰ ਦੀ ਚੋਣ ਬਾਰੇ ਲੇਖਕਾਂ, ਵਿਦਵਾਨਾਂ ਤੇ ਆਮ ਪੰਜਾਬੀ ਪਿਆਰਿਆਂ ਨੂੰ ਢੇਰ ਸਾਰੇ ਇਤਰਾਜ਼ ਹਨ। ਪਹਿਲਾ ਇਤਰਾਜ਼ ਇਹ ਹੈ ਕਿ ਦਿੱਤੇ ਜਾਣ ਵਾਲੇ ਸੱਤ ਸਨਮਾਨਾਂ ਵਿਚੋਂ ਕੇਵਲ ਇੱਕ ਕਿਰਪਾਲ ਸਿੰਘ ਕਸੇਲ ਤੋਂ ਬਿਨਾਂ ਕੋਈ ਵੀ ਸਨਮਾਨ ਦੇ ਯੋਗ ਨਹੀਂ ਹੈ। ਇਹਨਾਂ ਵਿਚ ਕੋਈ ਵੀ ਉੱਚ ਕੋਟੀ ਦਾ ਕਥਾਕਾਰ, ਨਾਵਲਕਾਰ ਜਾਂ ਨਾਟਕਕਾਰ ਨਹੀਂ ਹੈ। ਕੁਝ ਕਵੀ ਤੇ ਆਲੋਚਕ ਹਨ। ਇਹਨਾਂ ਵਿਚੋਂ ਵੀ ਕਈ ਕਾਫੀ ਸਮੇਂ ਤੋਂ ਕੁਝ ਨਹੀਂ ਲਿਖ ਰਹੇ। ਸਨਮਾਨਾਂ ਦੀ ਵੰਡ ਵਿਚ ਨਿੱਜੀ ਪੱਖਪਾਤ ਦਾ ਦੋਸ਼ ਹੈ। ਸਨਮਾਨ ਦੇਣ ਸਮੇਂ ਨਾਵਾਂ ਵਿਚ ਵੀ ਨਿਯਮਾਂ ਦੀ ਉਲੰਘਣਾ ਕੀਤੀ ਗਈ ਹੈ। ਅਕਾਦਮੀ ਦੀ ਕਾਰਜਕਾਰਨੀ ਦੀ ਇਕ ਬੈਠਕ ਵਿਚ ਫੈਸਲਾ ਕੀਤਾ ਗਿਆ ਕਿ ਸਨਮਾਨਾਂ ਲਈ ਨਾਵਾਂ ਦੀ ਚੋਣ ਇਕ ਕਮੇਟੀ ਰਾਹੀਂ ਕਰਵਾਈ ਜਾਵੇਗੀ। ਕਮੇਟੀ ਦੀ ਸਿਫ਼ਾਰਸ਼ 'ਤੇ ਕਾਰਜਕਾਰਨੀ ਵਿਚਾਰ ਕਰਕੇ ਨਾਵਾਂ ਦੀ ਸਿਫ਼ਾਰਸ਼ ਕਰੇ। ਚੋਣ ਲਈ ਕਮੇਟੀ ਵੀ ਚੁਣੀ ਗਈ ਸੀ, ਪ੍ਰੰਤੂ ਇਸ ਵੇਰ ਫੈਸਲਾ ਐਗਜ਼ੈਕਟਿਵ ਇਕੱਲੀ ਨੇ ਹੀ ਕਰ ਲਿਆ ਹੈ।

ਸਾਡੀ ਰਾਏ ਅਨੁਸਾਰ ਇਹ ਕੁਝ ਹੋਣਾ ਦਰੁੱਸਤ ਨਹੀਂ ਹੈ। ਅਕਾਦਮੀ ਦੇ ਅਹੁਦੇਦਾਰ ਮੰਨੇ ਹੋਏ

ਲੇਖਕ ਤੇ ਵਿਦਵਾਨ ਹਨ। ਸਾਰੇ ਹੀ ਲੋਕਾਂ ਤੇ ਲੇਖਕਾਂ ਵਿਚ ਹਰਮਨ ਪਿਆਰੇ ਹਨ। ਇਸ ਲਈ ਉਹਨਾਂ ਦੀ ਸ਼ੋਹਰਤ 'ਤੇ ਉਂਗਲੀ ਉੱਠਣੀ ਇਕ ਮੰਦਭਾਗੀ ਗੱਲ ਹੈ। ਅਸੀਂ ਸਮਝਦੇ ਹਾਂ ਕਿ ਅਕਾਦਮੀ ਦੇ ਅਹੁਦੇਦਾਰ ਖ਼ਾਸ ਕਰਕੇ ਪ੍ਰਧਾਨ ਇਹਨਾਂ ਸ਼ਿਕਾਇਤਾਂ 'ਤੇ ਵਿਚਾਰ ਕਰਨਗੇ ਤੇ ਲੋੜ ਅਨੁਸਾਰ ਢੁੱਕਵਾਂ ਰੱਦੋ ਬਦਲ ਕਰਨਗੇ।

## 2. ਤੀਜੀ ਵਿਸ਼ਵ ਪੰਜਾਬੀ ਕਾਨਫਰੰਸ

ਵਿਦੇਸ਼ਾਂ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿਚ ਕੀਤੀ ਜਾਂਦੀ ਹਰ ਸਰਗਰਮੀ ਦੀ ਖ਼ਬਰ ਸਾਨੂੰ ਖ਼ੁਸ਼ੀ ਦਿੰਦੀ ਹੈ। ਵਿਦੇਸ਼ਾਂ ਤੋਂ ਆਏ ਲੇਖਕਾਂ ਦੀ ਸੈਮੀਨਾਰਾਂ ਅਤੇ ਰੂ-ਬ-ਰੂ ਸਮਾਗਮਾਂ ਵਿਚ ਸ਼ਮੂਲੀਅਤ ਨੂੰ ਅਸੀਂ ਉਤਸੁਕਤਾ ਨਾਲ ਦੇਖਦੇ ਹਾਂ। ਕਈ ਸ਼ੁਹਰਤ ਦੇ ਭੁੱਖੇ ਲੇਖਕਾਂ ਦੀਆਂ ਖ਼ਬਰਾਂ ਨਾਲ ਜ਼ਾਇਕਾ ਕਿਰਕਿਰਾ ਵੀ ਹੋ ਜਾਂਦਾ ਹੈ।

15 ਤੋਂ 18 ਫਰਵਰੀ 2007 ਨੂੰ ਜਲੰਧਰ, ਦੇਸ਼ ਭਗਤ ਯਾਦਗਾਰ ਹਾਲ ਵਿਚ, "ਤੀਜੀ ਵਿਸ਼ਵ ਪੰਜਾਬੀ ਕਾਨਫਰੰਸ" ਦੀ ਖ਼ਬਰ ਦਾ ਹਰ ਇੱਕ ਨੇ ਸੁਆਗਤ ਕੀਤਾ ਸੀ ਪ੍ਰੰਤੂ ਜਦੋਂ ਇਸ 'ਚ ਮੂਲ ਏਜੰਡੇ ਦਾ ਪਤਾ ਲੱਗਿਆ ਤਾਂ ਹੈਰਾਨੀ ਦੇ ਨਾਲ ਗੰਭੀਰ ਸ਼ੰਕੇ ਵੀ ਪੈਦਾ ਹੋਏ ਕਿ ਇਹ ਕਿਸ ਤਰ੍ਹਾਂ ਦੀ ਵਿਸ਼ਵ ਪੰਜਾਬੀ ਕਾਨਫਰੰਸ ਹੋਣ ਜਾ ਰਹੀ ਹੈ ਜਿਸ ਦਾ ਮੁੱਖ ਏਜੰਡਾ - "ਪੰਜਾਬੀ ਕੌਮ ਦੀ ਉਸਾਰੀ" ਮਿੱਥਿਆ ਗਿਆ ਹੋਇਆ ਹੈ।

ਇਸ ਵਿਚ ਕੋਈ ਭੁਲੇਖਾ ਨਹੀਂ ਹੈ ਕਿ ਸਾਡਾ ਦੇਸ਼ ਬਹੁਕੌਮੀ ਅਤੇ ਬਹੁ ਸੱਭਿਆਚਾਰਕ ਹੈ। ਇਸ ਦਾ ਬਹੁਭਾਸ਼ੀ ਹੋਣਾ ਕੁਦਰਤੀ ਹੈ। ਪੰਜਾਬ ਇਸ ਦਾ ਅਨਿੱਖੜ ਅੰਗ ਹੈ, ਨਿਰਸੰਦੇਹ ਦੇਸ਼ ਦੀ ਵੱਡੀ ਸਰਮਾਏਦਾਰੀ ਦੀ ਅਗਵਾਈ ਵਿਚ, ਸਰਮਾਏਦਾਰ - ਜਾਗੀਰਦਾਰ ਸਰਕਾਰ, ਇਸ ਦੇ ਸਾਰੇ ਰਾਜਾਂ ਦੇ ਵਿਕਾਸ ਦੇ ਪ੍ਰੋਗਰਾਮਾਂ ਨੂੰ, ਪੂੰਜੀਵਾਦੀ ਪ੍ਰਾਥਮਿਕਤਾਵਾਂ ਅਨੁਸਾਰ ਚਲ ਰਹੀ ਹੈ। ਇਹ ਗਰੀਬ ਭਾਰਤ ਨੂੰ ਅਣਡਿੱਠ ਕਰ ਰਹੀ ਹੈ। ਇਸ ਦੇ ਲਈ ਲੋਕ ਜਮਹੂਰੀ ਲੋਕ-ਸ਼ਕਤੀਆਂ ਵਲੋਂ ਸੰਘਰਸ਼ਾਂ ਦੁਆਰਾ, ਲੋਕਾਂ ਦੀ ਰਾਜਨੀਤਿਕ ਚੇਤਨਾ ਵਿਕਸਤ ਕਰਨ ਨਾਲ ਹੀ, ਸਿਸਟਮ ਨੂੰ ਬਦਲਣ ਤੋਂ ਬਿਨਾਂ ਕੋਈ ਵਿਚਲਾ ਰਾਹ ਨਹੀਂ ਹੈ।

ਸਾਡੇ ਦੇਸ਼ਭਗਤਾਂ, ਗ਼ਦਰੀ ਬਾਬਿਆਂ, ਸ਼ਹੀਦਾਂ ਅਤੇ ਹੋਰਨਾਂ ਲੱਖਾਂ ਲੋਕਾਂ ਦੀਆਂ ਕੁਰਬਾਨੀਆਂ ਦੇਸ਼ ਵਿਚ ਨਿਆਂ ਪੂਰਵ ਸਮਾਜੀ ਪ੍ਰਬੰਧ ਸਥਾਪਤ ਕਰਨ ਲਈ ਕੀਤੀਆਂ ਗਈਆਂ ਸਨ ਜੋ ਕਿ ਦੇਸ਼ ਦੀ ਏਕਤਾ ਨੂੰ ਬਿਨਾਂ ਕਿਸੇ ਆਂਚ ਆਏ ਤੋਂ ਪ੍ਰਾਪਤ ਕਰਨਾ ਚਾਹੁੰਦੇ ਸਨ। ਦੇਸ਼ ਦੀ ਵੰਡ ਉਹਨਾਂ ਦੀ ਕਲਪਨਾ ਵਿਚ ਵੀ ਨਹੀਂ ਸੀ। ਹੁਣ ਇਹ 'ਖ਼ੁਦਮੁਖਤਿਆਰ ਆਜ਼ਾਦ ਪੰਜਾਬ' ਦੀ ਸਥਾਪਤੀ 'ਪੰਜਾਬੀ ਕੌਮ ਦੀ ਉਸਾਰੀ ਦੇ ਏਜੰਡੇ' ਵਜੋਂ ਮਿੱਥ ਕੇ ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਦੇ ਪ੍ਰਬੰਧਕਾਂ ਨੇ ਸਾਡੇ ਦੇਸ਼ ਭਗਤਾਂ ਅਤੇ ਸ਼ਹੀਦਾਂ ਦੇ ਸੁਪਨਿਆਂ ਨੂੰ ਲੀਰ-ਲੀਰ ਕਰਨ ਦਾ ਨਿਖੇਧੀਜਨਕ ਯਤਨ ਕੀਤਾ ਹੈ। ਫਿਰ ਸ਼ਹੀਦ ਭਗਤ ਸਿੰਘ ਦੇ 76ਵੇਂ ਸ਼ਹੀਦੀ ਦਿਨ ਤੋਂ ਪੰਜ ਹਫਤੇ ਪਹਿਲਾਂ ਅਤੇ ਉਹਨਾਂ ਦੀ ਜਨਮ ਸ਼ਤਾਬਦੀ ਦੇ ਦੌਰਾਨ ਇਸ ਕਾਨਫਰੰਸ ਨੂੰ ਆਯੋਜਿਤ ਕਰਕੇ ਕੀ ਸੋਚਿਆ ਹੈ?

ਕਾਨਫਰੰਸ ਦੇ ਉਦਘਾਟਨੀ ਭਾਸ਼ਣ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ ਨੇ ਕਾਨਫਰੰਸ ਦੇ ਪ੍ਰਬੰਧਕਾਂ ਦੇ ਏਜੰਡੇ ਨੂੰ ਗੁੱਸੇ ਭਰੇ ਤਲਖ਼ ਸਵਾਲਾਂ ਵਿਚ ਰੱਦ ਕਰਕੇ, ਸਾਨੂੰ ਸਹੀ ਸੇਧ ਦਿੱਤੀ ਸੀ। ਉਹਨਾਂ ਦੇ ਇਹ ਸ਼ਬਦ ਸਮੁੱਚੇ ਸੁਤੰਤਰਤਾ ਸੰਗਰਾਮ ਦੇ ਦੇਸ਼ ਭਗਤਾਂ ਅਤੇ ਸ਼ਹੀਦਾਂ ਦੀ ਆਵਾਜ਼ ਹੀ ਸੀ। ਉਸ ਦਾ ਅਸੀਂ ਪੂਰਾ ਸਮਰਥਨ ਕਰਦੇ ਹਾਂ ਕਿਉਂਕਿ ਉਹ



ਪੂਰੀ ਤਰ੍ਹਾਂ ਦਰੁਸਤ ਸਨ। ਉਹਨਾਂ 'ਪੰਜਾਬੀ ਕੌਮ ਦੀ ਉਸਾਰੀ' ਅਤੇ 'ਪੰਜਾਬੀ ਕੌਮ ਦੇ ਦਰਸ਼ਨ' ਪਿੱਛੇ ਖ਼ਤਰਨਾਕ ਮਨਸੂਬਿਆਂ ਨੂੰ ਭਾਂਪ ਲਿਆ ਸੀ। ਬਾਬਾ ਬਿਲਗਾ ਦੇ ਖ਼ਦਸ਼ੇ ਨਿਰਸੰਦੇਹ ਸਹੀ ਹਨ।

ਕਾਨਫਰੰਸ ਦੇ ਚਾਰ ਦਿਨਾਂ ਸਮਾਗਮਾਂ ਵਿਚ ਤਿੰਨੇ ਉੱਤਰੀ ਅਮਰੀਕਾ ਤੋਂ ਆਏ ਪ੍ਰਬੰਧਕਾਂ ਤੋਂ ਬਿਨਾਂ ਤੇ ਉਹਨਾਂ ਦੇ ਦੋ ਕੁ ਬਹੁਤੇ ਨੇੜੇ ਦੇ ਸਹਿਯੋਗੀਆਂ ਤੋਂ ਬਿਨਾਂ, ਸਭ ਨੇ ਹੀ ਇਸ ਖ਼ਤਰਨਾਕ ਏਜੰਡੇ ਨੂੰ ਅਣਡਿੱਠ ਕਰਕੇ ਰੱਦ ਕੀਤਾ ਹੈ। ਕੁਝ ਦਰਸ਼ਕਾਂ ਨੇ ਸਵਾਲਾਂ ਦੇ ਰੂਪ ਵਿਚ ਜਾਨਦਾਰ ਕਿੰਤੂ ਵੀ ਕੀਤੇ। ਪ੍ਰਬੰਧਕਾਂ ਨੇ ਕੋਈ ਤਸੱਲੀ ਬਖ਼ਸ਼ ਉੱਤਰ ਨਹੀਂ ਦਿੱਤਾ। ਉਹਨਾਂ ਕੇਵਲ ਰਸਮ ਹੀ ਪੂਰੀ ਕੀਤੀ।

1947 ਦੀ ਵੰਡ ਅਤੇ ਪੰਜਾਬ ਵਿਚ ਅੱਤਵਾਦ ਦੇ ਖ਼ੂਨੀ ਬਾਰ੍ਹਾਂ ਵਰ੍ਹਿਆਂ ਦਾ ਸੇਕ ਹਰ ਇੱਕ ਨੂੰ ਲੱਗਾ ਹੈ। ਇਹ ਭਾਵੇਂ ਪਰਿਵਾਰਕ ਰੂਪ ਵਿਚ ਨਿਜੀ ਸੀ ਭਾਵੇਂ ਇਹ ਲਗਾਤਾਰ ਮੌਤ ਤੇ ਦਹਿਸ਼ਤ ਦੇ ਭੈਅ ਦੇ ਪਰੇਤ ਸਾਏ ਦੇ ਰੂਪ ਵਿਚ ਸੀ। ਪੰਜਾਬ ਮੁੜ ਕਿਸੇ ਲੁਭਾਉਣੇ ਸੁਪਨੇ ਵਿਚ ਫਸਣ ਨੂੰ ਰੱਦ ਕਰਨ ਲਈ, ਕਦੇ ਦੋਬਾਰਾ ਨਹੀਂ ਸੋਚੇਗਾ।

ਉੱਤਰੀ ਅਮਰੀਕਾ ਤੋਂ ਆਏ, ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਦੇ ਪ੍ਰਬੰਧਕਾਂ ਦੇ ਏਜੰਡੇ ਤੇ ਪਿਛਵਾੜੇ ਸਾਮਰਾਜੀ ਘੁਣਤਰੀ ਸਾਜ਼ਸ਼ ਭਾਵੇਂ ਸਪੱਸ਼ਟ ਦੇਖਣ ਲਈ, ਇਸ ਦੇ ਏਜੰਡੇ ਤੋਂ ਬਿਨਾਂ ਕੋਈ ਸਬੂਤ ਨਹੀਂ ਹੈ ਪਰੰਤੂ ਜਿਹੜੇ ਢੰਗ ਨਾਲ ਸਾਮਰਾਜੀਆਂ ਨੇ ਯੂਗੋਸਲਾਵੀਆਂ ਦੇ ਟੁਕੜੇ ਕਰਕੇ ਚੀਰ-ਫਾੜ ਸੁੱਟਿਆ ਹੈ ਉਸ ਤੋਂ ਅੰਦਾਜ਼ਾ ਲਾਉਣਾ ਔਖਾ ਨਹੀਂ ਹੈ।

ਜੇਕਰ ਇਹ ਕਾਨਫਰੰਸ ਲੱਖਾਂ ਰੁਪਏ ਲਾ ਕੇ 'ਪੰਜਾਬੀ ਕੌਮ ਦੀ ਉਸਾਰੀ' ਦੇ ਲਈ ਕਰਨ ਦੀ ਥਾਵੇਂ ਕੇਵਲ ਪੰਜਾਬੀ, ਭਾਸ਼ਾ, ਸਾਹਿਤ, ਸੱਭਿਆਚਾਰ ਸੰਬੰਧੀ ਹੀ ਕੀਤੀ ਜਾਂਦੀ ਤਾਂ ਇਸ ਦੀ ਸਫਲਤਾ ਨਿਰਸੰਦੇਹ ਹੋਣੀ ਸੀ। ਹੁਣ ਇਹਨਾਂ ਦੇ 'ਖ਼ੁਦਮੁਖਤਿਆਰ ਅਤੇ ਆਜ਼ਾਦ ਪੰਜਾਬ' ਦਾ ਏਜੰਡਾ, ਬਾਕੀ ਸਾਹਿਤਕ ਤੇ ਸੱਭਿਆਚਾਰਕ ਪਰਚਿਆਂ ਨੂੰ ਵੀ ਨਾਲ ਹੀ ਲੈ ਬੈਠਾ ਹੈ।

ਸਾਨੂੰ ਅਫ਼ਸੋਸ ਹੈ ਕੇ ਇਹ ਕਾਨਫਰੰਸ ਕਿਸੇ ਪ੍ਰਾਪਤੀ ਤੋਂ ਬਿਨਾਂ ਸਮਾਪਤ ਹੋਈ ਹੈ। ਹਾਂ ਇੱਕ ਸੰਕੇਤ ਇਸ ਦੇ ਅੰਤ ਉੱਪਰ ਪਾਸ ਕੀਤੇ ਮਤਿਆਂ ਤੋਂ ਇਹ ਮਿਲਦਾ ਹੈ, ਕਿ ਉਹਨਾਂ ਵਿਚ 'ਖ਼ੁਦਮੁਖਤਿਆਰ ਅਤੇ ਆਜ਼ਾਦ' ਪੰਜਾਬੀ ਕੌਮ ਦੀ ਸਥਾਪਤੀ ਦਾ ਮਤਾ ਨਹੀਂ ਸੀ। ਸ਼ਾਇਦ ਪ੍ਰਬੰਧਕਾਂ ਨੇ ਕਾਨਫਰੰਸ ਵਿਚ ਸ਼ਾਮਲ ਦਰਸ਼ਕਾਂ ਅਤੇ ਵਿਸ਼ੇਸ਼ ਕਰਕੇ ਬਾਬਾ ਬਿਲਗਾ ਦਾ ਸੁਨੇਹਾ ਪ੍ਰਾਪਤ ਕਰ ਲਿਆ ਹੈ। ਜੇਕਰ ਅਜਿਹਾ ਹੋਵੇ ਤਾਂ ਚੰਗੀ ਗੱਲ ਹੈ ਪ੍ਰੰਤੂ ਇਸ ਦਾ ਪਤਾ ਪ੍ਰਬੰਧਕਾਂ ਵਲੋਂ ਵੈਨਕੂਵਰ, ਕਨੈਡਾ ਵਿਚ ਕੀਤੀ ਜਾਣ ਵਾਲੀ ਚੌਥੀ ਵਿਸ਼ਵ ਪੰਜਾਬੀ ਕਾਨਫਰੰਸ ਦੇ ਏਜੰਡੇ ਤੋਂ ਪਤਾ ਲੱਗੇਗਾ ਕਿ ਉਹਨਾਂ ਸਹੀ ਰਾਹ ਅਖ਼ਤਿਆਰ ਕਰ ਲਿਆ ਹੈ ਜਾਂ 'ਪੰਜਾਬੀ ਕੌਮ ਦੀ ਉਸਾਰੀ' ਦੇ ਏਜੰਡੇ ਨੂੰ ਉਸ ਰੂਪ ਵਿਚ ਜਾਂ ਬਦਲਵੇਂ ਲੁਪਤ ਸ਼ਬਦਾਂ ਵਿਚ ਪੇਸ਼ ਕਰਨ ਦਾ ਰੁਖ ਅਖ਼ਤਿਆਰ ਕਰਨਾ ਹੈ।

ਸਾਡਾ ਇਹ ਵਿਸ਼ਵਾਸ ਹੈ ਕਿ ਸਾਡੇ ਸਾਹਿਤਕ ਅਤੇ ਸੱਭਿਆਚਾਰਕ ਸੰਗਠਨਾਂ ਨੂੰ ਮਿਹਨਤਕਸ਼ ਲੋਕਾਂ ਦੇ ਹਿੱਤ ਨੂੰ ਦ੍ਰਿਸ਼ਟੀ ਵਿਚ ਰੱਖਣਾ ਭੁੱਲਣਾ ਨਹੀਂ ਚਾਹੀਦਾ। ਉਹਨਾਂ ਦੀ ਏਕਤਾ ਦੀ ਅੱਖ ਦੀ ਪੁਤਲੀ ਵਾਂਗ ਰਾਖੀ ਕਰਨੀ ਚਾਹੀਦੀ ਹੈ। ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਜਲੰਧਰ ਦੇ ਪ੍ਰਬੰਧਕ ਭਾਵੇਂ ਕੋਈ ਵੀ ਵਿਆਖਿਆ ਕਰਨ, ਉਹਨਾਂ ਦਾ ਏਜੰਡਾ ਫੁੱਟ ਪਾਊ, ਵੱਖਵਾਦੀ, ਲੋਕ ਵਿਰੋਧੀ ਸ਼ਕਤੀਆਂ ਅਤੇ ਸਾਮਰਾਜ ਦੇ ਪੂਰਾ ਅਨੁਕੂਲ ਹੈ। ਇਹੋ ਉਹਨਾਂ ਦੇ ਇਰਾਦਿਆਂ ਉੱਪਰ ਕਿੰਤੂ ਕਰਨ ਲਈ ਸਾਨੂੰ ਮਜਬੂਰ ਕਰਦਾ ਹੈ।

## 3. ਪੰਜਾਬੀ ਵਿਰੋਧੀ ਫ਼ਿਰਕੂ ਸੋਚਣੀ

ਹੁਣੇ ਜਿਹੇ ਹੋ ਕੇ ਹਟੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਫ਼ਿਰਕੂ ਤੇ ਹਿੰਦੂ ਸ਼ਾਵਨਵਾਦੀ ਪਾਰਟੀ ਭਾਰਤੀ ਜਨਤਾ ਪਾਰਟੀ 19 ਸੀਟਾਂ ਜਿੱਤ ਗਈ ਹੈ। ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਬੋਲੀ ਦੀ ਮੁਦੱਈ ਕਹਾਉਣ ਵਾਲੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਜਗੀਰੂ ਲੀਡਰਸ਼ਿਪ ਨੇ ਪੰਜਾਬ ਤੇ ਪੰਜਾਬੀਅਤ ਦੀ ਬੱਲੀ ਦੇ ਕੇ ਕੇਵਲ ਗੱਦੀ ਦੀ ਪ੍ਰਾਪਤੀ ਤੇ ਨਿਰੋਲ ਜ਼ਾਤੀ ਹਿੱਤਾਂ ਨੂੰ ਮੁੱਖ ਰੱਖ ਕੇ ਇਸ ਫ਼ਿਰਕੂ ਪਾਰਟੀ ਨਾਲ ਗਠਜੋੜ ਕੀਤਾ ਸੀ। ਚੋਣਾਂ ਉਪਰੰਤ ਲਾਜ਼ਮੀ ਸੀ ਕਿ ਭਾਰਤੀ ਜਨਤਾ ਪਾਰਟੀ ਸਰਕਾਰ ਵਿਚ ਆਪਣਾ ਹਿੱਸਾ ਮੰਗਦੀ। ਇਸ ਤਰ੍ਹਾਂ ਵਜ਼ਾਰਤ ਬਣਾਉਣ ਸਮੇਂ ਪੰਜ ਕੈਬਨਿਟ ਮੰਤਰੀਆਂ ਦੀਆਂ ਕੁਰਸੀਆਂ ਉਹਦੇ ਹਿੱਸੇ ਆਈਆਂ। ਇਹਨਾਂ ਵਿਚ ਰਾਸ਼ਟਰੀ ਸਵੈ-ਸੇਵਕ ਸੰਘ ਦੀ ਸਰਗਰਮ ਤੇ ਹਾਲਡਕੋਰ ਆਗੂ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਵੀ ਸ਼ਾਮਲ ਹੈ। ਸ਼੍ਰੀਮਤੀ ਚਾਵਲਾ ਪਹਿਲਾਂ ਵੀ ਵਿਧਾਇਕ ਰਹਿ ਚੁੱਕੀ ਹੈ। ਉਹਨੇ ਆਪਣੇ ਫ਼ਿਰਕੂ ਵਿਚਾਰ ਪਹਿਲਾਂ ਵੀ ਕਦੇ ਲੁਕੋ ਕੇ ਨਹੀਂ ਰੱਖੇ ਸਨ। ਉਹਨੂੰ ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿਪ ਦੇ ਨਰਮ ਵਿਚਾਰ ਚੰਗੇ ਨਹੀਂ ਲੱਗੇ ਸਨ। ਉਹਨਾਂ ਦਾ ਖੁੱਲ ਕੇ ਵਿਰੋਧ ਕਰਦੀ ਰਹੀ ਹੈ। ਅੱਤਵਾਦ ਵਿਰੁੱਧ ਲੜਨ ਦੇ ਪਰਦੇ ਹੇਠ ਉਹ ਘੱਟ ਗਿਣਤੀ ਫਿਰਕਿਆਂ ਵਿਰੁੱਧ ਜ਼ਹਿਰ ਉਗਲਦੀ ਰਹੀ। ਚੋਣਾਂ ਵਿਚ ਉਹ ਲੋਕਾਂ ਦੀ ਬੋਲੀ, ਪੰਜਾਬੀ ਵਿਚ ਵੋਟਾਂ ਮੰਗ ਕੇ ਸਫ਼ਲ ਹੋਈ ਹੈ। ਉਹ ਬਹੁਤ ਵਧੀਆ ਪੰਜਾਬੀ ਬੋਲਦੀ ਹੈ। ਪਰੰਤੂ ਜਿੱਤਣ ਤੇ ਕੁਰਸੀ ਮਿਲਣ ਸਾਰ ਉਹਨੂੰ ਆਪਣੀ ਸੰਘੀ ਵਿਚਾਰਧਾਰਾ ਯਾਦ ਆ ਗਈ ਅਤੇ ਇਸਦਾ ਪ੍ਰਗਟਾਵਾ ਪਹਿਲਾਂ ਮੈਂਬਰੀ ਲਈ ਸੰਵਿਧਾਨ ਦੀ ਸਹੁੰ ਚੁੱਕਣ ਸਮੇਂ ਹਿੰਦੀ ਵਿਚ ਸਹੁੰ ਚੁੱਕ ਕੇ ਤੇ ਪਿੱਛੋਂ ਵਜ਼ੀਰੀ ਦੀ ਕੁਰਸੀ ਪ੍ਰਾਪਤ ਕਰਨ ਸਮੇਂ ਸੰਸਕ੍ਰਿਤ ਵਿਚ ਸਹੁੰ ਚੁੱਕ ਕੇ ਕੀਤਾ ਹੈ। ਸ਼੍ਰੀਮਤੀ ਚਾਵਲਾ ਨੇ ਇਹ ਕੁਝ ਅਚੇਤ ਤੌਰ ਤੇ ਨਹੀਂ ਕੀਤਾ ਬਲਕਿ ਗਿਣ ਮਿੱਥ ਕੇ ਤੇ ਸੋਚ ਸਮਝ ਕੇ ਕੀਤਾ ਹੈ। ਸ਼੍ਰੀਮਤੀ ਕਾਂਤਾ ਦਾ ਇਹ ਕਦਮ ਉਸੇ ਫ਼ਿਰਕੂ ਜ਼ਹਿਨੀਅਤ ਦਾ ਪ੍ਰਗਟਾਵਾ ਹੈ, ਜਿਸਨੇ ਕਦੇ ਵੀ ਪੰਜਾਬੀ ਨੂੰ ਆਪਣੀ ਬੋਲੀ ਸਵੀਕਾਰ ਨਹੀਂ ਕੀਤਾ ਅਤੇ ਜ਼ੁਬਾਨ ਦੇ ਸਵਾਲ ਤੇ ਪੰਜਾਬੀਆਂ 'ਚ ਏਕੇ ਨੂੰ ਤੋੜ ਕੇ ਪੰਜਾਬੀਆਂ ਨੂੰ ਇੱਕ ਕੌਮੀਅਤ ਨਹੀਂ ਬਣਨ ਦਿੱਤਾ। ਜਿਸ ਜ਼ਹਿਨੀਅਤ ਕਾਰਨ ਪੰਜਾਬੀ ਬੋਲੀ ਕਦੇ ਵੀ ਆਪਣਾ ਢੁੱਕਵਾਂ ਸਥਾਨ ਪ੍ਰਾਪਤ ਨਹੀਂ ਕਰ ਸਕੀ। ਇਸੇ ਫ਼ਿਰਕੂ ਜ਼ਹਿਨੀਅਤ ਦੇ ਸਿਰ ਤੇ ਭਾਰਤੀ ਜਨਤਾ ਪਾਰਟੀ ਪਹਿਲੀ ਵਾਰ ਪੰਜਾਬ ਅੰਦਰ 19 ਸੀਟਾਂ ਜਿੱਤੀ ਹੈ ਕਿ ਭਵਿੱਖ ਵਿਚ ਉਹ ਤੇ ਉਹਦੀ ਪਾਰਟੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਵਿਕਾਸ ਵਿਚ ਕਿਹੜਾ ਰੁਖ ਅਪਣਾਵੇ ਗੀ। ਪੰਜਾਬ ਦੇ ਫ਼ਿਰਕੂ ਲੋਕਾਂ ਨੇ ਜਿਹੜਾ ਰੁਖ਼ ਆਪਣੀ ਮਾਂ ਬੋਲੀ ਵੱਲ ਅਪਣਾਇਆ ਹੈ। ਇਸਦੀ ਮਿਸਾਲ ਸੰਸਾਰ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ। ਇਸਦੇ ਉਲਟ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕੌਮਾਂ ਤੇ ਕੌਮੀਅਤ ਨੇ ਆਪਣੀ ਮਾਂ ਬੋਲੀ ਦੀ ਰਾਖੀ ਲਈ ਮਜ਼੍ਹਬ ਤੇ ਨਸਲੀ ਵਿਤਕਰੇ ਭੁੱਲ ਕੇ ਸੰਘਰਸ਼ ਕੀਤਾ ਹੈ। ਬੋਲੀ ਦੇ ਆਧਾਰ ਤੇ ਬੰਗਲਾਦੇਸ਼ ਦਾ ਪਾਕਿਸਤਾਨ ਨਾਲੋਂ ਅੱਡ ਹੋਣਾ ਸਭ ਤੋਂ ਤਾਜ਼ਾ ਮਿਸਾਲ ਹੈ।

ਅਸੀਂ ਸ਼੍ਰੀਮਤੀ ਚਾਵਲਾ ਦੇ ਇਸ ਕਦਮ ਨੂੰ ਸਰਸਰੀ ਨਹੀਂ ਲੈ ਸਕਦੇ। ਇਸਦੇ ਕਿਸੇ ਸਮੇਂ ਵੀ ਗੰਭੀਰ ਤੇ ਦੂਰ ਰਸ ਸਿੱਟੇ ਨਿਕਲ ਸਕਦੇ ਹਨ। ਪੰਜਾਬ ਦੇ ਲੋਕਾਂ ਦੇ ਵਿਕਾਸ ਤੇ ਰਾਂਗਲ ਭਵਿੱਖ ਲਈ ਜ਼ਰੂਰੀ ਹੈ ਕਿ ਪੰਜਾਬ ਦੀਆਂ ਜਮਹੂਰੀ ਤੇ ਅੱਗੇ ਵਧੂ ਸ਼ਕਤੀਆਂ ਇੱਕ ਮੁੱਠ ਹੋਣ ਤੇ ਆਪਣੇ ਸਾਰੇ ਵਿਤਕਰੇ ਭੁੱਲ ਕੇ ਇਕ ਦ੍ਰਿੜ ਸੰਘਰਸ਼ ਕਰਨ। ਇਸ ਲਈ ਕਿਸੇ ਵੀ ਫੁੱਟ ਪਾਊ ਚਿੰਗਾਰੀ ਨੂੰ ਭਾਂਬੜ ਬਣਨ ਤੋਂ ਪਹਿਲਾਂ ਹੀ ਏਕੇ ਦੇ ਪੈਰਾਂ ਥੱਲੇ ਦਰੜ ਦੇਣਾ ਚਾਹੀਦਾ ਹੈ।

ਸੰਪਾਦਕੀ ਮੰਡਲ



ਤਿੰਨ ਕਵਿਤਾਵਾਂ

## ਇਸ ਵਾਰ ਦਾ ਵਿਸ਼ੇਸ਼ ਕਵੀ / ਸੁਖਿੰਦਰ

1.

ਤੁਸੀਂ, ਕੱਢ ਦਿਓ ਬੇਸ਼ੱਕ
ਕਿਤਾਬਾਂ ਦੇ ਪੰਨਿਆਂ 'ਚੋਂ
ਸਾਡੀਆਂ ਸਭ ਨਜ਼ਮਾਂ

ਫੂਕ ਸੁੱਟੋ
ਪੁਸਤਕਾਲਿਆਂ ਦੀਆਂ ਸ਼ੈਲਫ਼ਾਂ 'ਚ
ਸਜੀਆਂ ਸਾਡੀਆਂ ਸਭ
ਪੁਸਤਕਾਂ ਭਾਵੇਂ

ਮਹਿਜ਼, ਕਿਤਾਬੀ ਪੰਨਿਆਂ 'ਚ
ਸਿਮਟੇ ਰਹਿਣ ਲਈ ਹੀ
ਅਸੀਂ, ਹਰਗਿਜ਼ ਨਹੀਂ ਲਿਖਦੇ।

ਸੂਰਜ ਦੀ ਧੁੱਪ ਵਾਂਗੂੰ
ਸਾਡੇ ਇਨ੍ਹਾਂ ਸ਼ਬਦਾਂ ਨੇ ਚੌਗਿਰਦੇ 'ਚ
ਫੈਲ ਜਾਣਾ, ਤੁਹਾਡੇ ਰੋਕਿਆਂ ਵੀ
ਇਨ੍ਹਾਂ ਨੇ ਤੁਹਾਡੇ ਸਾਹਾਂ 'ਚ ਰਲ ਜਾਣਾ
ਇਨ੍ਹਾਂ ਕਵਿਤਾਵਾਂ ਦੇ ਇੱਕ ਇੱਕ ਬੋਲ ਨੇ
ਤੁਹਾਡੀ ਚੇਤਨਾ ਦੇ ਬੁਝੇ ਹੋਏ
ਦੀਵੇ ਜਗਾਉਣੇ ਨੇ-

ਇਨ੍ਹਾਂ ਕਵਿਤਾਵਾਂ ਦੇ ਸ਼ਬਦਾਂ ਨੇ
ਤੁਹਾਥੋਂ ਹੀ ਪੁੱਛਣਾ ਹੈ
ਅਮਰੀਕਾ ਦੇ ਪ੍ਰਧਾਨ ਜਾਰਜ ਬੁੱਸ਼ ਨੂੰ
ਕਿਸ ਨੇ ਹੱਕ ਦਿੱਤਾ ਸੀ ਕਿ
ਉਹ, ਆਪਣੀ ਗੁੰਡਾਗਰਦੀ ਦੀ
ਧੌਂਸ ਦਿਖਾਉਣ ਦਾ ਮਾਰਾ
ਆਦਮ ਬੋ, ਆਦਮ ਬੋ ਕਰਦਾ ਹੋਇਆ
ਇਰਾਕ ਦੇ ਮਾਸੂਮ ਲੋਕਾਂ ਦੇ
ਘਰਾਂ, ਸਕੂਲਾਂ, ਹਸਪਤਾਲਾਂ,
ਵਿਸ਼ਵ-ਵਿਦਿਆਲਿਆਂ ਨੂੰ
ਹਜ਼ਾਰਾਂ ਬੰਬਾਂ ਦੀ ਵਰਖਾ ਕਰਕੇ
ਮਿੱਟੀ ਦੇ ਢੇਰ ਕਰ ਦੇਵੇ?

ਇਨ੍ਹਾਂ ਕਵਿਤਾਵਾਂ ਦੇ ਸ਼ਬਦਾਂ ਨੇ
ਤੁਹਾਥੋਂ ਹੀ ਪੁੱਛਣਾ ਹੈ
ਮੰਦਿਰਾਂ, ਮਸਜਿਦਾਂ,
ਗਿਰਜਿਆਂ, ਗੁਰਦੁਆਰਿਆਂ 'ਚ
ਸੱਪਾਂ, ਮਗਰਮੱਛਾਂ, ਬਘਿਆੜਾਂ
ਵਾਂਗੂੰ ਲੁਕੇ ਬੈਠੇ
ਸੰਤਾਂ, ਮਹੰਤਾਂ, ਭਾਈਆਂ,
ਪੰਡਤਾਂ, ਮੁੱਲਾਂ, ਪਾਦਰੀਆਂ ਵਲੋਂ
ਨਿਤ ਮਾਸੂਮ ਔਰਤਾਂ,
ਬੱਚਿਆਂ ਦੇ ਹੋ ਰਹੇ ਬਲਾਤਕਾਰਾਂ ਨੂੰ
ਤੁਸੀਂ ਕਿੰਝ ਸਹਿਣ ਕਰਦੇ ਹੋ?

ਇਨ੍ਹਾਂ ਕਵਿਤਾਵਾਂ ਦੇ ਸ਼ਬਦਾਂ ਨੇ
ਤੁਹਾਥੋਂ ਹੀ ਪੁੱਛਣਾ ਹੈ
ਹਜ਼ਾਰਾਂ ਸਾਲ ਪੁਰਾਣੀ
ਸੱਭਿਅਤਾ ਦੇ ਗੌਰਵ ਦਾ ਝੰਡਾ
ਆਪਣੇ ਮੋਢਿਆਂ 'ਤੇ
ਚੁੱਕੀ ਫਿਰਦੇ ਭਾਰਤੀ ਲੋਕੋ
ਤੁਸੀਂ ਕੈਨੇਡਾ, ਅਮਰੀਕਾ,
ਇੰਗਲੈਂਡ, ਹਾਲੈਂਡ
ਚਾਹੇ, ਕਿਸੀ ਵੀ ਦੇਸ਼ ਵਿਚ ਵੱਸੋ
ਪਰ ਤੁਹਾਡੀ ਚੇਤਨਾ ਨੂੰ ਖਾ ਰਿਹਾ
ਆਪਸੀ ਨਫ਼ਰਤ ਦਾ ਧਰਮੀ ਕੀੜਾ
ਕਿਉਂ ਨਹੀਂ ਮਰਦਾ?

ਇਨ੍ਹਾਂ ਕਵਿਤਾਵਾਂ ਦੇ ਸ਼ਬਦਾਂ ਨੇ
ਤੁਹਾਥੋਂ ਹੀ ਪੁੱਛਣਾ ਹੈ
ਚੰਨ ਅਤੇ ਮੰਗਲ ਗ੍ਰਹਿ ਉੱਤੇ
ਪਹੁੰਚਣ ਦਾ ਦਾਅਵਾ ਕਰਨ ਵਾਲੇ
ਦੇਸ਼ਾਂ ਦੇ ਨੇਤਾਓ
ਗਿਆਨ-ਵਿਗਿਆਨ ਦੀ ਚੇਤਨਾ ਦੇ
ਅਜਿਹੇ ਯੁਗ ਅੰਦਰ ਵੀ
ਡੈਮੋਕਰੇਸੀ ਦਾ ਥੰਮ ਬਨਣ ਵਾਲੇ
ਕਿਸੇ ਵੋਟਰ ਦੀ ਕੀਮਤ

ਦੇਸੀ ਸ਼ਰਾਬ ਦੀ ਇੱਕ ਬੋਤਲ
ਅਜੇ ਵੀ ਕਿਉਂ ਹੈ ਬਣ ਕੇ ਰਹਿ ਜਾਂਦੀ?

ਇਨ੍ਹਾਂ ਕਵਿਤਾਵਾਂ ਦੇ ਸ਼ਬਦਾਂ ਨੇ
ਤੁਹਾਥੋਂ ਹੀ ਪੁੱਛਣਾ ਹੈ
ਇੰਟਰਨੈੱਟ ਅਤੇ
ਨਵ-ਤਕਨਾਲੋਜੀ ਦੀ ਮਿਹਰ ਸਦਕਾ
ਅਖ਼ਬਾਰਾਂ, ਮੈਗਜ਼ੀਨਾਂ ਦੇ ਮੁੱਖ ਪੰਨਿਆਂ
ਟੈਲੀਵਿਜ਼ਨ ਸਕਰੀਨਾਂ ਉੱਤੇ ਦਿਨ ਭਰ
'ਵਿਸ਼ਵ ਇੱਕ ਗਲੋਬਲ ਪਿੰਡ' ਦਾ
ਮੋਹ ਭਰਿਆ ਨਾਅਰਾ ਦੇਣ ਵਾਲੇ
ਦਰਸ਼ਨੀ ਚਿਹਰੇ, ਸ਼ਾਮ ਪੈਂਦਿਆਂ ਹੀ
ਤੁਹਾਡੇ ਘਰਾਂ ਨੂੰ, ਰੰਡੀਆਂ ਦੇ
ਕੋਠਿਆਂ ਵਿਚ ਬਦਲਣ ਲਈ
ਕਿਉਂ ਯਤਨਸ਼ੀਲ ਹੁੰਦੇ ਹਨ?

ਮੇਰੇ ਯਾਰੋ! ਮੇਰੇ ਹਮਸਫਰੋ!
ਮੇਰੇ ਹਮਜੋਲੀਓ!!!
ਮੇਰੇ ਇਨ੍ਹਾਂ ਸ਼ਬਦਾਂ ਨੂੰ ਪੜ੍ਹ ਕੇ
ਜੇਕਰ ਤੁਹਾਡੇ ਖ਼ੂਨ ਵਿਚ
ਹਰਕਤ ਹੋਣ ਲੱਗੇ
ਤੁਹਾਡੀ ਚੇਤਨਾ ਦੇ ਬੁਝੇ ਹੋਏ ਦੀਵੇ
ਮੁੜ ਜਗਮਗਾ ਉੱਠਨ
ਜ਼ਿੰਦਗੀ 'ਚ ਆਏ ਬੇਰਹਿਮ
ਤੂਫ਼ਾਨਾਂ ਸੰਗ ਭਿੜਦਿਆਂ ਹੋਇਆਂ
ਵਰ੍ਹਿਆਂ ਦੀ ਧੂੜ ਥੱਲੇ, ਤੁਹਾਡੇ
ਅਜੇ ਵੀ ਸਿਸਕਦੇ ਸੁਪਨੇ
ਤੁਹਾਡੀਆਂ ਅੱਖਾਂ 'ਚ ਮੁੜ ਜਾਗਦੇ ਲੱਗਣ
ਤੁਹਾਡੇ ਹੱਥ, ਬਲਦੀਆਂ ਮਸ਼ਾਲਾਂ ਬਣਕੇ
ਆਜ਼ਾਦੀ ਦੇ ਪਰਚਮਾਂ ਵਾਂਗੂੰ
ਹਵਾ ਵਿਚ ਲਹਿਰਾ ਉੱਠਣ
ਬਰਫ਼ ਦੀ ਸਿੱਲ ਵਾਂਗੂੰ ਤੁਹਾਡੇ
ਜੰਮ ਚੁੱਕੇ ਹੋਠਾਂ ਉੱਤੇ
ਵਿਦਰੋਹੀ ਗੀਤਾਂ ਦੀ ਸਰਗਮ
ਖ਼ੁਦ-ਬ-ਖ਼ੁਦ ਹੀ ਜੇਕਰ
ਛਿੜ ਪਵੇ
ਤਾਂ ਤੁਸੀਂ ਇਹ ਭੇਦ
ਜਾਣ ਪਾਓਗੇ -
ਮਹਿਜ਼, ਕਿਤਾਬੀ ਪੰਨਿਆਂ 'ਚ
ਸਿਮਟੇ ਰਹਿਣ ਲਈ ਹੀ
ਅਸੀਂ, ਹਰਗਿਜ਼ ਨਹੀਂ ਲਿਖਦੇ।

**2**

ਗਲੋਬ ਦੇ ਕਿਸੇ ਵੀ ਹਿੱਸੇ ਦਾ ਨਾਮ ਲਵੋ
ਹਰ ਜਗ੍ਹਾ ਹੀ ਮਿਲ ਜਾਣਗੇ
ਬਲਾਤਕਾਰੀ ਪਾਦਰੀ -
ਉਹ ਰੱਬ ਦੇ ਖ਼ਾਸ ਦੂਤ ਹੁੰਦੇ ਹਨ
ਇਸੇ ਲਈ ਹੀ, ਬੱਚਿਆਂ ਵਿਚ
ਰੱਬ ਦਾ ਭੈਅ ਪੈਦਾ ਕਰਨ ਲਈ
ਉਹ, ਬੱਚਿਆਂ ਦੀ ਆਤਮਾ ਉੱਤੇ
ਆਪਣੇ ਖ਼ੂੰਖਾਰ ਦੰਦਾਂ ਨਾਲ
ਹਮਲਾ ਕਰਦੇ ਹਨ।

ਇੱਕ ਪਲ ਲਈ ਜ਼ਰਾ
ਕਿਸੇ ਇੱਕ ਅਜਿਹੇ
ਬੱਚੇ ਦੇ ਚਿਹਰੇ ਬਾਰੇ ਸੋਚੋ
ਜੋ ਕਿਸੇ ਪਾਦਰੀ ਦੀ
ਹਵਸ ਦਾ ਸ਼ਿਕਾਰ ਹੋਇਆ ਹੋਵੇ

ਇੱਕ ਪਲ ਲਈ ਜ਼ਰਾ
ਕਿਸੇ ਇੱਕ ਅਜਿਹੀ
ਮਾਸੂਮ ਔਰਤ ਦੇ ਚਿਹਰੇ ਬਾਰੇ ਸੋਚੋ
ਜੋ ਕਿਸੇ ਪਾਦਰੀ ਦੀਆਂ
ਨਹੁੰਦਰਾਂ ਦਾ ਸ਼ਿਕਾਰ ਹੋਈ ਹੋਵੇ।

ਇੱਕ ਪਲ ਲਈ ਜ਼ਰਾ
ਕਿਸੇ ਇੱਕ ਅਜਿਹੀ
ਮਾਂ ਦੇ ਚਿਹਰੇ ਬਾਰੇ ਸੋਚੋ
ਜਿਸ ਦੀ ਭੋਲੀ ਭਾਲੀ ਧੀ ਨੇ
ਕਿਸੇ ਪਾਦਰੀ ਦੀ
ਵਹਿਸ਼ੀਅਤ ਤੋਂ
ਤੰਗ ਆ ਕੇ
ਆਤਮ ਹੱਤਿਆ ਕਰ ਲਈ ਹੋਵੇ.



ਇੱਕ ਪਲ ਲਈ ਜ਼ਰਾ
ਕਿਸੇ ਇੱਕ ਅਜਿਹੇ
ਆਦਮੀ ਦੇ ਚਿਹਰੇ ਬਾਰੇ ਸੋਚੋ
ਜਿਸ ਦੀ ਪਤਨੀ
ਕਿਸੇ ਪਾਦਰੀ ਦੇ ਬਿਸਤਰੇ ਲਈ
ਨਿੱਤ ਵੇਸਵਾ ਦਾ
ਰੂਪ ਧਾਰਦੀ ਰਹੀ ਹੋਵੇ।

ਏਨਾ ਕੁਝ ਸੋਚਣ ਤੋਂ ਬਾਅਦ
ਜੇਕਰ ਤੁਸੀਂ, ਅਜੇ ਵੀ ਸੋਚਦੇ ਹੋ
ਕਿ ਰੱਬ ਦੀ ਮਰਜ਼ੀ ਬਿਨਾਂ
ਪੱਤਾ ਵੀ ਨਹੀਂ ਹਿੱਲਦਾ।

ਤਾਂ ਫਿਰ ਬਲਾਤਕਾਰੀ
ਕਿਸ ਨੂੰ ਆਖੋਗੇ -

ਰੱਬ ਨੂੰ
ਜਾਂ ਕਿ ਉਸ ਦੇ ਦੂਤ -
ਪਾਦਰੀ ਨੂੰ?

**3**

ਬੱਚੇ ਹੁਣ ਰਾਵਣ ਬਣਨਗੇ

ਦੇਖ ਲਿਆ ਹੈ
ਬੱਚਿਆਂ ਨੇ ਸਭ ਕੁਝ
ਹੁਣ, ਆਪਣੀਆਂ ਅੱਖਾਂ ਦੇ ਨਾਲ -

ਰਾਮਲੀਲ੍ਹਾ ਵਿਚ ਰਾਵਣ ਨੇ
ਮੋਹ ਲਿਆ ਹੈ ਉਨ੍ਹਾਂ ਨੂੰ

ਸੋਨੇ ਦੀ ਲੰਕਾ ਵੇਖ
ਚੁੰਧਿਆ ਗਈਆਂ ਹਨ
ਉਨ੍ਹਾਂ ਦੀਆਂ ਅੱਖਾਂ

ਬੱਚੇ ਹੁਣ
ਸਿੱਧੇ ਸੁਆਲ ਕਰਨ ਉੱਤੇ
ਉਤਰ ਆਏ ਹਨ -

ਉਹ ਪੁੱਛਦੇ ਹਨ
ਕੀ ਖੱਟਿਆ ਹੈ ਰਾਮ ਨੇ
ਚੌਦਾਂ ਸਾਲਾਂ ਦਾ ਬਣਵਾਸ ਕੱਟ ਕੇ
ਰਾਵਣ ਤਾਂ ਭੰਗ, ਚਰਸ, ਅਫੀਮ ਦੀ
ਸਮਗਲਿੰਗ ਕਰਦਿਆਂ
ਫੜੇ ਜਾਣ ਤੋਂ ਬਾਅਦ ਵੀ
ਲੋਕ-ਨਾਇਕ ਅਖਵਾਉਂਦਾ ਹੈ

ਧਾਰਮਿਕ ਮੱਠਾਂ ਵਿਚ
ਹਾਰਮੋਨੀਅਮ ਵਜਾਉਣਾ ਸਿੱਖਣ ਆਈਆਂ
ਨਿੱਕੀਆਂ ਨਿੱਕੀਆਂ ਬਾਲੜੀਆਂ ਨਾਲ
ਬਲਾਤਕਾਰ ਕਰਨ ਤੋਂ ਬਾਅਦ ਵੀ
'ਸੰਤ' ਅਖਵਾਉਂਦਾ ਹੈ

'ਰੰਡੀਆਂ' ਲਈ ਲੱਚਰ ਗੀਤਾਂ ਦੀ
ਐਲਬਮ ਬਣਾਉਣ ਤੋਂ ਬਾਅਦ ਵੀ
'ਸੋਸ਼ਲ ਵਰਕਰ' ਅਖਵਾਉਂਦਾ ਹੈ

ਸਕੂਲਾਂ 'ਚ ਪੜ੍ਹਦੇ
ਨਿੱਕੇ-ਨਿੱਕੇ ਬੱਚਿਆਂ ਦੀਆਂ
ਬਲੂ ਮੂਵੀਆਂ ਬਣਾ ਕੇ ਵੀ
ਸਕੂਲ ਟਰੱਸਟੀ ਅਖਵਾਉਂਦਾ ਹੈ

ਪੀ. ਐੱਚ. ਡੀ. ਦੀ ਡਿਗਰੀ
ਲੈਣ ਦੀਆਂ ਇੱਛਕ ਔਰਤਾਂ ਨਾਲ
ਜਬਰੀ ਸੈਕਸ ਕਰਨ ਤੋਂ ਬਾਅਦ ਵੀ
ਗਾਈਡ ਅਖਵਾਉਂਦਾ ਹੈ

ਬੱਚਿਆਂ ਨੇ ਦੇਖ ਲਿਆ ਹੈ
ਸਭ ਕੁਝ-
ਹੁਣ, ਆਪਣੀਆਂ ਅੱਖਾਂ ਦੇ ਨਾਲ। •

'ਮੈਂ ਕਿਤੇ ਹੋਰ ਸੀ' ਤੇ 'ਕੁਦਰਤ' ਤੋਂ ਬਾਅਦ ਪ੍ਰਸਿੱਧ ਪ੍ਰਵਾਸੀ ਕਵੀ
**ਵਰਿੰਦਰ ਪ੍ਰੀਹਾਰ**
ਦਾ ਨਵਾਂ ਕਾਵਿ-ਸੰਗ੍ਰਹਿ
**'ਖੰਭਾਂ ਵਾਲਾ ਘੋੜਾ'**
ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ

## ਦੋ ਕਵਿਤਾਵਾਂ/ ਵਰਿੰਦਰ ਪਰਿਹਾਰ

### 1. ਵਿਆਹ

ਰਤਾ ਕੁ ਐਵੇਂ ਬਦਲੀ ਹੋਂਦ ਅਸਾਂ
ਕਿ ਸਭ ਮੁਕੱਦਸ ਹੋ ਗਿਆ।

ਮੈਂ ਇਸਪਾਤ ਦਾ
ਉਹ ਲੱਕੜ ਸਾਗਵਾਨ ਦੀ
ਹੋਏ ਡਰ ਸਾਰੇ ਕਾਫ਼ੂਰ ਸਾਡੇ
ਨਾ ਜੰਗ ਨਾ ਘੁਣ

ਬਿਸਤਰ 'ਚ ਕੱਪ ਚਾਹ ਦਾ
ਚੁੰਮੀ ਇੱਕ ਕੋਸੀ ਗਿੱਲੀ
ਰੋਜ਼ ਠੱਕ-ਠੱਕ ਸਿਰ ਪੁਲ ਤੋਂ
ਗੱਡੀ ਅਦਿੱਸ ਲੰਘਦੀ
ਮੈਂ ਅੱਖਾਂ ਮੀਚਦਾ, ਉਹ ਵੀ
ਦਿਨ ਸਾਰਾ ਫਿਰ ਖੂਹ ਗਿੜਦਾ

ਸ਼ਾਮ ਨੂੰ ਕੁੰਜ ਲਾਹੁੰਦੇ ਆਪੋ ਆਪਣੀ
ਜ਼ਖ਼ਮ ਦਿਖਾਉਂਦੇ ਦੇਹ ਦੇ ਰੂਹ ਦੇ
ਕਿ ਲੂਣ ਦਾ ਸਮੁੰਦਰ
ਸਾਡੇ ਤੇ ਉੱਛਲ ਉੱਛਲ ਆਉਂਦਾ

'ਬੰਬ-ਵਿਸਫੋਟ ਮੇਰੇ ਅੰਦਰ ਲੁਕਿਆ'-
ਮੈਂ ਕਹਿੰਦਾ
'ਮੇਰੀ ਜੂਨ ਸੁਰੰਗ ਲੰਮੀ ਨ੍ਹੇਰੀ ਕਾਲੀ
ਖ਼ਾਲੀ ਖ਼ਾਲੀ - ਉਹ ਕਹਿੰਦੀ

ਉੱਠਦੀ ਕਰਾਹੁੰਦੀ ਕੱਲ੍ਹ ਵਾਂਗ
ਰੋਟੀ ਵੇਲ਼ਦੀ

ਤਸਵੀਰ ਧਰਤੀ ਦੀ ਲੱਗਦੀ
ਮੈਨੂੰ ਰੋਟੀ ਉਸਦੀ
ਦੁੱਖ ਨਾਲ ਜਿਉਂ
ਫਟਣ ਫਟਣ ਕਰਦੀ ਕੋਈ ਹਸਤੀ

ਰੋਟੀ ਕੱਪੜਾ ਮਕਾਨ
ਮਕਾਨ ਕੱਪੜਾ ਰੋਟੀ
ਰੋਜ਼
ਕਰਾਹੁਣਾ
ਮਰਨਾ

ਵਿਆਹ -
ਮਸਨੂਈ ਰੌਸ਼ਨੀ ਦੀ ਤਲਵਾਰ
ਦੁੱਖ ਦੋ ਹਿੱਸੀਂ ਵੰਡ ਜਾਂਦਾ
ਕੀਹਨੂੰ ਦਰਦ ਕਿੰਨਾ ਹੁੰਦਾ
ਕਦੀ ਪਤਾ ਨਾ ਚੱਲਦਾ
ਏਨੇ ਨੂੰ ਪੈਂਡਾ ਮੁੱਕਿਆ ਹੁੰਦਾ।

### 2. ਬੁੱਢੇ ਲੋਕ

ਜਿੱਥੇ ਵਸਦੇ ਉੱਥੇ ਕਿੱਥੇ ਹੁੰਦੇ
ਹੁਣ ਛਿਣ ਬੀਤੇ ਜਾਂ ਆਉਣ ਵਾਲੇ 'ਚ
ਕਿਤੇ ਵੀ ਨਹੀਂ ਹੁੰਦੇ ਇਹ ਲੋਕ ਬੁੱਢੇ।

ਖ਼ਿਆਲਾਂ 'ਚ ਇਨ੍ਹਾਂ ਦੇ
ਦੇਸ਼ ਹੋਣੇ ਅਜੀਬ ਬੜੇ
ਚੌਹੀਂ ਪਹਿਰ ਰੰਗ ਹਵਾ 'ਚ ਉੱਡਦੇ ਜਿੱਥੇ
ਕੱਲੇ ਹੱਸਦੇ ਕਦੇ
'ਨ੍ਹੇਰੀ ਖੌਰੇ ਰਾਤ ਹੋਵੇ ਮੁਸਲਸਲ
ਪਛਾਣ ਜਿਹਨੂੰ ਝੱਟ ਖਿੜਦੇ

ਦੂਏ ਦੇਸ਼-
ਰੋਗ ਨ ਦਰਦ ਨ ਦਵਾ ਕਹਿੰਦੇ ਜਿੱਥੇ
ਚਵਾ ਚਵੀ ਤਾਅ ਤੈਸ਼ ਝੱਸੇ ਝੇੜੇ-
ਕੁਝ ਨਹੀਂ ਹੁਣ ਕੋਲ ਉਨ੍ਹਾਂ ਦੇ
ਲੰਘੇ ਵਕਤਾਂ ਦੀ
ਗੁਣਗੁਣਾਹਟ ਗੁਦਗੁਦਾਹਟ ਕੋਈ
ਖ਼ੁਸੀ ਦੌਲਤ ਹੋਈ ਸਿਫ਼ਰ ਸ਼ੋਹਰਤ
ਸੇਵਾ ਮੁਕਤ ਯਖ ਠੰਡਾ ਰਕਤ



ਕੁੱਤੇ ਦੀ ਸੰਗਲੀ ਫੜ ਬੱਚਾ ਨੱਸਦਾ
ਟੈਡੀ ਨਾ' ਖੇਡੇ ਦੂਆ
ਸਵਾਲ ਉਨ੍ਹਾਂ ਨੂੰ ਗਣਿਤ ਦਾ ਲੱਗਦਾ
ਨਾਂਅ ਮੋਈ ਮਾਂ ਦਾ ਨਾ ਚੇਤੇ ਆਵੇ
ਕੀ ਹੋਇਆ ਸੀ ਸੁਹਾਗ ਰਾਤੇ
ਸੁਖ-ਸਾਗਰ ਦੀ ਉੱਚੀ ਛਲ ਤੇ ਬੈਠੇ
ਸਨ ਕਿਵੇਂ ਉਹ ਕੂਕੇ

ਕੁਝ ਨਹੀਂ, ਕੁਝ ਵੀ ਹੁਣ ਕੋਲ ਨਹੀਂ
ਸਿਤੰਬਰੀ ਸ਼ਾਮਾਂ ਦੀ ਬਸ
ਹਲਕੀ ਠੰਡੀ ਤਪਸ਼ ਸਿਰਹਨ ਭਰੀ
ਰਗਾਂ 'ਚੋਂ ਲੰਘੀ ਜਾਂਦੀ
ਖ਼ੂਨ ਲਾਲਹਰ ਜਮੋਂ

ਨ ਭੁੱਖੇ ਨ ਰੱਜੇ ਰੋਂਦੇ ਨ ਹੱਸਦੇ
ਕੁਝ ਪੁੱਛਦੇ ਨ ਦੱਸਦੇ

ਪੁੱਛਣ ਪੁੱਛਣ ਕਰਦਾ ਮੈਂ
ਮਾਂ ਨੂੰ ਪੁੱਛ ਲੈਂਦਾ
ਭੈਅ ਨਹੀਂ ਮੌਤ ਦਾ
ਕਦੇ ਤੇਰੇ ਦਿਲ ਵਿਚ ਆਉਂਦਾ

ਭੈਅ?
ਮੌਤ?
ਹੁੰਅ......!
ਮਾਂ ਠਿੱਠ ਕਰਦੀ ਗਰਦਨ ਲਟਕਾਉਂਦੀ
ਬੇਹਿੱਸ ਬੇਨਿਆਜ਼
ਮੌਤ ਹਾਸਾ ਹੱਸਦੀ ਕਹਿੰਦੀ

ਸ਼ੇਰ ਸਵਾਰੀ ਕਰਦਾ ਵੀ ਡਰਿਆ ਬੰਦਾ ਕਦੇ
ਸ਼ੇਰ ਕੰਬਦਾ ਮੈਥੋਂ ਬੱਚੇ
ਕਦੇ ਖੇਡਦਾ ਕਦੇ ਨੱਸਦਾ
ਬੜਾ ਜ਼ਿੰਮੇਵਾਰ ਹੋ ਜਾਂਦਾ। •

*ਪ੍ਰਸਿੱਧ ਸ਼ਾਇਰ 'ਪਾਸ਼' ਨੂੰ ਸਮਰਪਿਤ ਕਾਵਿ-ਸੰਗ੍ਰਹਿ*
*'ਸਾਡੇ ਸੁਪਨਿਆਂ ਦਾ ਮਰ ਜਾਣਾ'*
**ਸੰਪਾਦਕ - ਸੁਖਿੰਦਰ**
ਲਈ ਆਪਣੀਆਂ ਨਜ਼ਮਾਂ ਭੇਜਣ ਲਈ ਸੱਦਾ ਦਿੱਤਾ ਜਾ ਰਿਹਾ
100 ਚੋਣਵੀਆਂ ਨਜ਼ਮਾਂ ਦਾ ਇਹ ਕਾਵਿ-ਸੰਗ੍ਰਹਿ
**9 ਸਤੰਬਰ, 2007**
ਨੂੰ ਪਾਸ਼ ਦੇ ਜਨਮ ਦਿਨ ਉੱਤੇ ਰਿਲੀਜ਼ ਕੀਤਾ ਜਾਵੇਗਾ।

**ਨਜ਼ਮਾਂ ਭੇਜਣ ਦੀ ਆਖ਼ਰੀ ਤਾਰੀਕ - ਜੁਲਾਈ 1, 2007**
ਸ਼ਾਇਰ ਆਪਣੀਆਂ ਨਜ਼ਮਾਂ ਈ. ਮੇਲ. ਰਾਹੀਂ ਵੀ ਭੇਜ ਸਕਦੇ ਹਨ।

**SUKHINDER**
**Editor : SANVAD**
Box 67089, 2300 Yonge St. Toronto M4P 1E0 Canada
Tel. (416) 858-7077

ਹਿੰਦੀ ਕਵਿਤਾ

# ਆਸ ਦੇ ਪ੍ਰਛਾਵੇਂ

ਆਤਮਾ ਰਾਮ

1.
ਮੈਂ ਫਿਰ ਵੀ
ਜ਼ਿੰਦਗੀ ਦੀ ਗੱਲ ਕਰਾਂਗਾ
ਬਾਵਜੂਦ ਇਸ ਦੇ ਕਿ
ਮਾਯੂਸੀਆਂ ਮੁੱਕਣ ਦਾ ਨਾਂ ਹੀ
ਨਹੀਂ ਲੈਂਦੀਆਂ

ਮੈਂ ਇਕਰਾਰ ਕੀਤਾ ਸੀ
ਕਿ ਹਰ ਗੱਲ ਨੂੰ
ਇਨਸਾਨ ਦੀ ਖੁਸ਼ਹਾਲੀ ਦੇ ਸਬੰਧ
ਵਿਚ ਵੇਖਾਂਗਾ
ਕਿ ਹਰ ਬਾਤ ਨੂੰ
ਇਨਸਾਨ ਦੀ ਖੁਸ਼ਹਾਲੀ ਦੇ
ਪ੍ਰਸੰਗ ਵਿਚ ਸੋਚਾਂਗਾ

ਮੈਂ ਵਾਅਦਾ ਕੀਤਾ ਸੀ
ਕਿ ਹਰ ਹਾਲਤ ਵਿਚ
ਏਸੇ ਹੀ ਧਰਤੀ ਉੱਤੇ ਮਜ਼ਬੂਤੀ ਨਾਲ
ਇੱਕ ਇੱਕ ਪੈਰ ਟਿਕ ਟਿਕਾ ਕੇ
ਅੱਗੇ ਵਧਦਾ ਰਹਾਂਗਾ।

ਹਜ਼ਾਰ ਵਾਰ ਮੈਂ ਆਪਣੇ ਕੌਲ-ਕਰਾਰ ਨੂੰ
ਸਵਾਲ ਕੀਤਾ ਕਿ ਕਿਤੇ ਤਬਾਹ ਤੇ ਨਹੀਂ ਹੋ
ਜਾਵਾਂਗਾ
ਇਸ ਗੱਲ ਨੂੰ ਵੀ ਮੈਂ
ਏਸੇ ਹੀ ਧਰਤੀ ਉੱਤੇ ਰਹਿੰਦੇ ਹੋਏ ਸੋਚਿਆ ਸੀ

'ਮਾਰ'[1] ਦੇ ਮੋਹ ਦਾ ਸ਼ਿਕਾਰ ਤਾਂ
ਨਹੀਂ ਹੋ ਜਾਵਾਂਗਾ
ਇਸ ਗੱਲ ਨੂੰ ਵੀ ਮੈਂ
ਏਸੇ ਹੀ ਧਰਤੀ ਉੱਤੇ
ਰਹਿੰਦੇ ਹੋਏ ਸੋਚਿਆ ਸੀ

ਤੇ ਯਾਦ ਕੀਤਾ ਸੀ
ਕਿ 'ਮਾਰ' ਦੇ ਖ਼ਿਲਾਫ਼ ਲੰਮੀ ਜੰਗ ਲੜਨ
ਵਾਲੇ
ਉਸ ਬਹਾਦਰ ਸਿਪਾਹੀ[2] ਨੂੰ
ਜੋ ਹਨ੍ਹੇਰੀ ਰਾਤ ਨੂੰ ਨਿਕਲ ਤੁਰਿਆ ਸੀ
ਦੁੱਖ ਦੇ ਖ਼ਿਲਾਫ਼ ਇੱਕ ਅਣਥੱਕ
ਮੁਹਿੰਮ ਛੇੜਨ ਲਈ

ਮੈਂ ਯਾਦ ਕਰਦਾ ਹਾਂ
ਕਿ ਅਜੇ ਦੁੱਖ ਨੇ ਆਪਣੇ ਪੈਰ ਨਹੀਂ ਸਮੇਟੇ
ਅਜੇ ਦੁੱਖ ਨੇ ਇਕ ਤਾਜ਼ਾ ਕਰਵਟ ਲਈ ਹੈ
ਤੇ ਨਿਰਾਸਤਾਵਾਂ ਦਾ ਦੌਰ ਤੇਜ਼ ਹੋ ਰਿਹਾ ਹੈ

ਫਿਰ ਤੋਂ
ਹਾਂ ਫਿਰ ਤੋਂ ਮੈਂ ਵੇਖਦਾ ਹਾਂ
ਹਾਂ ਵੇਖਦਾ ਹਾਂ ਕਿ ਨਿਰਾਸਤਾਵਾਂ ਦੇ ਵਿਰੁੱਧ
ਫੁੱਟ ਪਿਆ ਹੈ ਇੱਕ ਝਰਨਾ
ਪਹਾੜਾਂ ਤੋਂ ਨਿਕਲ ਕੇ
ਮੈਦਾਨਾਂ ਤੀਕ ਆ ਪਹੁੰਚਾ ਹੈ
ਜ਼ਿੰਦਗੀ ਬਣ ਕੇ।

ਮੇਰੇ ਪੈਰਾਂ ਦੇ ਬਹੁਤ ਨੇੜੇ ਨੇੜੇ
ਇਹ ਬੀਜ
ਖ਼ੂਬਸੂਰਤ, ਹਰਾ ਹਰਾ
ਤਾਜ਼ਾ - ਅੱਖਾਂ ਖੋਲ੍ਹਦਾ ਹੋਇਆ
ਸਾਡੀ ਕੁਦਰਤ ਦੀਆਂ ਹਜ਼ਾਰਾਂ ਹੀ
ਮੁਸ਼ਕਿਲਾਂ ਝੱਲਣ ਨੂੰ ਤਿਆਰ
ਇੱਕ ਮਜ਼ਬੂਤ ਬੋਹੜ ਬਣਨ ਦੀ ਆਸ ਵਿਚ
ਆਪਣੇ ਵਾਅਦੇ ਦੇ ਅਨੁਸਾਰ
ਮੇਰੀ ਯਾਦ ਨੂੰ ਤਾਜ਼ਾ ਕਰਦਾ

'ਮਾਰ' ਬੋਧੀ ਪ੍ਰਸੰਗ, ਅਰਥਾਤ ਲਾਲਚ, 2. ਮਹਾਤਮਾ ਬੁੱਧ



ਬੀਜ ਦਾ ਇਹ ਵਾਅਦਾ
ਕਿ ਉਹ ਧਰਤੀ ਦੇ ਅੰਦਰ ਤੋਂ ਨਿਕਲੇਗਾ
ਤੇ ਵਧਦਾ ਜਾਵੇਗਾ ਦੋ-ਤਰਫਾ
ਬਾਹਰ ਤੇ ਅੰਦਰ
ਬਾਹਰ ਤੋਂ ਅੰਦਰ, ਤੇ
ਅੰਦਰ ਤੋਂ ਬਾਹਰ ਉਗਮਦਾ
ਮਜ਼ਬੂਤੀ ਨਾਲ ਖੜਾ ਰਹੇਗਾ
ਏਸੇ ਹੀ ਧਰਤੀ ਉੱਤੇ ਬੀਜ ਬਣਨ ਵਾਸਤੇ
ਜ਼ਿੰਦਗੀ ਦੀ ਗੱਲ ਕਰੂੰਗਾ
ਆਪਣੇ ਇਕਰਾਰ ਦੇ ਅਨੁਸਾਰ
ਸੈਂਕੜੇ ਬੇਵਫ਼ਾਈਆਂ
ਹਜ਼ਾਰਾਂ ਦਗਾਬਾਜ਼ੀਆਂ
ਮਿੱਤਰਾਂ ਦਾ ਭੇਸ ਬਦਲੇ
ਦੁਸ਼ਮਣ ਦੀਆਂ ਲੱਖਾਂ ਕਾਰਗੁਜ਼ਾਰੀਆਂ
ਮਨ ਨੂੰ ਭਰਮਾਉਣ ਦੇ ਕਈ ਕਈ ਕਾਰੋਬਾਰ
ਖ਼ੌਫ਼ ਦੇ ਅਣਗਿਣਤ ਦ੍ਰਿਸ਼
ਤੇ ਨਾ ਜਾਣੇ ਹੋਰ ਕੀ ਕੀ
ਬਹੁਤ ਹੋਏ ਮੇਰੇ ਪੈਰ
ਜ਼ਮੀਨ ਤੋਂ ਉਖਾੜਨ ਦੇ ਲਈ
ਬਹੁਤ ਆਏ ਮੇਰੀ ਜ਼ਮੀਰ ਨੂੰ, ਸ਼ੱਕ ਦੇ ਘੇਰੇ
ਵਿਚ ਲਿਆਉਣ ਵਾਸਤੇ।

ਪਰ ਮੈਂ ਜਿਹੜਾ ਕਿ ਹਾਂ ਏਸੇ ਹੀ
ਧਰਤੀ ਉੱਤੇ ਚੱਲਣ ਦਾ ਆਦੀ
ਏਸੇ ਧਰਤੀ ਤੋਂ ਅਸਮਾਨ ਨੂੰ ਵੇਖਣ ਦਾ ਆਦੀ
ਅਸਮਾਨ ਦੀਆਂ ਸਾਰੀਆਂ ਉਚਾਈਆਂ
ਮਾਪਣ ਦੇ ਸਾਰੇ ਸੁਪਨੇ
ਏਸੇ ਧਰਤੀ ਤੋਂ ਵੇਖਣ ਦੀ
ਜ਼ਰੂਰਤ ਨੂੰ ਸਮਝਦੇ ਹੋਏ
ਇਹੀ ਧਰਤੀ ਮੇਰਾ ਯਕੀਨ ਹੈ।

ਮੈਂ ਇਕਰਾਰ ਕੀਤਾ ਸੀ
ਹਰ ਹਾਲਤ ਵਿਚ ਆਪਣੇ
ਪੈਰ ਉਖੜਨ ਨਹੀਂ ਦੇਵਾਂਗਾ
ਇਸ ਧਰਤੀ ਉੱਤੇ ਇੱਕ ਇੱਕ
ਪੈਰ ਟਿਕਾ ਟਿਕਾ ਕੇ ਅੱਗੇ ਵਧਾਂਗਾ
ਆਪਣੇ ਵਾਅਦੇ ਦੇ ਮੁਤਾਬਿਕ

2.
ਪਰ ਮੈਂ ਵੇਖਦਾ ਕੀ ਹਾਂ
ਇਤਿਹਾਸ ਦੇ ਉਸ ਭਿਆਨਕ ਦ੍ਰਿਸ਼ ਨੂੰ
ਕਿ ਉਹ ਸਾਰੇ ਕਾਫ਼ਲੇ, ਜੋ ਧਰਤੀ ਉੱਤੇ
ਸੂਰਜ ਨੂੰ ਜਗਾਵਣ ਲਈ ਚੱਲ ਪਏ ਸੀ
ਹੁਣ ਥੱਕ ਕੇ ਚੂਰ ਚੂਰ ਹੋ ਚੁੱਕੇ ਨੇ
ਤਿੱਤਰ ਬਿੱਤਰ ਹੋਏ ਖਿੰਡੇ ਪਏ ਨੇ।
ਇੱਕ ਦੂਸਰੇ ਤੋਂ ਬੇਖ਼ਬਰ
ਕਿਸੇ ਨੂੰ ਕਿਸੇ ਦਾ ਕੋਈ ਪਤਾ ਨਹੀਂ
ਕਿਸੇ ਨੂੰ ਕਿਸੇ ਦੀ ਕੋਈ ਖ਼ਬਰ ਨਹੀਂ
ਹਰ ਕੋਈ ਪਾਣੀ ਦੀ
ਆਖ਼ਰੀ ਬੂੰਦ ਪੀਂਦਾ ਹੋਇਆ
ਕੁਰਬਾਨ ਹੋਇਆ ਜਾ ਰਿਹਾ ਹੈ
ਆਪਣੇ ਇਕਰਾਰ ਦੇ ਮੁਤਾਬਿਕ।

ਕਿ ਕਿਸੇ ਨੇ ਤਲਵਾਰ ਨਹੀਂ ਤਿਆਗੀ
ਦੁਸ਼ਮਣ ਦੇ ਸਾਹਮਣੇ ਕਿਸੇ ਨੇ
ਸਿਰ ਨਹੀਂ ਝੁਕਾਇਆ
ਕੋਈ ਦਲੀਲ ਨਹੀਂ ਦਿੱਤੀ
ਆਪਣੇ ਜ਼ਾਤੀ ਹਿੱਤ ਦੀ ਖ਼ਾਤਿਰ
ਸਾਹ ਦੇ ਆਖ਼ਰੀ ਕਤਰੇ ਦੇ
ਖ਼ਤਮ ਹੋਣ ਤੋਂ ਠੀਕ ਪਹਿਲਾਂ

ਇਹੀ ਸੁਣਿਆ ਗਿਆ ਹੈ ਕਿ
ਜੰਗ ਹੈ ਤੇ ਕੁਦਰਤ ਦੇ ਕੰਮ ਕਰਨ ਦੇ ਤਰੀਕੇ
ਅਤੇ ਉਹ ਲਹੂ
ਜੋ ਸਾਡੇ ਜਿਸਮਾਂ ਤੋਂ ਕਤਰਾ ਕਤਰਾ
ਟਪਕ ਟਪਕ ਕੇ
ਇਸ ਧਰਤੀ ਉੱਤੇ ਡਿੱਗਾ ਹੈ
ਇੰਤਜ਼ਾਰ ਹੈ ਉਸ ਦੇ ਬੋਹੜ ਬਣਨ ਦਾ

ਜੰਗ ਜਾਰੀ ਰਹੇਗੀ
ਜੰਗ ਹੈ ਦੋਸਤੋ

ਕੋਈ ਹਾਸੇ-ਮਖੌਲ ਦੀ ਖੇਡ ਨਹੀਂ ਹੈ
ਜੰਗ ਜਾਰੀ ਰਹੇਗੀ
ਤੇ ਰਹੇਗੀ ਦੁਸ਼ਮਣ ਦੀਆਂ ਕਾਰ ਗੁਜ਼ਾਰੀਆਂ
ਦੀ ਸਮਝ ਦੇ ਨਾਲ਼-ਨਾਲ਼
ਆਪਣੇ ਵਾਅਦੇ ਦੇ ਅਨੁਸਾਰ
ਮੈਂ ਵੇਖ ਰਿਹਾ ਹਾਂ
ਤੇ ਪੂਰੀ ਤਰ੍ਹਾਂ ਚੌਕਸ ਹੋ ਕੇ ਵੇਖ ਰਿਹਾ ਹਾਂ
ਕਿ ਇੱਕ ਵਹਿਮ ਫੈਲ ਰਿਹਾ ਹੈ
ਇਸ ਧਰਤੀ ਉੱਤੇ
ਆਜ਼ਾਦੀ ਦੇ ਖ਼ਿਆਲ ਨੂੰ ਹੀ ਖ਼ਤਮ ਕਰਨ ਦੀ
ਮੁਹਿੰਮ
ਨਿਕਲ ਪਈ ਹੈ
ਕਿ ਬਸ ਜਿਉਂਦਾ, ਰਹਿਣ ਦੀ ਕੇਵਲ ਮਾਤਰ
ਸ਼ਰਤ
ਕਿ 'ਚਾਚਾ ਸ਼ਾਮ' ਦੀ ਹੁਕਮ ਅਦੂਲੀ ਤੋਂ ਬਚੋ
ਆਪਣੀਆਂ ਨਜ਼ਰਾਂ ਏਨੀਆਂ ਨੀਵੀਆਂ ਕਰ
ਲਵੋ
ਕਿ 'ਚਾਚਾ' ਦੇ ਪੈਰਾਂ ਤੋਂ ਬਿਨਾਂ
ਦੂਸਰੀ ਕੋਈ ਚੀਜ਼ ਵਿਖਾਈ ਹੀ ਨਾ ਦੇਵੇ
ਸੋਚੀ ਹੀ ਨਾ ਜਾਵੇ ਕੋਈ ਦੂਸਰੀ ਬਾਤ
ਕੋਈ ਖ਼ਿਆਲ ਹੀ ਨਾ ਆਵੇ ਦਿਮਾਗ ਵਿਚ
'ਚਾਚਾ' ਦੀ ਬਰਕਤ ਦੇ ਖ਼ਿਲਾਫ਼।

3.
ਮੈਂ ਵੇਖ ਰਿਹਾ ਹਾਂ
ਤੇ ਪੂਰੀ ਤਰ੍ਹਾਂ ਚੁਕੰਨਾ ਹੋ ਕੇ ਵੇਖ ਰਿਹਾ ਹਾਂ
ਕਿ ਬੇਸ਼ੁਮਾਰ ਹੁਕਮਰਾਨ ਕਤਾਰ ਵਿਚ ਖਲੋਤੇ
ਹਨ
ਹੱਥ ਬੰਨ੍ਹੀ, ਆਜ਼ਾਦੀ (ਲਿਬਰਟੀ) ਦੇ ਨਿਆਂ
ਨੂੰ ਪ੍ਰਾਪਤ ਕਰਨ ਦੀ ਉਡੀਕ ਵਿਚ
ਅੱਖਾਂ ਉੱਤੇ ਪੱਟੀਆਂ ਬੱਧੀ ਖੜ੍ਹੀ ਹੈ
ਨਿਆਂ ਦੀ ਦੇਵੀ
ਲੋਕ-ਤੰਤਰ ਦੇ ਨਿਆਂ ਦੀ ਦੇਵੀ
ਬੇਸ਼ੁਮਾਰ ਇਨਸਾਨਾਂ ਦੇ
ਕਤਲ ਨਾਲ ਭਰਪੂਰ
ਬੇਸ਼ੁਮਾਰ ਮਿਹਨਤਕਸ਼ਾਂ ਦੇ
ਖ਼ੌਫ਼ ਤੋਂ ਕੰਬਦੀ ਹੋਈ

ਮੈਂ ਵੇਖ ਰਿਹਾ ਹਾਂ
ਤੇ ਉਹ ਵੀ ਕੋਈ ਪਿੱਛੇ ਨਹੀਂ ਹਨ
ਉਹ ਜੋ ਮਿਹਨਤਕਸ਼ਾਂ ਦਾ ਪਰਚਮ ਲਈ
ਹੁਕਮਰਾਨਾਂ ਦੇ ਪਿੱਛੇ ਖਲੋਤੇ ਹਨ
ਲੁੱਟ ਵਿਚੋਂ ਹਿੱਸਾ
ਲੈਣ ਲਈ ਕਤਾਰ ਵਿਚ
ਦਲੀਲ ਦਿੰਦੇ ਹੋਏ
ਆਪਣੀ ਖਸਿਆਨੀ ਜ਼ੁਬਾਨ ਤੋਂ
"ਕਿ ਸਮਾਂ ਬਦਲ ਗਿਆ ਹੈ
ਜਦੋਂ ਦੁਸ਼ਮਣ ਨੂੰ ਖੁਸ਼ ਕਰ ਕੇ ਹੀ
ਇਨਕਲਾਬ ਕੀਤਾ ਜਾ ਸਕਦਾ ਹੈ।"

ਕੌਣ ਲੋਕ ਨੇ ਇਹ ਲੋਕ?
ਇਹਨਾਂ ਨੂੰ ਸਾਫ਼-ਸਾਫ਼
ਵੇਖਣ ਦੀ ਜ਼ਰੂਰਤ ਹੈ
ਕਾਫਿਲੇ ਦੇ ਲੁੱਟੇ ਜਾਣ ਵਿਚ
ਕਿਤੇ ਇਹਨਾਂ ਦਾ ਹੱਥ ਤਾਂ ਨਹੀਂ ਹੈ
ਸਾਫ਼ ਸਾਫ਼ ਵੇਖਣ ਦੀ ਜ਼ਰੂਰਤ ਹੈ।

ਕਿਸ ਤਰ੍ਹਾਂ ਬਚ ਕੇ ਨਿਕਲ ਗਏ
ਜੰਗ ਦੇ ਮੈਦਾਨ ਵਿਚੋਂ
ਤੇ ਕਿਉਂ ਕਰ ਖੜੇ ਨੇ
ਕਤਾਰ ਵਿਚ ਹੱਥ ਬੰਨ੍ਹੀ
ਹੁਕਮਰਾਨਾਂ ਦੇ ਸਾਹਮਣੇ
ਸਾਫ਼-ਸਾਫ਼ ਵੇਖਣ ਦੀ ਜ਼ਰੂਰਤ ਹੈ

ਆਖ਼ਰ ਇਹਨਾਂ ਨੇ ਕਿਓਂ ਫੜ ਰੱਖੇ ਨੇ
ਮਿਹਨਤਕਸ਼ਾਂ ਦੇ ਝੰਡੇ
ਕਿਹਨਾਂ ਵਿਚ ਭਰਮ ਫੈਲਾਉਣਾ ਚਾਹੁੰਦੇ ਹਨ?
ਕਿਹਨਾਂ ਵੱਲ ਹੈ ਇਹਨਾਂ ਦਾ ਰੁਖ਼?
ਸਾਫ਼ ਸਾਫ਼ ਵੇਖਣ ਦੀ ਜ਼ਰੂਰਤ ਹੈ।

ਇਤਿਹਾਸ ਵਿਚ ਇਹਨਾਂ ਦੇ



ਹੋਣ ਦਾ ਕੀ ਮਤਲਬ ਹੈ
ਦੋਸਤਾਂ ਨੇ ਇਹਨਾਂ ਦੀ
ਪਛਾਣ ਵਿਚ ਕੋਤਾਹੀ ਕਿਉਂ ਕੀਤੀ?
ਇਹਨਾਂ ਦੀ ਜਿੱਤ ਤੇ ਸਾਡਾ
ਪਿੱਛੇ ਹਟ ਜਾਣ ਦੀ ਦਲੀਲ
ਨੂੰ ਵੀ ਸਾਫ਼ ਸਾਫ਼ ਵੇਖਣ ਦੀ ਜ਼ਰੂਰਤ ਹੈ।

ਇਹਨਾਂ ਦੀਆਂ ਤਕਰੀਰਾਂ ਨੂੰ
ਸਾਫ਼ ਸੁਣਨਾ ਚਾਹੀਦਾ
ਇੱਕ ਇੱਕ ਸ਼ਬਦ ਉੱਤੇ ਡੂੰਘੀ ਤਰ੍ਹਾਂ
ਧਿਆਨ ਦੇਣ ਦੀ ਲੋੜ ਹੈ
ਇਹਨਾਂ ਦੇ ਲਿਬਾਸਾਂ ਨੂੰ
ਖੁਰਦਬੀਨੀ ਨਿਗਾਹਾਂ ਨਾਲ ਵੇਖਣਾ ਚਾਹੀਦਾ
ਮਿਹਨਤ ਦੇ ਵਿਰੁੱਧ ਇਨ੍ਹਾਂ ਦੀ ਦੋਸਤਾਂ ਵਾਲੀ
ਜ਼ੁਬਾਨ ਨੂੰ ਕੰਨ ਖੋਲ੍ਹ ਕੇ ਸੁਣਨਾ ਚਾਹੀਦਾ
ਇਹਨਾਂ ਦੇ ਅੰਦਰ ਪਲ ਰਹੇ ਖ਼ੌਫ਼ ਨੂੰ
ਸਾਫ਼ ਸਾਫ਼ ਵੇਖਣ ਦੀ ਜ਼ਰੂਰਤ ਹੈ।

ਕੌਣ ਹਨ ਇਹ ਲੋਕ
ਇਹਨਾਂ ਦੇ ਮੁੱਖ ਤੋਂ
ਨੋਚ ਕੇ ਉਤਾਰ ਦੇਣਾ ਚਾਹੀਦਾ ਹੈ
ਬਹੁ-ਰੂਪੀਏ ਦਾ ਨਕਾਬ
ਇਹਨਾਂ ਦੀ ਪਛਾਣ, ਸਾਡੀ ਜੰਗ ਨੂੰ
ਸਹੀ ਦਿਸ਼ਾ ਦੇਣ ਦਾ ਐਲਾਨ ਹੋਣਾ ਚਾਹੀਦਾ
ਕੌਣ ਹਨ ਇਹ ਲੋਕ
ਸਹੀ ਸਹੀ ਸਮਝਣ ਦੀ ਜ਼ਰੂਰਤ ਹੈ
ਸਾਫ਼ ਸਾਫ਼ ਵੇਖਣ ਦੀ ਜ਼ਰੂਰਤ ਹੈ।

4
ਮੈਂ ਵੇਖ ਰਿਹਾ ਹਾਂ
ਯਾਦ ਕਰ ਰਿਹਾ ਹਾਂ
ਇਤਿਹਾਸ ਦੇ ਸਬਕ ਨੂੰ
ਕਿ ਸਭ ਤੋਂ ਖ਼ਤਰਨਾਕ
'ਕਾਮਰੇਡ' ਉਹ ਹੁੰਦਾ ਹੈ
ਜੋ ਦੋਸਤਾਂ ਦੇ ਤੰਬੂ ਵਿਚ ਬੈਠ ਕੇ
ਦੁਸ਼ਮਣ ਦੀ ਖੁਸ਼ਹਾਲੀ ਦੇ ਸੁਪਨੇ ਵੇਖਦਾ ਹੈ।
ਤਾਂ ਕਿ ਕੈਂਪ ਲੁੱਟੇ ਜਾਣ ਤੋਂ ਪਿੱਛੋਂ
ਇਨਾਮ ਦਾ ਹੱਕਦਾਰ ਹੋ ਸਕੇ।

ਹਰ ਦੋਸਤ ਨੂੰ ਹਰ ਵਾਰ
ਤੇ ਹਰ ਮੌਕੇ ਉੱਤੇ
ਯਾਦ ਰੱਖਣਾ ਚਾਹੀਦਾ ਕਿ
"ਇਤਿਹਾਸ ਦੇ ਪਰਦੇ ਖੋਲ੍ਹਣ ਉੱਤੇ
ਭਵਿੱਖ ਵਿਖਾਲੀ ਦਿੰਦਾ ਹੈ।"
ਆਪਣੇ ਵਾਅਦੇ ਦੇ ਮੁਤਾਬਿਕ।

ਮੈਂ ਸੁਣ ਰਿਹਾ ਹਾਂ ਕਿ
ਕਿਹਾ ਜਾ ਰਿਹਾ ਹੈ ਕਿ
ਦੁਸ਼ਮਣ ਦੇ ਕੋਲ ਬੇਸ਼ੁਮਾਰ ਤਾਕਤ ਹੈ।

ਭੁਲਾਇਆ ਜਾ ਰਿਹਾ ਹੈ
ਲੱਖ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ
ਕਿ "ਇਸ ਨੂੰ ਹਰ ਹਾਲਤ ਵਿਚ ਭੁਲਾ ਦਿੱਤਾ ਜਾਵੇ
ਕਿ ਦੁਸ਼ਮਣ ਹਜ਼ਾਰਾਂ ਖ਼ਤਰਿਆਂ ਵਿਚ
ਘਿਰਿਆ ਹੋਇਆ ਹੈ।
ਕਿ ਡਰਿਆ ਹੋਇਆ ਹੈ ਦੁਸ਼ਮਣ
ਕਤਲ-ਆਮ ਦੀ ਮੁਹਿੰਮ ਨੂੰ
ਤੇਜ਼ ਤੋਂ ਤੇਜ਼ਤਰ ਕਰਦਾ ਜਾ ਰਿਹਾ ਹੈ"
ਭੁਲਾ ਦਿੱਤਾ ਜਾਵੇ।

ਪਰ ਇਹ ਕਿਵੇਂ ਸੰਭਵ ਹੈ
ਧਰਤੀ ਨੂੰ ਬਾਂਝ ਬਣਾ ਦਿੱਤਾ ਜਾਵੇ
ਖ਼ਤਮ ਕਰ ਦਿੱਤਾ ਜਾਵੇ
ਬੀਜ ਫੁੱਟਣ ਦੀ ਕੁਦਰਤੀ ਆਦਤ ਨੂੰ
ਇਹ ਕਿਵੇਂ ਸੰਭਵ ਹੈ।
ਇਹੀ ਕਾਰਨ ਹੈ ਕਿ
ਮੈਂ ਫਿਰ ਵੀ
ਜ਼ਿੰਦਗੀ ਦੀ ਬਾਤ ਕਰਾਂਗਾ
ਬਾਵਜੂਦ ਇਸ ਦੇ ਕਿ
ਨਿਰਾਸ਼ਤਾਵਾਂ ਖ਼ਤਮ ਹੋਣ ਦਾ
ਨਾਂ ਹੀ ਨਹੀਂ ਲੈਂਦੀਆਂ ●

ਸਿਰਨਾਵਾਂ - 3006, ਸੈਕਟਰ 42, ਹਾਊਸਿੰਗ
ਬੋਰਡ ਕੰਪਲੈਕਸ, ਚੰਡੀਗੜ੍ਹ

ਦਸਤਾਵੇਜ਼

# ਕਲਾ, ਸੱਚ ਤੇ ਰਾਜਨੀਤੀ

- ਹੈਰੋਲਡ ਪਿੰਟਰ, (ਨੋਬਲ ਪੁਰਸਕਾਰ ਵਿਜੇਤਾ ਨਾਟਕਕਾਰ)

1958 ਵਿਚ ਮੈਂ ਲਿਖਿਆ ਸੀ

"ਇਸ ਗੱਲ ਵਿਚ ਕੋਈ ਸਖ਼ਤ ਵਖਰੇਵੇਂ ਨਹੀਂ ਹਨ ਕਿ ਯਥਾਰਥਕ ਕੀ ਹੈ ਤੇ ਗੈਰ-ਯਥਾਰਥਕ ਕੀ। ਕੀ ਸੱਚ ਹੈ ਤੇ ਕੀ ਝੂਠ? ਜ਼ਰੂਰੀ ਨਹੀਂ ਕਿ ਕੋਈ ਚੀਜ਼ ਜਾਂ ਸੱਚੀ ਹੋਵੇ ਜਾਂ ਝੂਠੀ। ਇਹ ਝੂਠੀ ਤੇ ਸੱਚੀ ਦੋਵੇਂ ਵੀ ਹੋ ਸਕਦੀ ਹੈ।

ਮੇਰਾ ਵਿਸ਼ਵਾਸ ਹੈ ਕਿ ਇਹਨਾਂ ਦਾਅਵਿਆਂ ਵਿਚ ਅੱਜ ਵੀ ਕੋਈ ਅਰਥ ਹੈ ਅਤੇ ਇਹ ਸੱਚ ਦੀ ਤਲਾਸ਼ ਵਿਚ ਲਾਗੂ ਹੁੰਦੇ ਹਨ। ਸੋ ਇੱਕ ਲੇਖਕ ਵਜੋਂ ਮੈਂ ਇਹਨਾਂ ਦਾ ਸਮਰਥਨ ਕਰਦਾ ਹਾਂ, ਪਰ ਇੱਕ ਨਾਗਰਿਕ ਵਜੋਂ ਨਹੀਂ ਕਰ ਸਕਦਾ। ਇੱਕ ਨਾਗਰਿਕ ਦੇ ਨਾਤੇ ਮੈਨੂੰ ਪੁੱਛਣਾ ਬਣਦਾ ਹੈ ਕਿ ਸੱਚ ਕੀ ਹੈ ਤੇ ਝੂਠ ਕੀ ਹੈ?

ਨਾਟਕ ਵਿਚ ਹਮੇਸ਼ਾ ਹੀ ਸੱਚ ਤਿਲਕਵਾਂ ਹੁੰਦਾ ਹੈ। ਤੁਸੀਂ ਕਦੇ ਵੀ ਇਸ ਨੂੰ ਲੱਭ ਨਹੀਂ ਸਕਦੇ, ਪਰ ਇਸ ਦੀ ਤਲਾਸ਼ ਅਵੱਸ਼ਕਾਰੀ ਹੈ। ਸਪੱਸ਼ਟ ਭਾਂਤ ਤਲਾਸ਼ ਉੱਦਮ ਨੂੰ ਪ੍ਰੇਰਨਾ ਦਿੰਦੀ ਹੈ। ਬਹੁਤ ਵਾਰੀ ਹਨੇਰੇ ਵਿਚ ਤੁਹਾਡਾ ਸੱਚ ਨਾਲ ਠੇਡਾ ਵੱਜਦਾ ਹੈ। ਇਸ ਨਾਲ ਟਕਰਾ ਹੁੰਦਾ ਹੈ ਜਾਂ ਸਿਰਫ਼ ਇੱਕ ਬਿੰਬ ਦਾ ਝਲਕਾਰਾ ਜਾਂ ਇੱਕ ਸ਼ਕਲ ਦਿਸਦੀ ਹੈ ਜੋ ਸੱਚ ਦੇ ਅਨੁਸਾਰੀ ਹੁੰਦੀ ਹੈ। ਬਹੁਤੀ ਵਾਰੀ ਪਤਾ ਹੀ ਨਹੀਂ ਲੱਗਦਾ ਕਿ ਤੁਸੀਂ ਇੰਝ ਕੀਤਾ ਹੈ। ਪਰ ਅਸਲੀਅਤ ਇਹ ਹੈ ਕਿ ਕਦੇ ਵੀ ਅਜਿਹੀ ਕੋਈ ਇੱਕ ਚੀਜ਼ ਨਹੀਂ ਹੁੰਦੀ ਜੋ ਨਾਟਕੀ ਕਲਾ ਵਿਚ ਸੱਚ ਦੀ ਤਲਾਸ਼ ਵਰਗੀ ਹੋਵੇ। ਕਈ ਚੀਜ਼ਾਂ ਹੁੰਦੀਆਂ ਹਨ। ਇਹ ਸੱਚ ਇੱਕ ਦੂਜੇ ਨੂੰ ਚੁਣੌਤੀ ਦਿੰਦੇ ਹਨ, ਇੱਕ ਦੂਜੇ ਨਾਲ ਸਮਝੌਤੇ ਕਰਦੇ ਹਨ, ਇੱਕ ਦੂਜੇ ਨੂੰ ਪ੍ਰਤੀਬਿੰਬਤ ਕਰਦੇ ਹਨ, ਇੱਕ ਦੂਜੇ ਨੂੰ ਅਣਡਿੱਠ ਕਰਦੇ ਹਨ, ਇੱਕ ਦੂਜੇ ਨੂੰ ਚਿੜਾਉਂਦੇ ਹਨ, ਇੱਕ ਦੂਜੇ ਪ੍ਰਤੀ ਅੱਖਾਂ ਮੀਟੀ ਰੱਖਦੇ ਹਨ। ਕਈ ਵਾਰ ਤੁਸੀਂ ਅਨੁਭਵ ਕਰਦੇ ਹੋ ਕਿ ਤੁਹਾਡੇ ਕੋਲ ਹੱਥ ਵਿਚ ਇੱਕ ਛਿਣ ਦਾ ਸੱਚ ਹੈ, ਫਿਰ ਇਹ ਤੁਹਾਡੀਆਂ ਉਂਗਲਾਂ ਵਿਚੋਂ ਤਿਲਕ ਜਾਂਦਾ ਹੈ ਤੇ ਗੁੰਮ ਹੋ ਜਾਂਦਾ ਹੈ।

ਮੈਨੂੰ ਕਈ ਵਾਰ ਪੁੱਛਿਆ ਜਾਂਦਾ ਹੈ ਕਿ ਮੇਰੇ ਨਾਟਕ ਕਿਵੇਂ ਲਿਖੇ ਜਾਂਦੇ ਹਨ, ਮੈਂ ਕੁਝ ਨਹੀਂ ਕਰ ਸਕਦਾ। ਨਾ ਹੀ ਮੈਂ ਨਾਟਕਾਂ ਦਾ ਨਿਚੋੜ ਦੱਸ ਸਕਦਾ ਹਾਂ, ਸਿਵਾਏ ਇਹ ਕਹਿਣ ਦੇ ਕਿ ਇਹ ਸੀ ਜੋ ਵਾਪਰਿਆ। ਇਹ ਸੀ ਜੋ ਉਹਨਾਂ ਕਿਹਾ। ਇਹ ਸੀ ਜੋ ਉਹਨਾਂ ਕੀਤਾ।

ਬਹੁਤੇ ਨਾਟਕ ਇੱਕ ਸਤਰ, ਇੱਕ ਸ਼ਬਦ ਜਾਂ ਇੱਕ ਬਿੰਬ ਵਿਚੋਂ ਉਤਪੰਨ ਹੁੰਦੇ ਹਨ। ਉਸ ਸ਼ਬਦ ਦੇ ਪਿੱਛੇ ਇੱਕ ਬਿੰਬ ਆਉਂਦਾ ਹੈ। ਮੈਂ ਦੋ ਸਤਰਾਂ ਦੀਆਂ ਮਿਸਾਲਾਂ ਦੇ ਸਕਦਾ ਹਾਂ, ਜੋ ਮੇਰੇ ਦਿਮਾਗ ਵਿਚ ਸਿੱਧੀਆਂ ਆਕਾਸ਼ੋਂ ਉੱਤਰੀਆਂ ਤੇ ਫਿਰ ਨਾਲ ਇੱਕ ਬਿੰਬ ਆਇਆ ਤੇ ਫਿਰ ਮੈਂ ਆਇਆ।

ਨਾਟਕ ਹਨ, 'ਘਰ-ਵਾਪਸੀ" ਤੇ "ਪੁਰਾਣੇ ਵੇਲੇ"। 'ਘਰ ਵਾਪਸੀ' ਦੀ ਪਹਿਲੀ ਸਤਰ ਸੀ, "ਤੁਸੀਂ ਕੈਂਚੀਆਂ ਦਾ ਕੀ ਕੀਤਾ ਹੈ?" 'ਪੁਰਾਣੇ ਵੇਲੇ' ਦੀ ਪਹਿਲੀ ਸਤਰ ਸੀ, "ਹਨੇਰਾ"।

ਹਰ ਕੇਸ ਵਿਚ ਹੋਰ ਕੋਈ ਸੂਚਨਾ ਸੀ। ਪਹਿਲੇ ਮਾਮਲੇ ਵਿਚ ਸਪੱਸ਼ਟ ਭਾਂਤ ਕੋਈ ਜਣਾ ਕੈਂਚੀਆਂ ਦਾ ਜੋੜਾ ਲੱਭ ਰਿਹਾ ਸੀ ਤੇ ਕਿਸੇ ਹੋਰਸ ਦਾ ਅਤਾ-ਪਤਾ ਪੁੱਛ ਰਿਹਾ ਸੀ। ਜਿਸ ਉੱਤੇ ਉਸ ਨੂੰ ਸ਼ੱਕ ਸੀ ਕਿ ਉਸ ਨੇ ਚੁਰਾਈਆਂ ਸਨ। ਪਰ ਕਿਵੇਂ ਨਾ ਕਿਵੇਂ ਮੈਨੂੰ ਪਤਾ ਸੀ ਕਿ ਜਿਸ ਬੰਦੇ ਨੂੰ ਸੰਬੋਧਨ ਕੀਤਾ ਜਾ ਰਿਹਾ ਸੀ ਉਸ ਨੂੰ ਕੈਂਚੀਆਂ ਬਾਰੇ ਜਾਂ ਪ੍ਰਸ਼ਨ-ਕਰਤਾ ਬਾਰੇ ਕੱਖ ਵੀ ਖ਼ਬਰ ਨਹੀਂ ਸੀ।



'ਹਨੇਰਾ' ਵਿਚ ਮੈਂ ਕਿਸੇ ਦੇ ਵਾਲਾਂ ਦਾ ਬਿਆਨ ਕਰ ਰਿਹਾ ਸੀ। ਔਰਤ ਦੇ ਵਾਲਾਂ ਬਾਰੇ ਤੇ ਇਹ ਕਿਸੇ ਪ੍ਰਸ਼ਨ ਦਾ ਉੱਤਰ ਸੀ। ਹਰ ਮਾਮਲੇ ਵਿਚ ਮੈਂ ਮਸਲੇ ਦਾ ਪਿੱਛਾ ਕਰਨ ਲਈ ਮਜਬੂਰ ਸੀ। ਇਹ ਹੌਲੀ-ਹੌਲੀ, ਪ੍ਰਛਾਵੇਂ ਤੋਂ ਰੌਸ਼ਨੀ ਤੀਕ ਝਾਉਲੇ ਵਾਂਗ ਵਾਪਰਿਆ।

ਮੈਂ ਸਦਾ ਹੀ ਪਾਤਰਾਂ ਦੇ ਏ, ਬੀ, ਸੀ, ਨਾਂ ਰੱਖ ਕੇ ਨਾਟਕ ਆਰੰਭ ਕਰਦਾ ਹਾਂ।

ਨਾਟਕ ਜੋ "ਘਰ-ਵਾਪਸੀ" ਬਣ ਗਿਆ ਵਿਚ ਮੈਂ ਇੱਕ ਆਦਮੀ ਵੇਖਿਆ ਜੋ ਹਨੇਰੇ ਕਮਰੇ ਵਿਚ ਦਾਖ਼ਲ ਹੁੰਦਾ ਹੈ ਤੇ ਉਹ ਆਪਣੇ ਤੋਂ ਛੋਟੇ ਨੂੰ, ਜੋ ਇੱਕ ਭੱਦੇ ਸੋਫੇ 'ਤੇ ਬੈਠਾ ਉਡਦੀ ਅਖ਼ਬਾਰ ਪੜ੍ਹਦਾ ਹੈ। ਇੱਕ ਸਵਾਲ ਪੁੱਛਿਆ। ਕਿਸੇ ਨਾ ਕਿਸੇ ਤਰ੍ਹਾਂ ਮੈਨੂੰ ਸ਼ੱਕ ਪਿਆ ਸੀ ਕਿ ਏ, ਪਿਤਾ ਸੀ ਤੇ ਬੀ ਉਸ ਦਾ ਲੜਕਾ ਸੀ। ਪਰ ਮੇਰੇ ਕੋਲ ਸਬੂਤ ਕੋਈ ਨਹੀਂ ਸੀ। ਪਰ ਇਹ ਗੱਲ ਕੁਝ ਦੇਰ ਪਿੱਛੋਂ ਸਾਬਤ ਹੋ ਗਈ ਜਦੋਂ ਬੀ (ਜੋ ਪਿੱਛੋਂ ਲੀਨੀ ਬਣ ਗਿਆ) ਏ ਨੂੰ ਕਹਿੰਦਾ ਹੈ (ਜੋ ਪਿੱਛੋਂ ਮੈਕਸ ਬਣ ਗਿਆ) ਡੈਡੀ, ਕੀ ਤੁਸੀਂ ਬੁਰਾ ਤਾਂ ਨਹੀਂ ਮਨਾਉਗੇ ਜੇ ਮੈਂ ਵਿਸ਼ਾ ਬਦਲ ਲਵਾਂ? ਮੈਂ ਤੁਹਾਨੂੰ ਕੁਝ ਪੁੱਛਣਾ ਚਾਹੁੰਦਾ ਹਾਂ। ਜਿਹੜਾ ਰਾਤ ਦਾ ਖਾਣਾ ਆਪਾਂ, ਪਹਿਲਾਂ ਖਾਧਾ ਸੀ, ਤੁਸੀਂ ਉਸ ਨੂੰ ਕੀ ਸੱਦਦੇ ਹੋ? ਤੁਸੀਂ ਇੱਕ ਕੁੱਤਾ ਕਿਉਂ ਨਹੀਂ ਖਰੀਦ ਲੈਂਦੇ? ਤੁਸੀਂ ਕੁੱਤਿਆਂ ਦੇ ਬਾਵਰਚੀ ਹੋ। ਈਮਾਨਦਾਰ। ਤੁਸੀਂ ਸੋਚਦੇ ਹੋ ਕਿ ਤੁਸੀਂ ਕਿੰਨੇ ਸਾਰੇ ਕੁੱਤਿਆਂ ਲਈ ਭੋਜਨ ਤਿਆਰ ਕਰਦੇ ਹੋ। ਇਸ ਲਈ ਬੀ, ਏ, ਨੂੰ ਡੈਡੀ ਆਖ ਕੇ ਬੁਲਾਉਂਦਾ ਹੈ, ਮੈਨੂੰ ਇਹ ਗੱਲ ਦਲੀਲ ਮਈ ਪ੍ਰਤੀਤ ਹੁੰਦੀ ਹੈ ਕਿ ਉਹ ਪਿਓ-ਪੁੱਤ ਹਨ। ਏ ਸਪੱਸ਼ਟ ਭਾਂਤ ਬਾਵਰਚੀ ਸੀ ਤੇ ਉਸ ਦੀ ਖਾਣਾ ਬਣਾਉਣ ਦੀ ਪੱਧਰ ਉੱਚੀ ਪ੍ਰਤੀਤ ਨਹੀਂ ਸੀ ਸਮਝੀ ਜਾਂਦੀ। ਕੀ ਇਸ ਦਾ ਅਰਥ ਇਹ ਸੀ ਕਿ ਉੱਥੇ ਕੋਈ ਮਾਂ ਨਹੀਂ ਸੀ। ਮੈਨੂੰ ਨਹੀਂ ਪਤਾ। ਪਰ ਜਿਵੇਂ ਮੈਂ ਆਪਣੇ ਆਪ ਨੂੰ ਪਿੱਛੋਂ ਕਿਹਾ ਸਾਡੇ ਆਰੰਭ ਦੇ ਅੰਤ ਦਾ ਪਤਾ ਨਹੀਂ ਹੁੰਦਾ।

'ਹਨੇਰਾ' ਇੱਕ ਵੱਡੀ ਖਿੜਕੀ। ਸਾਮ ਦਾ ਆਕਾਸ਼। ਇੱਕ ਆਦਮੀ ਏ (ਜੋ ਪਿੱਛੋਂ ਦੀਲੀ ਬਣ ਗਿਆ) ਤੇ ਇੱਕ ਔਰਤ ਸੀ (ਜੋ ਪਿੱਛੋਂ ਕਾਤੀ ਬਣ ਗਈ) ਆਪਣੇ ਗਲਾਸ ਲੈ ਕੇ ਬੈਠੇ ਹੋਏ ਹਨ। ਪਤਲਾ ਕਿ ਮੋਟਾ ਏ ਆਦਮੀ ਪੁੱਛਦਾ ਹੈ। ਉਹ ਕਾਹਦੇ ਬਾਰੇ ਗੱਲਾਂ ਕਰ ਰਹੇ ਹਨ? ਪਰ ਮੈਂ ਬਾਰੀ ਵਿਚ ਖਲੋਤੀ ਇੱਕ ਇਸਤਰੀ ਦੇਖਦਾ ਹਾਂ ਜੋ ਸੀ ਹੈ ਤੇ (ਜੋ ਪਿੱਛੋਂ ਆਨਾ ਬਣ ਜਾਂਦੀ ਹੈ) ਉਹ ਰੌਸ਼ਨੀ ਵਿਚ ਪਿੱਠ ਕਰੀ ਖਲੋਤੀ ਹੈ ਤੇ ਉਸ ਦੇ ਵਾਲ ਕਾਲੇ ਹਨ।

ਇੱਕ ਅਸਚਰਜ ਛਿਣ ਵਿਚ, ਜਿਸ ਛਿਣ ਵਿਚ ਪਾਤਰ ਸਿਰਜੇ ਜਾਂਦੇ ਹਨ ਤੇ ਜਿਹਨਾਂ ਦੀ ਉਸ ਘੜੀ ਤੀਕ ਕੋਈ ਹੋਂਦ ਨਹੀਂ ਸੀ। ਸਿੱਟਾ ਨਿਕਲਦਾ ਹੈ, ਦੌਰਾ ਪੈਣ ਵਰਗੀ ਹਾਲਤ, ਅਨਿਸਚਿਤ ਏਥੋਂ ਤੀਕ ਕਿ ਨਜ਼ਰ ਦੇ ਧੋਖੇ ਵਰਗੀ ਹਾਲਤ, ਭਾਵੇਂ ਇਹ ਕਈ ਵਾਰ ਬਰਫ਼ ਦੇ ਅਰੋਕ ਤੋਦੇ ਵਰਗੀ ਹਾਲਤ ਹੁੰਦੀ ਹੈ। ਲੇਖਕ ਦੀ ਅਵਸਥਾ ਵੀ ਅਜੀਬ ਹੁੰਦੀ ਹੈ, ਇੱਕ ਤਰ੍ਹਾਂ ਨਾਲ ਪਾਤਰ ਉਸ ਦਾ ਸਵਾਗਤ ਨਹੀਂ ਕਰਦੇ। ਪਾਤਰ ਉਸ ਦੇ ਅੱਗੇ ਅੜਦੇ ਹਨ, ਉਹਨਾਂ ਨਾਲ ਰਹਿਣਾ ਸੌਖਾ ਨਹੀਂ, ਉਹਨਾਂ ਦੀ ਪਰਿਭਾਸ਼ਾ ਦੇਣੀ ਸੌਖੀ ਨਹੀਂ। ਨਿਸਚੇ ਹੀ ਤੁਸੀਂ ਉਹਨਾਂ ਉੱਤੇ ਹੁਕਮ ਨਹੀਂ ਚਲਾ ਸਕਦੇ। ਕਿਸੇ ਹੱਦ ਤੀਕ, ਤੁਸੀਂ ਉਹਨਾਂ ਨਾਲ ਬਿੱਲੀ, ਚੂਹੇ ਵਰਗੀ ਨਾ ਮੁੱਕਣ ਵਾਲੀ ਖੇਡ ਖੇਡਦੇ ਹੋ। ਕਾਲੇ ਆਦਮੀ ਦੀ ਚਮੜੀ ਵਰਗੀ ਲੁਕਣ-ਮੀਚੀ, ਪਰ ਅੰਤ ਉੱਤੇ ਵੇਖਦੇ ਹੋ ਕਿ ਤੁਹਾਡੇ ਕੋਲ ਹੱਡ-ਮਾਸ ਦੇ ਲੋਕ ਹਨ, ਉਹ ਲੋਕ, ਜਿਹਨਾਂ ਦੀ ਆਪਣੀ ਵਿਅਕਤੀਗਤ ਸੰਵੇਦਨਸ਼ੀਲਤਾ ਹੈ, ਜੋ ਉਹਨਾਂ ਹਿੱਸਿਆਂ ਦੀ ਬਣੀ ਹੁੰਦੀ ਹੈ, ਜੋ ਤੁਸੀਂ ਨਾ ਬਦਲ ਸਕਦੇ ਹੋ, ਨਾ ਭੰਨ-ਤੋੜ ਸਕਦੇ ਤੇ ਨਾ ਪੱਤੇ-ਬਾਜ਼ੀ ਕਰ ਸਕਦੇ ਹੋ।

ਇਸ ਲਈ ਕਲਾ ਵਿਚ ਭਾਸ਼ਾ, ਬਹੁਤ ਹੀ ਅਸਪੱਸ਼ਟ ਪ੍ਰਬੰਧ ਹੈ, ਇੱਕ ਜਿੱਲ੍ਹਣ, ਕੈਨਵਸ ਦੀ ਚਾਦਰ, ਇੱਕ ਜੰਮਿਆ ਹੋਇਆ ਤਲਾਅ ਜੋ ਕਿਸੇ ਸਮੇਂ ਵੀ, ਤੁਹਾਡੇ ਅਥਵਾ ਲੇਖਕ ਦੇ ਭਾਰ ਨਾਲ ਹੇਠਾਂ ਬਹਿ ਸਕਦਾ ਹੈ।

ਐਪਰ, ਜਿਵੇਂ ਮੈਂ ਕਿਹਾ ਹੈ, ਸੱਚ ਦੀ ਤਲਾਸ਼ ਕਦੇ ਰੁਕਦੀ ਨਹੀਂ। ਇਹ ਟਾਲ਼ੀ ਵੀ ਨਹੀਂ ਜਾ

ਸਕਦੀ, ਤੇ ਨਾ ਹੀ ਰੁਕ ਸਕਦੀ ਹੈ। ਇਸ ਦਾ ਟਾਕਰਾ ਕਰਨਾ ਹੀ ਕਰਨਾ ਪੈਣਾ ਹੈ, ਐਨ ਉੱਥੇ, ਮੌਕੇ ਉੱਤੇ ਹੀ।

ਰਾਜਸੀ ਥੀਏਟਰ ਬਿਲਕੁਲ ਹੀ ਵੱਖਰੀਆਂ ਸਮੱਸਿਆਵਾਂ ਦਾ ਜੋੜ ਪੇਸ਼ ਕਰਦਾ ਹੈ। ਹਰ ਕੀਮਤ ਉੱਤੇ ਸਿੱਖਿਆ ਦੇਣ ਤੋਂ ਬਚਣਾ ਪੈਂਦਾ ਹੈ। ਬਾਹਰਮੁਖਤਾ ਅਵੱਸ਼ਕ ਹੈ। ਪਾਤਰਾਂ ਨੂੰ ਖੁੱਲ੍ਹ ਹੋਵੇ ਕਿ ਉਹ ਆਪਣੀ ਮਰਜ਼ੀ ਨਾਲ ਸਾਹ ਲੈ ਸਕਣ। ਲੇਖਕ ਨਾ ਹੀ ਪਾਤਰਾਂ ਨੂੰ ਨਾ ਹੀ ਕੈਦ ਕਰ ਸਕਦਾ ਹੈ, ਤੇ ਨਾ ਹੀ ਵਲੇਵਾਂ ਮਾਰ ਜਾਂ ਸੀਮਾ-ਬੱਧ ਕਰ ਸਕਦਾ ਹੈ, ਤਾਂਕਿ ਉਹ ਆਪਣੇ ਸਵਾਦ, ਸੁਭਾਅ ਜਾਂ ਪੱਖਪਾਤ ਨੂੰ ਸੰਤੁਸ਼ਟ ਕਰ ਸਕਦਾ ਹੋਵੇ। ਉਸ ਨੂੰ ਉਹਨਾਂ ਨੂੰ ਕਈ ਕੋਣਾਂ ਤੋਂ ਪਹੁੰਚ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ ਤਾਂ ਕਿ ਉਹ ਕਈ ਨਵੇਂ ਤੇ ਭਰਪੂਰ ਦ੍ਰਿਸ਼ਟੀਕੋਣਾਂ ਤੋਂ ਵੇਖ ਸਕੇ, ਕਦੇ-ਕਦੇ ਹੈਰਾਨ ਕਰ ਸਕੇ, ਤੇ ਨਾ ਹੀ ਉਹਨਾਂ ਨੂੰ ਇਹ ਖੁੱਲ੍ਹ ਦੇ ਸਕੇ ਕਿ ਉਹ ਜਿਸ ਰਾਹ ਮਰਜ਼ੀ ਪੈ ਜਾਣ। ਇਹ ਕੰਮ ਸਦਾ ਨਹੀਂ ਚੱਲਦਾ ਤੇ ਰਾਜਸੀ ਵਿਅੰਗ, ਨਿਰਸੰਦੇਹ ਹਮੇਸ਼ਾ ਹੀ ਇਹਨਾਂ ਨੁਸਖਿਆਂ ਦੀ ਪਾਲਣਾ ਨਹੀਂ ਕਰਦਾ। ਸਗੋਂ ਇਸ ਦੇ ਉਲਟ ਕੰਮ ਕਰਦਾ ਹੈ, ਜੋ ਇਸ ਦਾ ਢੁੱਕਵਾਂ ਕਾਰਜ ਹੈ।

ਮੇਰੇ ਆਪਣੇ ਨਾਟਕ "ਜਨਮ-ਦਿਵਸ ਪਾਰਟੀ" ਵਿਚ ਮੇਰਾ ਖ਼ਿਆਲ ਹੈ ਕਿ ਮੈਂ ਅਖ਼ੀਰ ਉੱਤੇ ਅਧੀਨਤਾ ਦੀ ਝਾਕੀ ਉੱਤੇ ਧਿਆਨ ਕੇਂਦਰਤ ਕਰਨ ਤੋਂ ਪਹਿਲਾਂ, ਸੰਭਾਵਨਾ ਦੇ ਸੰਘਣੇ ਜੰਗਲ ਵਿਚ ਕੰਮ ਕਰਨ ਦੇ ਕਈ ਭਾਂਤਾਂ ਦੇ ਰਾਹ ਦੀ ਆਗਿਆ ਦੇ ਦਿੱਤੀ ਹੈ।

'ਪਹਾੜੀ ਭਾਸ਼ਾ' ਨਾਟਕ ਅਜਿਹੇ ਕਈ ਭਾਂਤ ਦੇ ਕਾਰਜਾਂ ਦਾ ਦਾਅਵਾ ਨਹੀਂ ਕਰਦਾ। ਇਹ ਛੋਟਾ, ਕਰੂਪ ਅਤੇ ਵਹਿਸ਼ੀ ਹੀ ਰਹਿੰਦਾ ਹੈ। ਪਰ ਨਾਟਕ ਵਿਚਲੇ ਸਿਪਾਹੀ ਇਸ ਵਿਚੋਂ ਕੁਝ ਆਨੰਦ ਅਵੱਸ਼ ਲੈਂਦੇ ਹਨ। ਬੰਦਾ ਕਈ ਵਾਰ ਭੁੱਲ ਜਾਂਦਾ ਹੈ ਕਿ ਤਸੀਹੇ ਸਹਿਜੇ ਹੀ ਬੋਰ ਕਰਦੇ ਹਨ। ਉਹਨਾਂ ਨੂੰ ਆਪਣੇ ਮਨੋਬਲਾਂ ਨੂੰ ਕਾਇਮ ਰੱਖਣ ਲਈ ਥੋੜ੍ਹੇ ਕੁ ਹਾਸੇ ਦੀ ਵੀ ਲੋੜ ਹੁੰਦੀ ਹੈ। ਨਿਰਸੰਦੇਹ ਇਹ ਗੱਲ ਬਗ਼ਦਾਦ ਵਿਚ ਆਬੂ-ਗ਼ਰੀਬ ਦੀਆਂ ਘਟਨਾਵਾਂ ਤੋਂ ਪ੍ਰਮਾਣਿਕ ਹੋ ਗਈ ਹੈ। (ਪਹਾੜੀ ਭਾਸ਼ਾ (Mountain Language) ਸਿਰਫ਼ ਵੀਹ ਮਿੰਟ ਚੱਲਦਾ ਹੈ, ਪਰ ਇਹ ਕੰਮ ਬਾਰ-ਬਾਰ, ਘੰਟਾ ਦਰ ਘੰਟਾ ਏਸੇ ਹੀ ਢੰਗ ਨਾਲ ਕਈ ਵਾਰ ਘੰਟਿਆਂ ਬੱਧੀ ਦੁਹਰਾਇਆ ਜਾ ਸਕਦਾ ਹੈ।

ਦੂਸਰੇ ਪਾਸੇ (Ashes to Ashes) 'ਰਾਖ਼ ਤੋਂ ਰਾਖ਼' ਤੀਕ ਪਾਣੀ ਹੇਠ ਵਾਪਰਦਾ ਪ੍ਰਤੀਤ ਹੁੰਦਾ ਹੈ। ਇੱਕ ਡੁੱਬ ਰਹੀ ਤ੍ਰੀਮਤ ਜਿਸ ਦਾ ਹੱਥ ਲਹਿਰਾਂ ਵਿਚੋਂ ਵਧਿਆ ਦਿਸਦਾ ਹੈ ਤੇ ਜਿਹੜੀ ਡਿੱਗ ਕੇ ਨਜ਼ਰਾਂ ਤੋਂ ਅਲੋਪ ਹੋ ਜਾਂਦੀ ਹੈ। ਦੂਸਰਿਆਂ ਤੀਕ ਅੱਪੜਨ ਦੀ ਕੋਸ਼ਿਸ਼ ਕਰਦੀ, ਪਰ ਉੱਥੇ ਕੋਈ ਵੀ ਨਹੀਂ ਹੈ, ਨਾ ਪਾਣੀ ਦੇ ਹੇਠ ਤੇ ਨਾ ਉੱਤੇ ਤੇ ਉਸ ਨੂੰ ਸਿਰਫ਼ ਪ੍ਰਛਾਵੇਂ, ਪ੍ਰਤੀਬਿੰਬ ਹੀ ਤਰਦੇ ਦਿਸਦੇ ਹਨ। ਇਸ ਡੁੱਬਦੇ ਭੋਂ-ਦ੍ਰਿਸ਼ ਵਿਚ ਗੁੰਮ ਰਹੀ ਔਰਤ ਦੀ ਸ਼ਕਲ ਹੀ ਦਿਸਦੀ ਹੈ। ਔਰਤ ਜੋ ਇਸ ਤਬਾਹੀ ਤੋਂ ਬਚ ਨਿਕਲਣ ਦੇ ਅਯੋਗ ਹੈ, ਜੋ ਤਬਾਹੀ ਕਿ ਦੂਜਿਆਂ ਦੀ ਪ੍ਰਤੀਤ ਹੁੰਦੀ ਸੀ।

ਐਪਰ ਜਦੋਂ ਉਹ ਮਰ ਰਹੇ ਸਨ ਤਾਂ ਉਸ ਨੇ ਵੀ ਅਵੱਸ਼ ਹੀ ਮਰਨਾ ਸੀ।

ਰਾਜਨੀਤੀਵਾਨਾਂ ਵਲੋਂ ਵਰਤੀ ਜਾਂਦੀ ਭਾਸ਼ਾ, ਇਸ ਖੇਤਰ ਵਿਚ ਦਾਖ਼ਲ ਹੋਣ ਦੀ ਖੇਚਲ ਨਹੀਂ ਕਰਦੀ, ਕਿਉਂਕਿ ਬਹੁ-ਗਿਣਤੀ ਰਾਜਨੀਤੀਵਾਨ, ਜਿਨ੍ਹਾਂ ਬਾਰੇ ਜੋ ਵੀ ਗਵਾਹੀ ਮਿਲਦੀ ਹੈ, ਉਹ ਸੱਚ ਵਿਚ ਦਿਲਚਸਪੀ ਨਹੀਂ ਰੱਖਦੇ, ਸਗੋਂ ਤਾਕਤ ਪ੍ਰਾਪਤ ਕਰਨ ਤੇ ਇਸ ਨੂੰ ਕਾਇਮ ਰੱਖਣ ਵਿਚ ਦਿਲਚਸਪੀ ਰੱਖਦੇ ਹਨ। ਉਸ ਸ਼ਕਤੀ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੈ ਕਿ ਲੋਕੀਂ ਅਗਿਆਨਤਾ ਵਿਚ ਰਹਿਣ ਕਿ ਉਹ ਸੱਚ ਪ੍ਰਤੀ ਅਗਿਆਤ ਰਹਿਣ, ਏਥੋਂ ਤੱਕ ਕਿ ਆਪਣੀਆਂ ਜ਼ਿੰਦਗੀਆਂ ਦੇ ਸੱਚ ਬਾਰੇ ਵੀ ਅਣਜਾਣ ਰਹਿਣਾ ਜੋ ਕੁਝ ਸਾਡੇ ਆਲੇ-ਦੁਆਲੇ ਬਾਕੀ ਬਚਦਾ ਹੈ, ਉਹ ਬੱਸ ਝੂਠਾਂ ਦਾ ਵਿਸ਼ਾਲ ਪਰਦਾ ਹੁੰਦਾ ਹੈ, ਜਿਸ ਉੱਤੇ ਅਸੀਂ ਪਲਦੇ ਹਾਂ।

ਜਿਵੇਂ ਕਿ ਏਥੇ ਹਰ 'ਕੱਲਾ-'ਕੱਲਾ ਬੰਦਾ ਜਾਣਦਾ ਹੈ, ਇਰਾਕ ਉੱਤੇ ਹਮਲੇ ਦਾ ਬਹਾਨਾ ਇਹ



ਸੀ ਕਿ ਸਦਾਮ ਹੁਸੈਨ ਕੋਲ ਜੰਤਕ ਬਰਬਾਦੀ ਦੇ ਅਣਗਿਣਤ ਖ਼ਤਰਨਾਕ ਹਥਿਆਰਾਂ ਦੇ ਭੰਡਾਰ ਹਨ, ਜਿਹੜੇ ਕਿ ਪੰਜਤਾਲੀ ਮਿੰਟਾਂ ਵਿਚ ਚਲਾਏ ਜਾ ਸਕਦੇ ਹਨ ਤੇ ਇਹ ਭਿਆਨਕ ਤਬਾਹੀ ਲਿਆ ਸਕਦੇ ਹਨ। ਸਾਨੂੰ ਯਕੀਨ ਦਿਵਾਇਆ ਗਿਆ ਕਿ ਇਹ ਗੱਲ ਸੱਚੀ ਸੀ। ਪਰ ਇਹ ਸੱਚੀ ਗੱਲ ਨਹੀਂ ਸੀ, ਸਾਨੂੰ ਦੱਸਿਆ ਗਿਆ ਕਿ ਇਰਾਕ ਦਾ ਅਲ-ਕਾਇਦਾ ਨਾਲ ਸਬੰਧ ਸੀ ਅਤੇ ਉਹ 11 ਸਤੰਬਰ 2001ਨਿਊਯਾਰਕ ਵਿਚਲੇ ਜ਼ੁਲਮ ਵਿਚ ਭਾਈਵਾਲ ਸੀ। ਸਾਨੂੰ ਭਰੋਸਾ ਦਿੱਤਾ ਗਿਆ ਕਿ ਇਹ ਸੱਚੀ ਗੱਲ ਸੀ। ਪਰ ਇਹ ਸੱਚ ਨਹੀਂ ਸੀ। ਸਾਨੂੰ ਦੱਸਿਆ ਗਿਆ ਕਿ ਇਰਾਕ ਤੋਂ ਸੰਸਾਰ ਦੀ ਸੁਰੱਖਿਆ ਨੂੰ ਖ਼ਤਰਾ ਸੀ। ਸਾਨੂੰ ਦੱਸਿਆ ਗਿਆ ਕਿ ਇਹ ਸੱਚ ਸੀ, ਪਰ ਇਹ ਸੱਚ ਨਹੀਂ ਸੀ।

ਸੱਚ ਬਿਲਕੁਲ ਵੱਖਰਾ ਸੀ, ਸੱਚ ਇਹ ਹੈ ਕਿ ਸੰਯੁਕਤ ਰਾਜ ਅਮਰੀਕਾ ਸੰਸਾਰ ਵਿਚ ਆਪਣੇ ਰੋਲ ਨੂੰ ਕਿਵੇਂ ਸਮਝਦਾ ਹੈ ਤੇ ਇਸ ਨੂੰ ਪੂਰਾ ਕਰਨ ਲਈ ਕਿਹੜਾ ਰਾਹ ਚੁਣਦਾ ਹੈ।

ਪਰ ਇਸ ਤੋਂ ਪਹਿਲਾਂ ਕਿ ਮੈਂ ਵਰਤਮਾਨ ਵੱਲ ਵਾਪਸ ਪਰਤਾਂ, ਮੈਂ ਹਾਲ ਵਿਚ ਵੀ ਵਾਪਰੇ ਭੂਤਕਾਲ ਦੀ ਗੱਲ ਕਰਨੀ ਚਾਹਾਂਗਾ। ਜਿਸ ਤੋਂ ਮੇਰਾ ਭਾਵ ਸੰਯੁਕਤ ਰਾਜ ਅਮਰੀਕਾ ਦੀ, ਦੂਸਰੀ ਸੰਸਾਰ ਜੰਗ ਤੋਂ ਬਾਅਦ ਦੀ ਵਿਦੇਸ਼ੀ ਨੀਤੀ ਤੋਂ ਹੈ। ਮੇਰਾ ਵਿਸ਼ਵਾਸ ਹੈ ਕਿ ਇਹ ਸਾਡੇ ਸਾਰਿਆਂ ਲਈ ਬੜਾ ਜ਼ਰੂਰੀ ਹੈ ਕਿ ਇਸ ਸਮੇਂ ਦੀ ਥੋੜ੍ਹੀ ਜਿਹੀ ਸੀਮਤ ਪੜਤਾਲ ਹੀ ਕਰ ਲਈਏ ਤੇ ਸਮਾਂ ਏਥੇ ਏਨੀ ਕੁ ਹੀ ਆਗਿਆ ਦਿੰਦਾ ਹੈ।

ਹਰੇਕ ਨੂੰ ਪਤਾ ਹੈ ਕਿ ਜੰਗ ਤੋਂ ਬਾਅਦ ਦੇ ਪੀਰੀਅਡ ਵਿਚ ਸੋਵੀਅਤ ਯੂਨੀਅਨ ਤੇ ਹੋਰ ਪੂਰਬੀ ਯੂਰਪ ਵਿਚ ਕੀ ਵਾਪਰਿਆ ਸੀ। ਇਹ ਯੋਜਨਾਬੱਧ ਵਹਿਸ਼ੀਪਨ, ਸਰਬ-ਵਿਆਪੀ ਜ਼ੁਲਮ ਤੇ ਆਜ਼ਾਦ ਖ਼ਿਆਲ ਨੂੰ ਬੇਰਹਿਮੀ ਨਾਲ ਕੁਚਲਣਾ ਸੀ। ਇਸ ਸਾਰੇ ਕੁਝ ਦੀ ਪੂਰੀ ਪੜਤਾਲ ਹੋ ਚੁੱਕੀ ਹੈ ਤੇ ਨਾਲ ਹੀ ਇਸ ਦਾ ਦਸਤਾਵੇਜ਼ੀ ਕਰਨ ਕੀਤਾ ਜਾ ਚੁੱਕਾ ਹੈ।

ਪਰ ਮੇਰਾ ਏਥੇ ਮੱਤ ਇਹ ਹੈ ਕਿ ਯੂ. ਐੱਸ. ਏ. ਦੇ ਜੁਰਮ, ਏਸੇ ਹੀ ਸਮੇਂ ਦੌਰਾਨ ਬੜੀ ਲਾਪਰਵਾਹੀ ਨਾਲ ਰਿਕਾਰਡ ਕੀਤੇ ਗਏ ਹਨ। ਦਸਤਾਵੇਜ਼ੀ ਕਰਨ ਦੀ ਤਾਂ ਗੱਲ ਛੱਡੋ, ਇਹ ਪ੍ਰਵਾਨ ਹੀ ਨਹੀਂ ਕੀਤੇ ਗਏ ਤੇ ਨਾ ਹੀ ਜੁਰਮਾਂ ਵਜੋਂ ਪ੍ਰਵਾਨ ਹੀ ਕੀਤੇ ਗਏ ਹਨ। ਮੇਰਾ ਵਿਸ਼ਵਾਸ ਹੈ ਕਿ ਇਹਨਾਂ ਜੁਰਮਾਂ ਨੂੰ ਸੰਬੋਧਨ ਹੋਣਾ ਚਾਹੀਦਾ ਹੈ ਕਿਉਂਕਿ ਜਿੱਥੇ ਹੁਣ ਦੁਨੀਆ ਅੱਪੜੀ ਹੈ, ਉਸ ਉੱਤੇ ਇਸ ਸੱਚਾਈ ਦਾ ਕਾਫ਼ੀ ਪ੍ਰਭਾਵ ਹੈ। ਭਾਵੇਂ ਕਿ ਸੋਵੀਅਤ ਯੂਨੀਅਨ ਦੀ ਹੋਂਦ ਕਾਰਨ ਕਿਸੇ ਹੱਦ ਤੀਕ ਉਸ ਉੱਤੇ ਰੋਕਾਂ ਲੱਗੀਆਂ ਹੋਈਆਂ ਸਨ, ਐਪਰ ਸਾਰੇ ਸੰਸਾਰ ਵਿਚ ਸੰਯੁਕਤ ਰਾਜ ਦੀਆਂ ਕਾਰਵਾਈਆਂ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਸੀ ਕਿ ਇਸ ਨੇ ਇਹ ਸਿੱਟਾ ਕੱਢ ਦਿੱਤਾ ਸੀ ਕਿ ਇਸ ਨੂੰ ਜਿਵੇਂ ਇਹ ਚਾਹੇ ਕਰਨ ਦੇ ਸਾਰੇ ਅਧਿਕਾਰ ਮਿਲੇ ਹੋਏ ਸਨ।

ਕਿਸੇ ਵੀ ਸਰਬ-ਸਮਰੱਥ ਰਾਜ ਉੱਤੇ ਸਿੱਧਾ ਹਮਲਾ ਕਰਨਾ ਅਮਰੀਕਾ ਦਾ ਪ੍ਰਵਾਨਤ ਤਰੀਕਾ ਕਦੇ ਵੀ ਨਹੀਂ ਰਿਹਾ। ਮੁੱਖ ਤੌਰ ਉੱਤੇ ਉਸ ਨੇ "ਘੱਟ ਸ਼ਿੱਦਤ ਵਾਲੇ ਝਗੜੇ" ਕਹਿ ਕੇ ਪਹਿਲ ਦਿੱਤੀ ਹੈ। ਘੱਟ ਸ਼ਿੱਦਤ ਵਾਲੇ ਝਗੜੇ ਦਾ ਅਰਥ ਹੈ ਕਿ ਹਜ਼ਾਰਾਂ ਹੀ ਲੋਕ ਇੱਕੋ ਹੀ ਝਪਟ ਵਿਚ ਬੰਬ ਦੇ ਡਿੱਗਣ ਨਾਲ ਮਰਦੇ ਤਾਂ ਹਨ ਪਰ ਹੌਲੀ-ਹੌਲੀ। ਇਸ ਦਾ ਅਰਥ ਇਹ ਹੈ ਕਿ ਤੁਸੀਂ ਦੇਸ਼ ਦੇ ਦਿਲ ਨੂੰ ਵਿਹਲਾ ਕਰਦੇ ਹੋ, ਕਿ ਤੁਸੀਂ ਦੋਖੀ ਵਿਕਾਸ ਕਾਇਮ ਕਰਦੇ ਹੋ ਤੇ ਫਿਰ ਰੋਗ ਨੂੰ ਵਿਗਸਣ ਦਾ ਮੌਕਾ ਦਿੰਦੇ ਹੋ। ਜਦੋਂ ਆਬਾਦੀ ਨੂੰ ਗੁਲਾਮ ਬਣਾ ਲਿਆ ਗਿਆ ਹੈ ਜਾਂ ਕੁੱਟ ਕੇ ਮਾਰ ਦਿੱਤਾ ਗਿਆ ਹੈ ਤਾਂ ਤੁਸੀਂ ਤੇ ਤੁਹਾਡੇ ਮਿੱਤਰ ਅਰਥਾਤ ਸੈਨਾ ਅਤੇ ਵੱਡੀਆਂ ਕਾਰਪੋਰੇਸ਼ਨਾਂ ਐਸ਼ ਨਾਲ ਸ਼ਕਤੀ ਦੀ ਗੱਦੀ ਉੱਤੇ ਬੈਠਦੀਆਂ ਹਨ, ਤੁਸੀਂ ਕੈਮਰੇ ਦੇ ਸਾਹਮਣੇ ਹੁੰਦੇ ਹੋ ਤੇ ਆਖਦੇ ਹੋ ਕਿ ਲੋਕ-ਰਾਜ ਦੀ ਜਿੱਤ ਹੋਈ ਹੈ। ਇਹ ਉਹਨਾਂ ਸਾਲਾਂ ਦੀ ਯੂ. ਐੱਸ. ਏ. ਦੀ ਆਮ ਬਦੇਸ਼ੀ ਨੀਤੀ ਸੀ, ਜਿਸ ਦਾ ਮੈਂ ਜ਼ਿਕਰ ਕਰ ਰਿਹਾ ਸੀ।

ਨਿਕਾਰਗੋਆ ਦਾ ਦੁਖਾਂਤ ਖ਼ਾਸ ਤੌਰ ਤੇ ਮਹੱਤਵਪੂਰਨ ਕੇਸ ਸੀ। ਮੈਂ ਇਸ ਨੂੰ ਸੰਸਾਰ ਵਿਚ ਉਦੋਂ ਤੇ ਹੁਣ ਅਮਰੀਕਾ ਦੇ ਰੋਲ ਦੀ ਜ਼ੋਰਦਾਰ ਮਿਸਾਲ ਸਮਝ ਕੇ ਪੇਸ਼ ਕਰਨ ਲਈ ਚੁਣਿਆ ਹੈ।

ਮੈਂ 1980 ਦੇ ਅੰਤ ਉੱਤੇ ਲੰਡਨ 'ਚ ਅਮਰੀਕੀ ਸਿਫਾਰਤਖਾਨੇ ਦੀ ਮੀਟਿੰਗ ਵਿਚ ਹਾਜ਼ਰ ਸੀ।

ਸੰਯੁਕਤ ਰਿਆਸਤਾਂ ਦੀ ਕਾਂਗਰਸ ਇਹ ਫੈਸਲਾ ਕਰਨ ਵਾਲੀ ਸੀ ਕਿ ਨਿਕਾਰਗੂਆ ਦੀ ਸਟੇਟ ਦੇ ਵਿਰੁੱਧ ਮੁਹਿੰਮ ਨੂੰ ਕੰਨਟਰਾਸ ਨੂੰ ਹੋਰ ਸਹਾਇਤਾ ਦਿੱਤੀ ਜਾਵੇ ਜਾਂ ਨਾ। ਮੈਂ ਉਸ ਡੈਲੀਗੇਸ਼ਨ ਦਾ ਮੈਂਬਰ ਸੀ, ਜਿਸ ਨੇ ਨਿਕਾਰਗੂਆ ਦੇ ਹੱਕ ਵਿਚ ਬੋਲਣਾ ਸੀ, ਪਰ ਉਸ ਡੈਲੀਗੇਸ਼ਨ ਦਾ ਸਭ ਤੋਂ ਮਹੱਤਵਪੂਰਨ ਮੈਂਬਰ ਫਾਦਰ ਜੋਹਨ ਮੈਟਕਾਫ ਸੀ। ਯੂ. ਐੱਸ. ਏ. ਜਥੇਬੰਦੀ ਦਾ ਆਗੂ ਰੇਮੰਡ ਸੀਟਜ਼ ਸੀ। (ਜੋ ਸਫੀਰ ਤੋਂ ਦੂਜੇ ਨੰਬਰ ਉੱਤੇ ਸੀ ਤੇ ਪਿੱਛੋਂ ਸਫੀਰ ਬਣ ਗਿਆ ਸੀ) ਫਾਦਰ ਮੈਟਕਾਫ ਨੇ ਕਿਹਾ, "ਮੈਂ ਨਿਕਾਰਗੂਆ ਦੇ ਉੱਤਰ ਵਿਚ, ਇੱਕ ਪਾਦਰੀ ਬਸਤੀ ਦਾ ਇੰਚਾਰਜ ਹਾਂ। ਮੇਰੀ ਬਸਤੀ ਵਾਲਿਆਂ ਇੱਕ ਸਕੂਲ, ਇੱਕ ਸਿਹਤ-ਕੇਂਦਰ ਤੇ ਇੱਕ ਸੱਭਿਆਚਾਰਕ ਕੇਂਦਰ ਉਸਾਰਿਆ। ਅਸੀਂ ਅਮਨ ਵਿਚ ਰਹਿ ਰਹੇ ਸੀ। ਕੁਝ ਮਹੀਨੇ ਪਹਿਲਾਂ ਇੱਕ ਕੌਂਟਰਾ ਸੈਨਾ ਨੇ ਬਸਤੀ ਉੱਤੇ ਹਮਲਾ ਕੀਤਾ। ਉਹਨਾਂ ਨੇ ਸਭ ਕੁਝ ਤਬਾਹ ਕਰ ਦਿੱਤਾ। ਸਕੂਲ, ਸਿਹਤ-ਕੇਂਦਰ ਤੇ ਸਭਿਆਚਾਰਕ ਕੇਂਦਰ। ਉਹਨਾਂ ਨੇ ਨਰਸਾਂ ਤੇ ਟੀਚਰਾਂ ਨਾਲ ਬਲਾਤਕਾਰ ਕੀਤਾ, ਡਾਕਟਰਾਂ ਨੂੰ ਬਹੁਤ ਨਿਰਦਈ ਢੰਗ ਨਾਲ ਕਤਲ ਕਰ ਦਿੱਤਾ। ਉਹਨਾਂ ਵਹਿਸ਼ੀਆਂ ਵਾਂਗ ਵਿਹਾਰ ਕੀਤਾ। ਮਿਹਰਬਾਨੀ ਕਰਕੇ ਇਹ ਮੰਗ ਕਰੋ ਕਿ ਯੂ. ਐੱਸ. ਏ. ਸਰਕਾਰ ਇਸ ਖ਼ੌਫਨਾਕ ਅੱਤਵਾਦੀ ਸਰਗਰਮੀ ਨੂੰ ਸਹਾਇਤਾ ਦੇਣੀ ਵਾਪਸ ਲਵੇ।"

ਰੇਮੰਡ ਸੀਟਜ਼ ਦੀ ਇੱਕ ਤਰਕਸ਼ੀਲ, ਜ਼ਿੰਮੇਵਾਰ ਤੇ ਬਹੁਤ ਹੀ ਵਿਵੇਕਸ਼ੀਲ ਆਦਮੀ ਵਜੋਂ ਪ੍ਰਸਿੱਧਤਾ ਸੀ। ਉਹ ਰਾਜਦੂਤਕ ਹਲਕਿਆਂ ਵਿਚ ਬਹੁਤ ਸਤਿਕਾਰਿਆ ਜਾਂਦਾ ਸੀ। ਉਸ ਨੇ ਸਾਰੀ ਗੱਲ ਸੁਣੀ, ਰੁਕਿਆ ਤੇ ਫਿਰ ਬੜੀ ਗੰਭੀਰਤਾ ਨਾਲ ਬੋਲਿਆ, "ਫਾਦਰ", ਉਸ ਕਿਹਾ, "ਮੈਨੂੰ ਕੁਝ ਕਹਿਣ ਦੀ ਆਗਿਆ ਦਿਓ। ਜੰਗ ਵਿਚ ਬੇਗੁਨਾਹ ਲੋਕ ਸਦਾ ਹੀ ਕਸ਼ਟ ਝੱਲਦੇ ਹਨ।" ਹਰ ਪਾਸੇ ਜੰਮੀ ਹੋਈ ਚੁੱਪ ਸੀ। ਅਸਾਂ ਉਸ ਵੱਲ ਵੇਖਿਆ, ਉਹ ਝਿਜਕਿਆ ਨਹੀਂ।

ਨਿਰਸੰਦੇਹ, ਬੇਗੁਨਾਹ ਲੋਕ ਹਮੇਸ਼ਾ ਹੀ ਦੁੱਖ ਝੱਲਦੇ ਹਨ, ਅਖ਼ੀਰ ਉੱਤੇ ਕਿਸੇ ਨੇ ਕਿਹਾ, "ਪਰ ਇਸ ਕੇਸ ਵਿਚ, ਬੇਗੁਨਾਹ ਲੋਕ ਉਸ ਭਿਆਨਕ ਜ਼ੁਲਮ ਦਾ ਸ਼ਿਕਾਰ ਹਨ ਤੇ ਜਿਨ੍ਹਾਂ ਦੀ ਸਹਾਇਤਾ ਤੁਹਾਡੀ ਸਰਕਾਰ ਕਰ ਰਹੀ ਹੈ। ਜੇ ਕਾਂਗਰਸ ਕੰਨਟਰਾਸ ਨੂੰ ਹੋਰ ਰੁਪਿਆ ਦਿੰਦੀ ਹੈ ਤਾਂ ਇਸ ਤਰ੍ਹਾਂ ਦੇ ਹੋਰ ਜ਼ੁਲਮ ਹੋਣਗੇ। ਕੀ ਇਹ ਕੇਸ ਇਸ ਤਰ੍ਹਾਂ ਦਾ ਨਹੀਂ? ਕੀ ਤੁਹਾਡੀ ਸਰਕਾਰ ਕਿਸੇ ਸਰਬ-ਸਮਰੱਥ ਸਰਕਾਰ ਦੇ ਸ਼ਹਿਰੀਆਂ ਦੀ ਤਬਾਹੀ ਤੇ ਕਤਲ ਦੇ ਕਾਰਨਾਮਿਆਂ ਦੀ ਸਹਾਇਤਾ ਕਰਨ ਲਈ ਦੋਸ਼ੀ ਨਹੀਂ ਹੈ?

ਪਰ ਸੀਟਜ਼ ਜ਼ਰਾ ਵੀ ਪ੍ਰੇਸ਼ਾਨ ਨਹੀਂ ਹੋਇਆ "ਮੈਂ ਤੁਹਾਡੇ ਦਾਅਵਿਆਂ ਦੀ ਹਿਮਾਇਤ ਵਿਚ ਦਿੱਤੀਆਂ ਗਈਆਂ ਦਲੀਲਾਂ ਨਾਲ ਸਹਿਮਤ ਨਹੀਂ ਹਾਂ।" ਉਸ ਕਿਹਾ

ਜਦੋਂ ਅਸੀਂ ਸਿਫਾਰਤਖਾਨੇ 'ਚੋਂ ਬਾਹਰ ਨਿਕਲ ਰਹੇ ਸੀ, ਤਾਂ ਯੂ. ਐੱਸ. ਏ. ਦੇ ਇੱਕ ਸਹਾਇਕ ਨੇ ਆਖਿਆ, " ਕਿ ਉਹ ਤੁਹਾਡੇ ਨਾਟਕਾਂ ਦਾ ਆਨੰਦ ਮਾਣਦਾ ਹੈ।" ਮੈਂ ਇਸ ਦਾ ਉੱਤਰ ਨਹੀਂ ਦਿੱਤਾ।

ਮੈਂ ਤੁਹਾਨੂੰ ਯਾਦ ਦਿਵਾਇਆ ਕਿ ਉਸ ਵੇਲੇ ਰਾਸ਼ਟਰਪਤੀ ਰੀਗਨ ਨੇ ਹੇਠ ਲਿਖਿਆ ਬਿਆਨ ਦਿੱਤਾ ਸੀ। "ਕੰਟਰਾਸ ਸਾਡੇ ਮੋਢੀ ਪਿਓਆਂ ਵਰਗੇ ਅਖ਼ਲਾਕੀ ਹਨ।"

ਸੰਯੁਕਤ ਰਿਆਸਤਾਂ ਦੀ ਸਰਕਾਰ ਨੇ ਚਾਲੀ ਸਾਲ ਤੀਕ ਨਿਕਾਰਗੂਆ ਦੀ ਜ਼ਾਲਮ ਸੋਮੋਜ਼ਾ ਤਾਨਾਸ਼ਾਹੀ ਦੀ ਹਿਮਾਇਤ ਕੀਤੀ। ਨਿਕਾਰਗੂਆ ਦੇ ਲੋਕਾਂ ਨੇ, ਸੈਂਡਿਸਟਾਂ ਦੀ ਅਗਵਾਈ ਹੇਠ ਹੈਰਾਨੀਜਨਕ ਹਰਮਨ ਪਿਆਰੇ ਇਨਕਲਾਬ ਰਾਹੀਂ ਉਸ ਦੇ ਰਾਜ ਦਾ 1979 ਵਿਚ ਤਖ਼ਤਾ ਪਲਟ



ਦਿੱਤਾ।

ਸੈਂਡਿਸਟ ਸੰਪੂਰਨ ਨਹੀਂ ਸਨ। ਉਹਨਾਂ ਵਿਚ ਵੀ ਕਾਫੀ ਜ਼ਿੱਦ ਸੀ ਤੇ ਉਹਨਾਂ ਦੀ ਰਾਜਸੀ ਫਿਲਾਸਫੀ ਵਿਚ ਵੀ ਕਾਫੀ ਮਾਤਰਾ ਵਿਚ ਸਵੈ-ਵਿਰੋਧੀ ਤੱਤ ਸਨ। ਪਰ ਉਹ ਬੁੱਧੀਮਾਨ, ਵਿਵੇਕਸ਼ੀਲ ਤੇ ਸਭਿਅਕ ਲੋਕ ਸਨ। ਉਹਨਾਂ ਦੇ ਸਥਿਰ, ਬਹੁ-ਵਾਦੀ (Pluralistic) ਤੇ ਸ਼ਾਨਦਾਰ ਸਮਾਜ ਦੀ ਸਥਾਪਨਾ ਕੀਤੀ। ਮੌਤ ਦਾ ਦੰਡ ਖ਼ਤਮ ਕਰ ਦਿੱਤਾ ਗਿਆ। ਹਜ਼ਾਰਾਂ ਹੀ ਗਰੀਬੀ ਦੇ ਮਾਰੇ ਕਿਸਾਨਾਂ ਨੂੰ ਵਾਪਸ ਲਿਆਂਦਾ ਗਿਆ। ਇੱਕ ਲੱਖ ਪਰਿਵਾਰਾਂ ਨੂੰ ਜ਼ਮੀਨ ਦਿੱਤੀ ਗਈ। ਦੋ ਹਜ਼ਾਰ ਸਕੂਲ ਖੋਲ੍ਹੇ ਗਏ। ਬਾਲਗ ਵਿੱਦਿਆ ਦੀ ਸ਼ਾਨਦਾਰ ਮੁਹਿੰਮ ਨਾਲ ਅਨਪੜ੍ਹਤਾ ਸੱਤ  ਗੁਣਾ ਘਟ ਗਈ। ਮੁਫ਼ਤ ਵਿੱਦਿਆ ਚਾਲੂ ਕੀਤੀ ਗਈ ਤੇ ਨਾਲ ਹੀ ਮੁਫ਼ਤ ਡਾਕਟਰੀ ਸਹਾਇਤਾ ਵੀ। ਛੋਟੇ ਬੱਚਿਆਂ ਦੀ ਮੌਤ ਦਰ ਤਿੰਨ ਗੁਣਾ ਘੱਟ ਗਈ। ਪੋਲੀਓ ਖ਼ਤਮ ਕਰ ਦਿੱਤੀ ਗਈ।

ਸੰਯੁਕਤ ਰਿਆਸਤਾਂ ਨੇ ਇਹਨਾਂ ਪ੍ਰਾਪਤੀਆਂ ਨੂੰ ਮਾਰਕਸਵਾਦੀ / ਲੈਨਿਨਵਾਦੀ ਭੰਨ-ਤੋੜ ਕਹਿ ਕੇ ਭੰਡੀ ਕੀਤੀ। ਯੂ. ਐੱਸ. ਏ. ਦੀ ਸਰਕਾਰ ਦੀ ਰਾਏ ਦੇ ਅਨੁਸਾਰ ਇਹ ਇੱਕ ਖ਼ਤਰਨਾਕ ਮਿਸਾਲ ਕਾਇਮ ਕੀਤੀ ਜਾ ਰਹੀ ਸੀ। ਜੇ ਨਿਕਾਰਗੂਆ ਨੂੰ ਆਰਥਿਕ ਤੇ ਸਮਾਜਿਕ ਦੇ ਬੁਨਿਆਦੀ ਅਸੂਲਾਂ ਨੂੰ ਲਾਗੂ ਕਰਨ ਦੀ ਆਗਿਆ ਦੇ ਦਿੱਤੀ ਗਈ, ਜੇ ਇਸ ਨੂੰ ਸਿਹਤ-ਸਹੂਲਤਾਂ ਅਤੇ ਸਿੱਖਿਆ ਦੀ ਪੱਧਰ ਉੱਚਾ ਚੁੱਕਣ ਦੀ ਆਗਿਆ ਦਿੱਤੀ ਗਈ ਅਤੇ ਸਮਾਜਿਕ ਏਕਤਾ ਤੇ ਰਾਸ਼ਟਰੀ ਸਵੈ-ਸਤਿਕਾਰ ਪ੍ਰਾਪਤ ਕਰਨ ਦਿੱਤਾ ਗਿਆ ਤਾਂ ਗੁਆਂਢੀ ਦੇਸ਼ ਵੀ ਅਜਿਹੇ ਹੀ ਸਵਾਲ ਪੁੱਛਣਗੇ ਤੇ ਏਸੇ ਤਰ੍ਹਾਂ ਹੀ ਕਰਨਗੇ।

ਨਿਰਸੰਦੇਹ ਉਸ ਸਮੇਂ ਐਲ-ਸਲਵਾਡੋਰ ਵਿਚ ਯਥਾ-ਸਥਿਤੀ (Status Quo) ਦਾ ਤਿੱਖਾ ਵਿਰੋਧ ਸੀ। ਮੈਂ ਪਹਿਲਾਂ ਹੀ ਝੂਠਾਂ ਦੇ ਪਰਦੇ ਬਾਰੇ ਗੱਲ ਕੀਤੀ ਸੀ। ਜੋ ਸਾਨੂੰ ਘੇਰੀ ਖਲੋਤਾ ਹੈ। ਆਮ ਕਰਕੇ ਰਾਸ਼ਟਰਪਤੀ ਰੀਗਨ ਨਿਕਾਰਗੂਆ ਨੂੰ "ਤਾਨਾਸ਼ਾਹ ਕਾਲ-ਕੋਠੜੀ" ਆਖਦਾ ਸੀ। ਮੀਡੀਆ ਵੀ ਇਸ ਨੂੰ ਇੰਝ ਹੀ ਲੈਂਦਾ ਸੀ ਤੇ ਨਿਸ਼ਚੇ ਹੀ ਬ੍ਰਿਟਿਸ਼ ਸਰਕਾਰ ਵੀ ਉਸ ਨੂੰ ਸਹੀ ਤੇ ਠੀਕ ਟਿੱਪਣੀ ਪ੍ਰਵਾਨ ਕਰਦਾ ਸੀ। ਐਪਰ ਅਸਲ ਵਿਚ ਸੈਂਡਿਸਟ ਸਰਕਾਰ ਦੇ ਅਧੀਨ ਕਾਤਲ-ਟੋਲਿਆਂ ਦਾ ਕੋਈ ਰਿਕਾਰਡ ਨਹੀਂ ਸੀ। ਤਸੀਹੇ ਦੇਣ ਦਾ ਵੀ ਕੋਈ ਰਿਕਾਰਡ ਨਹੀਂ ਸੀ। ਸਰਕਾਰੀ ਤੌਰ 'ਤੇ ਸੈਨਿਕ ਤਸ਼ੱਦਦ ਦਾ ਵੀ ਕੋਈ ਨਿਯਮ-ਬੱਧ ਰਿਕਾਰਡ ਨਹੀਂ ਸੀ। ਨਿਕਾਰਗੂਆ ਵਿਚ ਪਾਦਰੀਆਂ ਨੂੰ ਕਦੇ ਵੀ ਕਤਲ ਨਹੀਂ ਕੀਤਾ ਗਿਆ ਸੀ। ਅਸਲ ਵਿਚ ਸਰਕਾਰ ਵਿਚ ਤਿੰਨ ਪਾਦਰੀ ਸਨ। ਦੋ ਜੀਸਿਸਟ ਤੇ ਇੱਕ ਮੇਰੀ ਕਨੋਲ ਪ੍ਰਚਾਰਕ। ਤਾਨਾਸ਼ਾਹ ਕਾਲ -ਕੋਠੜੀਆਂ ਅਸਲ ਵਿਚ ਅਗਲੇ ਬੂਹੇ ਐਲ-ਸਲਵਾਡੋਰ ਤੇ ਗੁਆਟੇਮਾਲਾ ਵਿਚ ਸਨ। ਸੰਯੁਕਤ ਰਿਆਸਤਾਂ ਨੇ 1954 ਵਿਚ ਗੁਆਟੇਮਾਲਾ ਦੀ ਲੋਕਰਾਜੀ ਢੰਗ ਨਾਲ ਚੁਣੀ ਗਈ ਸਰਕਾਰ ਨੂੰ ਤੋੜ ਦਿੱਤਾ ਸੀ ਤੇ ਇਹ ਅਨੁਮਾਨ ਲਾਇਆ ਗਿਆ ਹੈ ਕਿ ਵਾਰ-ਵਾਰ ਦੀਆਂ ਸੈਨਿਕ ਤਾਨਾਸ਼ਾਹੀਆਂ ਦਾ ਦੋ ਲੱਖ ਲੋਕ ਸ਼ਿਕਾਰ ਹੋਏ ਸਨ।

ਸੰਸਾਰ ਦੇ ਛੇ ਸਭ ਤੋਂ ਵਿਸ਼ੇਸ਼ ਜੀਸਿਸਟਾਂ ਨੂੰ ਕੇਂਦਰੀ ਅਮਰੀਕੀ ਲਾਇਬ੍ਰੇਰੀ ਦੇ ਲਾਗੇ ਸਾਨ ਸਲਵਾਡੋਰ ਵਿਚ 1989 ਵਿਚ ਐਲਕਾਟਲ ਰਜਮੈਂਟ ਦੀ ਬਟਾਲੀਅਨ ਵਲੋਂ ਜਿਸ ਨੂੰ ਕਿ ਫੋਰਟ ਬੈਨਿਗ ਜਾਰਜੀਆ ਯੂ. ਐੱਸ. ਏ. ਵਿਚ ਟਰੇਨਿੰਗ ਦਿੱਤੀ ਗਈ ਸੀ, ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਅਤਿ ਦਾ ਬਹਾਦਰ ਆਰਚਬਿਸ਼ਿਪ ਰੋਮੇਰੋ ਨੂੰ ਪ੍ਰਾਰਥਨਾ ਕਰਦੇ ਨੂੰ ਕਤਲ ਕਰ ਦਿੱਤਾ ਗਿਆ ਸੀ। ਅਨੁਮਾਨ ਹੈ ਕਿ ਪਝੱਤਰ ਹਜ਼ਾਰ ਬੰਦੇ ਮਾਰੇ ਗਏ। ਉਹ ਕਿਉਂ ਕਤਲ ਕੀਤੇ ਗਏ? ਉਹ ਇਸ ਕਾਰਨ ਮਾਰੇ ਗਏ ਕਿ ਉਹ ਸੋਚਦੇ ਸੀ ਕਿ ਚੰਗੇਰਾ ਜੀਵਨ ਸੰਭਵ ਸੀ ਤੇ ਇਸ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ। ਇਹ ਵਿਸ਼ਵਾਸ ਤੁਰੰਤ ਹੀ ਕਮਿਊਨਿਸਟ ਗਰਦਾਨਿਆ ਗਿਆ। ਉਹ ਇਸ ਕਾਰਨ ਮਾਰੇ ਗਏ ਕਿ ਉਹ ਯਥਾ-ਸਥਿਤੀ ਨੂੰ ਚੁਣੌਤੀ ਦੇਣ ਦੀ ਜੁਰਅਤ ਕਰਦੇ ਸੀ, ਤੇ ਗਰੀਬੀ,

ਬੀਮਾਰੀ, ਬੇਪਤੀ ਤੇ ਸ਼ੋਸ਼ਣ ਦੇ ਅੰਤ-ਹੀਣ ਪਠਾਰ, ਜੋ ਉਹਨਾਂ ਦਾ ਜਨਮ-ਸਿੱਧ ਅਧਿਕਾਰ ਬਣਿਆ ਹੋਇਆ ਸੀ, ਨੂੰ ਰੱਦ ਕਰਦੇ ਸੀ।

ਅਖ਼ੀਰ ਉੱਤੇ ਸੰਯੁਕਤ ਰਿਆਸਤਾਂ ਨੇ ਸੈਂਡਿਸਟਾਂ ਦੀ ਸਰਕਾਰ ਨੂੰ ਤੋੜ ਦਿੱਤਾ। ਇਸ ਉੱਤੇ ਕਈ ਸਾਲ ਲੱਗੇ ਤੇ ਇਸ ਦਾ ਬੜਾ ਵਿਰੋਧ ਹੋਇਆ। ਪਰ ਬੇਕਿਰਕ ਆਰਥਿਕ ਤਸ਼ੱਦਦ ਅਤੇ ਤੀਹ ਹਜ਼ਾਰ ਕਤਲਾਂ ਤੋਂ ਬਾਅਦ ਅੰਤ ਤੇ ਨਿਕਾਰਗੂਆ ਦੇ ਲੋਕਾਂ ਦੀ ਆਤਮਾ ਨੂੰ ਕੁਚਲ ਦਿੱਤਾ ਗਿਆ ਸੀ। ਉਹ ਦੁਬਾਰਾ ਗਰੀਬੀ ਵਿਚ ਫਸ ਗਏ ਤੇ ਥੱਕ ਟੁੱਟ ਗਏ। ਜੂਏ ਦੇ ਅੱਡੇ ਦੇਸ਼ ਵਿਚ ਦੁਬਾਰਾ ਖੁੱਲ ਗਏ, ਮੁਫ਼ਤ ਸਿਹਤ-ਸਹੂਲਤਾਂ ਤੇ ਮੁਫ਼ਤ ਵਿੱਦਿਆ ਖ਼ਤਮ ਕਰ ਦਿੱਤੀ ਗਈ। ਵੱਡਾ ਵਣਜ ਬਦਲਾਉ ਢੰਗ ਨਾਲ ਪਰਤ ਆਇਆ ਤੇ ਲੋਕ ਰਾਜ ਭਾਰੂ ਹੋ ਗਿਆ!!

ਐਪਰ ਇਹ ਨੀਤੀ ਸਿਰਫ਼ ਕੇਂਦਰੀ ਅਮਰੀਕਾ ਤੀਕ ਹੀ ਸੀਮਤ ਨਾ ਰਹੀ। ਇਹ ਸਾਰੇ ਸੰਸਾਰ ਵਿਚ ਲਾਗੂ ਕੀਤੀ ਗਈ ਤੇ ਇਸ ਦਾ ਕਦੇ ਵੀ ਅੰਤ ਨਾ ਹੋਇਆ। ਇੰਝ ਸੀ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ।

ਸੰਯੁਕਤ ਰਾਜਾਂ ਨੇ ਦੂਸਰੀ ਸੰਸਾਰ ਜੰਗ ਤੋਂ ਪਿੱਛੋਂ ਸੰਸਾਰ ਵਿਚ ਬਹੁਤੀ ਥਾਈਂ ਹਰ ਸੱਜੇ ਪੱਖੀ ਸੈਨਿਕ ਤਾਨਾਸ਼ਾਹੀ ਨੂੰ ਪੈਦਾ ਕੀਤਾ ਤੇ ਉਸ ਦੀ ਸਹਾਇਤਾ ਕੀਤੀ। ਮੈਂ ਇੰਡੋਨੇਸ਼ੀਆ, ਯੂਨਾਨ, ਉਰੂਗੂਆਏ, ਬਰਾਜ਼ੀਲ, ਪਾਰਾਗੂਆਏ, ਹੈਡੀ, ਤੁਰਕੀ, ਫਿਲਪਾਈਨਜ਼, ਗੁਆਟੇਮਾਲਾ, ਐਲ-ਸਲਵਾਡੋਰ ਤੇ ਨਿਰਸੰਦੇਹ ਚਿੱਲੀ ਦਾ ਜ਼ਿਕਰ ਕਰਦਾ ਹਾਂ। ਸੰਯੁਕਤ ਰਾਜ ਅਮਰੀਕਾ ਵਲੋਂ 1973 ਵਿਚ ਚਿੱਲੀ ਵਿਚ ਕੀਤਾ ਗਿਆ ਜਬਰ ਨਾ ਕਦੇ ਭੁੱਲ ਸਕਦਾ ਹੈ ਤੇ ਨਾ ਹੀ ਇਸ ਦਾ ਸ਼ੁੱਧੀਕਰਨ ਹੋ ਸਕਦਾ ਹੈ।

ਇਹਨਾਂ ਦੇਸ਼ਾਂ ਵਿਚ ਹਜ਼ਾਰਾਂ ਹੀ ਮੌਤਾਂ ਹੋਈਆਂ। ਕੀ ਇਹ ਸਭ ਕੁਝ ਵਾਪਰਿਆ ਤੇ ਕੀ ਇਹ ਹਰ ਮਾਮਲੇ ਵਿਚ ਯੂ. ਐੱਸ. ਏ. ਦੀ ਬਦੇਸ਼ੀ ਨੀਤੀ ਦੇ ਮੱਥੇ ਮੜ੍ਹਿਆ ਜਾ ਸਕਦਾ ਹੈ। ਇਸ ਦਾ ਉੱਤਰ ਹੈ, ਹਾਂ ਇਹ ਸਭ ਕੁਝ ਹੋਇਆ ਅਤੇ ਇਹ ਅਮਰੀਕੀ ਵਿਦੇਸ਼ੀ ਨੀਤੀ ਦਾ ਹੀ ਪਰਿਣਾਮ ਸੀ। ਪਰ ਤੁਸੀਂ ਇਸ ਨੂੰ ਜਾਣ ਨਹੀਂ ਸਕੋਗੇ।

ਇਹ ਕਦੇ ਵਾਪਰਿਆ ਹੀ ਨਹੀਂ। ਕਿਤੇ ਵੀ ਨਹੀਂ ਵਾਪਰਿਆ। ਜਦੋਂ ਇਹ ਸਾਰਾ ਕੁਝ ਵਾਪਰ ਰਿਹਾ ਸੀ, ਇਹ ਉਦੋਂ ਵੀ ਇਹ ਵਾਪਰ ਨਹੀਂ ਸੀ ਰਿਹਾ। ਇਹ ਤੇ ਗੱਲ ਹੀ ਕੋਈ ਨਹੀਂ ਸੀ। ਕਿਸੇ ਨੂੰ ਇਸ ਵਿਚ ਕੋਈ ਦਿਲਚਸਪੀ ਨਹੀਂ ਸੀ। ਸੰਯੁਕਤ ਰਾਜਾਂ ਦੇ ਪਾਰ ਯੋਜਨਾਬੱਧ, ਨਿਰੰਤਰ, ਖੋਟੇ, ਪਛਤਾਵਾਹੀਣ ਹਨ। ਪਰ ਬੜੇ ਘੱਟ ਲੋਕਾਂ ਨੇ ਇਸ ਬਾਰੇ ਕਦੇ ਗੱਲਬਾਤ ਕੀਤੀ ਹੈ। ਤੁਸਾਂ ਇਸ ਦੀ ਸੌਂਪਣਾ ਅਮਰੀਕਾ ਦੇ ਨਾਂ ਕਰਨੀ ਹੈ। ਇਸ ਨੇ ਸੰਸਾਰ ਪੱਧਰ ਉੱਤੇ ਸ਼ਕਤੀ ਦੀ ਬੜੀ ਰੋਗੀ ਪੱਤੇਬਾਜ਼ੀ ਨਾਲ ਸਰਬ-ਵਿਆਪੀ ਭਲਾਈ ਦੀ ਸ਼ਕਤੀ ਵਜੋਂ ਮੁਖੌਟੇਬਾਜ਼ੀ ਕੀਤੀ ਹੈ। ਇਹ ਦਿਮਾਗੀ, ਕਈ ਵਾਰ ਚੁਸਤ-ਬਿਆਨੀ ਅਤੇ ਅਤਿ ਦੀ ਸਫਲ ਨੀਂਦਰ ਦੀ ਅਵਸਥਾ (Hyposis) ਹੈ।

ਮੈਂ ਤੁਹਾਨੂੰ ਦੱਸਿਆ ਹੈ ਕਿ ਸੰਯੁਕਤ ਰਾਜ ਨਿਰਸੰਦੇਹ ਰਾਹ ਦੇ ਉੱਤੇ ਸਭ ਤੋਂ ਵੱਡਾ ਦਿਖਾਵਾ ਹੈ। ਭਾਵੇਂ ਇਹ ਅੱਤਿਆਚਾਰੀ, ਬੇਪ੍ਰਵਾਹ, ਘ੍ਰਿਣਾਮਈ ਤੇ ਬੇਕਿਰਕ ਹੈ। ਪਰ ਇਹ ਚਾਲਾਕ ਵੀ ਬੜਾ ਹੈ। ਵੇਚ-ਵਪਾਰੀ ਵਜੋਂ ਇਹ ਵੱਖਰਾ ਹੀ ਹੈ ਤੇ ਇਸ ਦੀ ਸਭ ਤੋਂ ਵਿਕਣਯੋਗ ਵਸਤੂ ਸਵੈ-ਮੋਹ ਹੈ, ਇਹ ਇੱਕ ਜੇਤੂ ਹੈ। ਸਾਰੇ ਹੀ ਅਮਰੀਕੀ ਰਾਸ਼ਟਰਪਤੀਆਂ ਨੂੰ ਟੀ. ਵੀ. ਉੱਤੇ ਇਹ ਸ਼ਬਦ ਕਹਿੰਦੇ ਸੁਣੋ "ਅਮਰੀਕੀ ਲੋਕ ਜਿਵੇਂ ਕਿ ਇਸ ਵਾਕ ਵਿਚ ਮੈਂ ਅਮਰੀਕੀ ਲੋਕਾਂ ਨੂੰ ਆਖਦਾ ਹਾਂ। ਇਹ ਪ੍ਰਾਰਥਨਾ ਕਰਨ ਤੇ ਅਮਰੀਕੀ ਲੋਕਾਂ ਦੀ ਰਾਖੀ ਕਰਨ ਦਾ ਵਕਤ ਹੈ ਤੇ ਮੈਂ ਅਮਰੀਕੀ ਲੋਕਾਂ ਨੂੰ ਆਖਦਾ ਹਾਂ ਕਿ ਉਹ ਉਸ ਕਾਰਵਾਈ ਲਈ ਆਪਣੇ ਰਾਸ਼ਟਰਪਤੀ 'ਤੇ ਭਰੋਸਾ ਕਰਨ, ਜੋ ਉਹ ਅਮਰੀਕੀ ਲੋਕਾਂ ਵਲੋਂ ਕਰਨ ਜਾ ਰਿਹਾ ਹੈ।"



ਇਹ ਲਿਸ਼ਕਵੀਂ ਜੁਗਤ ਹੈ। ਇਹ ਭਾਸ਼ਾ ਅਸਲ ਵਿਚ ਖ਼ਿਆਲ ਨੂੰ ਪਰੇ ਰੱਖਣ ਲਈ ਵਰਤੀ ਜਾ ਰਹੀ ਹੈ। 'ਅਮਰੀਕੀ ਲੋਕ' ਸ਼ਬਦ ਅਸਲ ਵਿਚ ਮੁੜ ਵਿਸ਼ਵਾਸ ਦੇਣ ਦਾ ਵਾਸ਼ਨਾਮਈ ਗਦੇਲਾ ਹੈ। ਤੁਹਾਨੂੰ ਫਿਰ ਸੋਚਣ ਦੀ ਲੋੜ ਨਹੀਂ ਰਹਿੰਦੀ। ਬੱਸ ਗਦੇਲੇ ਉੱਤੇ ਆਰਾਮ ਨਾਲ ਲੇਟੇ ਰਹੋ। ਸੰਭਵ ਹੈ ਕਿ ਗਦੇਲਾ ਤੁਹਾਡੀ ਅਕਲ ਅਤੇ ਤੁਹਾਡੀਆਂ ਆਲੋਚਨਾਤਮਿਕ ਸ਼ਕਤੀਆਂ ਦਾ ਗਲਾ ਘੁੱਟ ਰਿਹਾ ਹੋਵੇ, ਪਰ ਇਹ ਆਰਾਮਦਾਇਕ ਬਹੁਤ ਹੈ। ਪਰ ਇਹ ਗੱਲ, ਨਿਰਸੰਦੇਹ ਉਹਨਾਂ ਚਾਲੀ ਮਿਲੀਅਨ ਲੋਕਾਂ ਉੱਤੇ ਲਾਗੂ ਨਹੀਂ ਹੁੰਦੀ, ਜੋ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ ਅਤੇ ਉਹਨਾਂ ਦੋ ਮਿਲੀਅਨ ਔਰਤਾਂ ਅਤੇ ਮਰਦਾਂ ਉੱਤੇ ਵੀ ਨਹੀਂ ਜੋ ਅਮਰੀਕਾ ਦੇ ਆਰ-ਪਾਰ ਫੈਲੇ ਵਿਸ਼ਾਲ ਜੇਲ੍ਹ-ਟਾਪੂਆਂ ਵਿਚ ਕੈਦ ਹਨ।

ਸੰਯੁਕਤ ਰਾਸ਼ਟਰ ਹੁਣ ਘੱਟ ਸ਼ਿੱਦਤ ਵਾਲੇ ਝਗੜੇ ਬਾਰੇ ਚਿੰਤਾ ਨਹੀਂ ਕਰਦੀ, ਇਹ ਚੁੱਪ ਰਹਿਣ ਜਾਂ ਵਲਾਵੇਂਦਾਰ ਹੋਣ ਵਿਚ ਵੀ ਕੋਈ ਕਾਰਨ ਨਹੀਂ ਵੇਖਦੀ। ਇਹ ਆਪਣੇ ਪੱਤੇ ਬਿਨਾਂ ਭੈਅ ਅਤੇ ਲੋਭ ਦੇ ਖਿਲਾਰ ਦਿੰਦੀ ਹੈ। ਇਹ ਯੂਨਾਈਟਿਡ ਨੇਸ਼ਨਜ਼ ਬਾਰੇ ਵੀ ਪ੍ਰਵਾਹ ਨਹੀਂ ਕਰਦੀ। ਤੇ ਨਾ ਹੀ ਕੌਮਾਂਤਰੀ ਕਾਨੂੰਨ ਜਾਂ ਆਲੋਚਨਾਤਮਿਕ ਵੱਖਰੀ ਰਾਏ ਦੀ ਪ੍ਰਵਾਹ ਕਰਦੀ ਹੈ ਤੇ ਇਸ ਨੂੰ ਗੈਰ-ਪ੍ਰਸੰਗਕ ਅਤੇ ਨਿਪੁੰਸਕ ਸਮਝਦੀ ਹੈ। ਇਸ ਕੋਲ ਵੀ ਆਪਣਾ ਇੱਕ ਨਿੱਕਾ ਮਿਆਂਕਦਾ ਹੋਇਆ ਲੇਲਾ ਗਰੇਟ ਬ੍ਰਿਟੇਨ ਹੈ, ਜੋ ਰੱਸੇ ਨਾਲ ਬੱਝਾ ਤੇ ਕਰੁਣਾਮਈ ਅਤੇ ਨਿਕੰਮਾ ਹੈ।

ਸਾਡੀ ਅਖ਼ਲਾਕੀ ਸੰਵੇਦਨਾ ਨੂੰ ਕੀ ਹੋ ਗਿਆ ਹੈ? ਕੀ ਕਦੇ ਸਾਡੇ ਕੋਲ ਇਹ ਸੰਵੇਦਨਾ ਹੈ ਵੀ ਸੀ? ਕੀ ਉਹ ਅੱਜਕੱਲ ਘੱਟ ਵਰਤੇ ਜਾ ਰਹੇ ਸੰਕੇਤ, ਆਤਮਾ ਦਾ ਜ਼ਿਕਰ ਕਰਦੇ ਹਨ?

ਸਿਰਫ਼ ਆਪਣੇ ਹੀ ਕਰਤੱਵਾਂ ਸਦਕਾ ਆਪਣੀ ਆਤਮਾ ਅਨੁਸਾਰ ਵਿਹਾਰ ਕਰਨਾ ਕਾਫੀ ਨਹੀਂ, ਸਗੋਂ ਦੂਸਰਿਆਂ ਦੇ ਕੀਤੇ ਕੰਮਾਂ ਦੀ ਜ਼ਿੰਮੇਵਾਰੀ ਵਿਚ ਹਿੱਸੇਦਾਰੀ ਨਾਲ ਕੰਮ ਕਰਨਾ? ਕੀ ਇਹ ਸਭ ਕੁਝ ਮਰ ਚੁੱਕਾ ਹੈ? ਗੁਆਤਾਨਾਮੋ ਖਾੜੀ ਵੱਲ ਵੇਖੋ। ਸੈਂਕੜੇ ਹੀ ਲੋਕਾਂ ਨੂੰ ਤਿੰਨ ਸਾਲਾਂ ਤੀਕ ਬਿਨਾਂ ਮੁਕੱਦਮਾ ਚਲਾਏ ਜੇਲ੍ਹ ਵਿਚ ਤਾੜੀ ਰੱਖਣਾ ਤੇ ਕੋਈ ਕਾਨੂੰਨੀ ਚਾਰਾਜੋਈ ਜਾਂ ਪ੍ਰਕਿਰਿਆ ਨਾ ਕਰਨੀ, ਇੱਕ ਤਰ੍ਹਾਂ ਤਕਨੀਕੀ ਤੌਰ 'ਤੇ ਹਮੇਸ਼ਾ ਲਈ ਨਜ਼ਰਬੰਦ ਰੱਖਣ ਦੇ ਬਰਾਬਰ ਹੈ। ਇਸ ਬਿਲਕੁਲ ਹੀ ਗੈਰ-ਕਾਨੂੰਨੀ ਬਣਤਰ ਨੂੰ ਜਨੇਵਾ ਕਨਵੈਨਸ਼ਨ ਦੀ ਉਲੰਘਣਾ ਕਰਕੇ ਕਾਇਮ ਰੱਖਿਆ ਜਾ ਰਿਹਾ ਹੈ। "ਕੌਮਾਂਤਰੀ ਭਾਈਚਾਰੇ" ਵਲੋਂ ਇਹ ਸਾਰਾ ਕੁਝ ਬਰਦਾਸ਼ਤ ਹੀ ਨਹੀਂ ਕੀਤਾ ਜਾ ਰਿਹਾ, ਸਗੋਂ ਇਸ ਬਾਰੇ ਘੱਟ ਹੀ ਸੋਚਿਆ ਜਾ ਰਿਹਾ ਹੈ। ਇਹ ਮੁਜਰਮਾਨਾ ਅੱਤਿਆਚਾਰ ਉਸ ਦੇਸ਼ ਵਲੋਂ ਕੀਤਾ ਜਾ ਰਿਹਾ ਹੈ ਜੋ ਆਪਣੇ ਆਪ ਨੂੰ 'ਆਜ਼ਾਦ ਸੰਸਾਰ' ਦੇ ਆਗੂ ਹੋਣ ਦਾ ਐਲਾਨ ਕਰਦਾ ਹੈ। ਕੀ ਅਸਾਂ ਕਦੇ ਗੁਆਤਾਨਾਮੋ ਖਾੜੀ ਦੇ ਵਸਨੀਕਾਂ ਬਾਰੇ ਸੋਚਿਆ ਹੈ? ਮੀਡੀਆ ਉਨ੍ਹਾਂ ਬਾਰੇ ਕੀ ਕਹਿੰਦਾ ਹੈ? ਉਹ ਛੇਵੇਂ ਸਫ਼ੇ ਉੱਤੇ ਕਦੇ-ਕਦੇ ਨਿੱਕੀ ਜਿਹੀ ਖ਼ਬਰ ਲਾ ਦਿੰਦੇ ਹਨ। ਉਹ ਐਸੀ ਲਾਵਾਰਿਸ ਧਰਤੀ ਨੂੰ ਸੌਂਪ ਦਿੱਤੇ ਗਏ ਹਨ, ਜਿੱਥੋਂ ਸੰਭਵ ਹੈ ਉਹ ਕਦੇ ਵੀ ਵਾਪਸ ਨਾ ਪਰਤਣ। ਇਸ ਸਮੇਂ ਉਹ ਭੁੱਖ-ਹੜਤਾਲ ਉੱਤੇ ਹਨ ਤੇ ਉਹਨਾਂ ਨੂੰ, ਜਿਨ੍ਹਾਂ ਵਿਚ ਬਰਤਾਨਵੀ ਵਸਨੀਕ ਵੀ ਹਨ, ਜ਼ਬਰਦਸਤੀ ਖ਼ੁਰਾਕ ਖਵਾਈ ਜਾ ਰਹੀ ਹੈ। ਇਸ ਧੱਕੇ ਨਾਲ ਖਵਾਈ ਜਾ ਰਹੀ ਖ਼ੁਰਾਕ ਵਿਚ ਕੋਈ ਸੂਖਮਤਾ ਨਹੀਂ ਹੁੰਦੀ। ਕੋਈ ਸ਼ਾਂਤੀ ਦੇਣ ਵਾਲੀ ਜਾਂ ਸੁੰਨ ਕਰਨ ਵਾਲੀ ਦਵਾਈ ਨਹੀਂ ਹੁੰਦੀ। ਬੱਸ ਇੱਕ ਨਾਲੀ ਹੁੰਦੀ ਹੈ ਜੋ ਤੁਹਾਡੇ ਨੱਕ ਵਿਚ ਤੇ ਗਲੇ ਵਿਚ ਤੁੰਨ ਦਿੱਤੀ ਜਾਂਦੀ ਹੈ। ਤੁਸੀਂ ਲਹੂ ਦੀ ਉਲਟੀ ਕਰਦੇ ਹੋ। ਇਹ ਤਸੀਹਾ ਹੈ। ਇਸ ਬਾਰੇ ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਕੀ ਕਿਹਾ ਸੀ? ਕੁਝ ਵੀ ਨਹੀਂ। ਕਿਉਂ ਨਹੀਂ? ਕਿਉਂਕਿ ਯੂਨਾਈਟਿਡ ਸਟੇਟਸ ਨੇ ਕਿਹਾ, "ਕੀ ਗੁਆਤੇਨਾਮਾ ਖਾੜੀ ਵਿਚਾਲੇ ਸਾਡੇ ਵਿਹਾਰ ਦੀ ਨੁਕਤਾਚੀਨੀ ਕਰਨੀ ਗੈਰ-ਮਿੱਤਰਤਾਨਾ ਕਾਰਵਾਈ ਹੈ। ਤੁਸੀਂ ਜਾਂ ਸਾਡੇ ਵੱਲ ਹੋ ਜਾਂ ਸਾਡੇ ਵਿਰੁੱਧ। ਸੋ ਬਲੇਰ ਜੀ, ਆਪਣਾ ਮੂੰਹ ਬੰਦ ਰੱਖੋ।"

ਇਰਾਕ ਦਾ ਹਮਲਾ ਡਾਕੂਆਂ ਵਾਲਾ ਕੰਮ ਸੀ। ਇੱਕ ਨੰਗਾ ਚਿੱਟਾ ਦਹਿਸ਼ਤਵਾਦ, ਜਿਸ ਰਾਹੀਂ ਕੌਮਾਂਤਰੀ ਕਾਨੂੰਨ ਦੇ ਸੰਕਲਪ ਦੀ ਮੁਕੰਮਲ ਹੱਤਕ ਹੁੰਦੀ ਹੈ। ਹਮਲਾ ਇੱਕ ਆਪ-ਹੁਦਰਾ ਫ਼ੌਜੀ ਹਮਲਾ ਸੀ, ਜੋ ਝੂਠ-ਦਰ-ਝੂਠ ਦੀ ਲੜੀ ਤੋਂ ਪ੍ਰੇਰਤ ਸੀ ਅਤੇ ਇਹ ਪਬਲਿਕ ਅਤੇ ਮੀਡੀਆ ਦੀ ਸਰਾਸਰ ਹੱਥ-ਫੇਰੀ ਸੀ। ਇਹ ਮੱਧ-ਪੂਰਬ ਦੀ ਇਕ ਅਜਿਹੀ ਅਮਰੀਕੀ ਸੈਨਿਕ ਤੇ ਆਰਥਿਕ ਕਾਰਵਾਈ ਸੀ, ਜੋ ਆਜ਼ਾਦੀ ਦੇ ਨਾਂ ਉੱਤੇ ਹੋਰ ਸਫਾਈਆਂ ਦੇ ਅਸਫਲ ਹੋ ਜਾਣ ਉੱਤੇ ਭੇਖ ਨੂੰ ਵਰਤਣ ਦੀ ਆਖ਼ਰੀ ਕੋਸ਼ਿਸ਼ ਸੀ। ਇਹ ਸੈਨਿਕ ਸ਼ਕਤੀ ਦਾ ਭਿਅੰਕਰ ਦਾਅਵਾ ਵੀ, ਜੋ ਹਜ਼ਾਰਾਂ ਹੀ ਬੇਗੁਨਾਹ ਲੋਕਾਂ ਦੀ ਮੌਤ ਅਤੇ ਗਦਰ ਦੀ ਜ਼ਿੰਮੇਵਾਰ ਸੀ।

ਅਸਾਂ ਤਸੀਹੇ, ਅੱਗ ਲਾਉਣ ਵਾਲੇ ਬੰਬ, ਲਹੂ-ਵਗਾਉਣ ਵਾਲਾ ਯੂਰੇਨੀਅਮ ਤੇ ਅੰਨ੍ਹੇਵਾਹ ਕਤਲ ਦੀਆਂ ਅਣਗਿਣਤ ਕਾਰਵਾਈਆਂ ਤੋਂ ਬਿਨਾਂ, ਇਰਾਕੀ ਲੋਕਾਂ ਲਈ ਬੇਪਤੀ ਅਤੇ ਮੌਤ ਲਿਆਂਦੀ ਹੈ ਅਤੇ ਇਸ ਨੂੰ ਮੱਧ-ਪੂਰਬ ਵਿਚ ਲੋਕ-ਰਾਜ ਅਤੇ ਆਜ਼ਾਦੀ ਲਿਆਉਣਾ ਕਹਿ ਰਹੇ ਹਾਂ।

ਤੁਹਾਨੂੰ ਜੰਗੀ ਮੁਜਰਮ ਤੇ ਕਤਲੇ-ਆਮ ਕਰਨ ਵਾਲਾ ਅਖਵਾਉਣ ਲਈ ਕਿੰਨੇ ਕੁ ਲੋਕਾਂ ਨੂੰ ਕਤਲ ਕਰਨਾ ਪੈਂਦਾ ਹੈ? ਹਜ਼ਾਰਾਂ ਹੀ? ਲੋੜੋਂ ਵੱਧ, ਮੈਂ ਸੋਚਦਾ ਸੀ। ਇਸ ਲਈ ਇਹ ਸਹੀ ਹੈ ਕਿ ਬੁਸ਼ ਤੇ ਬਲੇਅਰ ਨੂੰ ਦੋਸ਼ ਲਾ ਕੇ ਕੌਮਾਂਤਰੀ ਕ੍ਰਿਮੀਨਲ ਅਦਾਲਤ ਦੇ ਸਾਹਮਣੇ ਲਿਆਂਦਾ ਜਾਵੇ। ਪਰ ਬੁਸ਼ ਬੜਾ ਚਾਲਾਕ ਹੈ। ਉਸ ਨੇ ਇਨਸਾਫ ਦੀ ਕ੍ਰਿਮੀਨਲ ਕੌਮਾਂਤਰੀ ਅਦਾਲਤ ਸਾਹਮਣੇ ਪ੍ਰਮਾਣਤ ਨਹੀਂ ਕੀਤਾ। ਇਸ ਲਈ ਜੇ ਕੋਈ ਅਮਰੀਕੀ ਸਿਪਾਹੀ ਤੇ ਨਾਲ ਹੀ ਰਾਜਨੀਤੀਵਾਨ ਕਟਹਿਰੇ ਵਿਚ ਖਲੋਤਾ ਪਾਇਆ ਜਾਂਦਾ ਹੈ ਤਾਂ ਬੁਸ਼ ਨੇ ਚਿਤਾਵਨੀ ਦਿੱਤੀ ਹੈ ਕਿ ਉਸ ਦੇ ਬਚਾਅ ਲਈ ਫੌਜੀ ਸੈਨਿਕ ਭੇਜੇ ਜਾਣਗੇ। ਪਰ ਟੋਨੀ ਬਲੇਅਰ ਨੇ ਕੋਰਟ ਨੂੰ ਪ੍ਰਮਾਣਤ ਕੀਤਾ ਹੈ ਤੇ ਇਸ ਲਈ ਉਹ ਮੁਕੱਦਮਾ ਚਲਾਏ ਜਾਣ ਲਈ ਪ੍ਰਾਪਤ ਹੈ। ਜੇ ਉਹ ਦਿਲਚਸਪੀ ਰੱਖਦੇ ਹੋਣ ਤਾਂ ਅਸੀਂ ਕੋਰਟ ਨੂੰ ਉਸ ਦਾ ਸਿਰਨਾਵਾਂ ਦੇ ਸਕਦੇ ਹਾਂ। ਇਹ ਨੰਬਰ 10, ਡਾਊਨਿੰਗ ਸਟਰੀਟ ਲੰਡਨ ਹੈ।

ਇਸ ਪ੍ਰਸੰਗ ਵਿਚ ਮੌਤ ਗੈਰ-ਮੁਨਾਸਬ ਹੈ। ਬੁਸ਼ ਤੇ ਬਲੇਅਰ ਮੌਤ ਨੂੰ ਪਿਛਾਂਹ ਛੱਡ ਜਾਂਦੇ ਹਨ। ਘੱਟੋ-ਘੱਟ ਇਕ ਲੱਖ ਇਰਾਕੀ ਅਮਰੀਕੀ ਬੰਬਾਂ ਤੇ ਮਿਜ਼ਾਇਲਾਂ ਨਾਲ ਮਾਰੇ ਗਏ ਹਨ ਤੇ ਫਿਰ ਇਰਾਕੀ ਬਗ਼ਾਵਤ ਆਰੰਭ ਹੁੰਦੀ ਹੈ। ਇਹਨਾਂ ਲੋਕਾਂ ਦਾ ਕੋਈ ਵਾਲੀ-ਵਾਰਸ ਨਹੀਂ। ਉਹਨਾਂ ਦੀਆਂ ਮੌਤਾਂ ਹੋਣੀਆਂ ਹੀ ਨਹੀਂ। ਉਹ ਮੁਰਦਿਆਂ ਵਜੋਂ ਗਿਣੇ ਹੀ ਨਹੀਂ ਗਏ। ਅਮਰੀਕੀ ਜਰਨੈਲ ਟੋਮੀ ਫਰੈਜਮ ਨੇ ਕਿਹਾ ਸੀ, "ਅਸੀਂ ਲਾਸ਼ਾਂ ਨਹੀਂ ਗਿਣਦੇ ਹੁੰਦੇ।"

ਹਮਲੇ ਦੇ ਆਰੰਭ ਵਿਚ ਬ੍ਰਿਟਿਸ਼ ਅਖ਼ਬਾਰਾਂ ਦੇ ਪਹਿਲੇ ਸਫ਼ੇ ਉੱਤੇ ਟੋਨੀ ਬਲੇਅਰ ਦੀ ਇੱਕ ਤਸਵੀਰ ਛਪੀ ਸੀ, ਜਿਸ ਵਿਚ ਉਹ ਇੱਕ ਨਿੱਕੇ ਇਰਾਕੀ ਮੁੰਡੇ ਦੀ ਗੱਲ੍ਹ ਚੁੰਮ ਰਿਹਾ ਸੀ। ਇਸ ਦੀ ਸੁਰਖ਼ੀ ਸੀ, 'ਇੱਕ ਸ਼ੁਕਰ-ਗੁਜ਼ਾਰ ਬੱਚਾ।' ਕੁਝ ਦਿਨਾਂ ਬਾਅਦ ਅੰਦਰਲੇ ਸਫ਼ੇ ਉੱਤੇ ਇਕ ਹੋਰ ਚਾਰ ਸਾਲ ਦੇ ਬੱਚੇ ਦੀ ਕਹਾਣੀ ਅਤੇ ਤਸਵੀਰ ਸੀ। ਜਿਸ ਦੀਆਂ ਬਾਹਾਂ ਨਹੀਂ ਸਨ। ਉਸ ਦਾ ਪਰਿਵਾਰ ਇਕ ਮਿਜ਼ਾਇਲ ਨਾਲ ਉਡਾ ਦਿੱਤਾ ਗਿਆ ਸੀ। ਉਹ ਇੱਕੋ ਹੀ ਬਾਕੀ ਬਚਿਆ ਸੀ। ਉਸ ਨੇ ਪੁੱਛਿਆ ਸੀ, "ਮੇਰੀਆਂ ਬਾਹਵਾਂ ਕਦੋਂ ਵਾਪਸ ਮਿਲਣਗੀਆਂ?" ਉਹ ਕਹਾਣੀ ਕੱਟ ਦਿੱਤੀ ਗਈ। ਟੋਨੀ ਬਲੇਅਰ ਨੇ ਉਸ ਨੂੰ ਬਾਹਾਂ ਵਿਚ ਚੁੱਕੀ ਨਹੀਂ ਖਲੋਤਾ ਸੀ ਤੇ ਨਾ ਹੀ ਕਿਸੇ ਹੋਰ ਬੱਚੇ ਦੀ ਕੱਟੀ ਵੱਢੀ ਲਾਸ਼ ਹੀ। ਨਾ ਹੋਰ ਕੋਈ ਲਹੂ-ਲਿੱਬੜੀ ਲੋਥ। ਲਹੂ ਗੰਦਾ ਹੁੰਦਾ ਹੈ, ਇਹ ਤੁਹਾਡੀ ਟਾਈ ਅਤੇ ਕਮੀਜ਼ ਨੂੰ ਲਬੇੜ ਦਿੰਦਾ ਹੈ। ਜਦੋਂ ਕਿ ਤੁਸੀਂ ਟੀ. ਵੀ. ਉੱਤੇ ਇਕ ਸੁਹਿਰਦ ਭਾਸ਼ਣ ਦੇ ਰਹੇ ਹੁੰਦੇ ਹੋ।

ਦੋ ਹਜ਼ਾਰ ਅਮਰੀਕੀਆਂ ਦਾ ਮਾਰੇ ਜਾਣਾ ਪ੍ਰੇਸ਼ਾਨੀ ਦੀ ਗੱਲ ਹੈ। ਉਹ ਹਨੇਰੇ ਵਿਚ ਹੀ ਆਪਣੀਆਂ ਕਬਰਾਂ ਵਿਚ ਲਿਜਾਏ ਜਾਂਦੇ ਹਨ। ਜਨਾਜ਼ੇ ਸ਼ਰਮ ਵਾਲੇ ਹੁੰਦੇ ਹਨ ਤੇ ਇਹ ਚੰਗਾ ਹੈ ਨਜ਼ਰ ਤੋਂ ਦੂਰ ਹੀ ਹੋਣ। ਹੱਥ-ਪੈਰ ਕੱਟੇ ਬੰਦੇ ਬਿਸਤਰਿਆਂ ਵਿਚ ਪਏ ਗਲ ਜਾਂਦੇ ਹਨ, ਤੇ ਕਈ ਬਾਕੀ ਦੀਆਂ ਸਾਰੀਆਂ



ਜ਼ਿੰਦਗੀਆਂ ਲਈ ਹੀ ਰੁਲਦੇ ਰਹਿੰਦੇ ਹਨ। ਇਸ ਲਈ ਮੁਰਦਾ ਤੇ ਹੱਥ-ਪੈਰ ਕੱਟੇ ਵਾਲੇ ਦੋਵੇਂ ਹੀ ਵੱਖ-ਵੱਖ ਭਾਂਤ ਦੀਆਂ ਕਬਰਾਂ ਵਿਚ ਗਲਦੇ ਸੜਦੇ ਰਹਿੰਦੇ ਹਨ।

ਇਹ ਪਾਬਲੋ ਨੇਰੂਦਾ ਦੀ ਕਵਿਤਾ ਦਾ ਕੁਝ ਹਿੱਸਾ ਹੈ, "ਮੈਂ ਕੁਝ ਗੱਲਾਂ ਦੀ ਵਿਆਖਿਆ ਕਰ ਰਿਹਾ ਹਾਂ।"

ਤੇ ਇੱਕ ਸਵੇਰ ਨੂੰ ਸਭ ਕੁਝ ਜਲ ਰਿਹਾ ਸੀ
ਇੱਕ ਸਵੇਰ ਧਰਤੀ ਵਿਚੋਂ ਅੱਗ ਦੀਆਂ ਲਾਟਾਂ
ਲਪਟਾਂ ਮਾਰ ਕੇ ਨਿਕਲ ਰਹੀਆਂ ਸਨ।
ਤੇ ਉਹ ਮਨੁੱਖੀ ਜੀਵਾਂ ਨੂੰ ਹੜੱਪ ਕਰੀ ਜਾ ਰਹੀਆਂ ਸਨ।
ਤੇ ਉਸ ਪਿੱਛੋਂ ਅੱਗ ਸੀ,
ਉਸ ਦਿਨ ਤੋਂ ਬਾਰੂਦ ਸੀ
ਤੇ ਉਸ ਦਿਨ ਤੋਂ ਬਾਅਦ ਲਹੂ ਹੀ ਲਹੂ ਸੀ
ਚਾਰੇ ਪਾਸੇ।
ਹਵਾਈ-ਜਹਾਜ਼ਾਂ 'ਚੋਂ ਉਤਰਦੇ ਗੁੰਡੇ
ਮੁੰਦਰੀਆਂ ਪਾਈ ਉਹਨਾਂ ਦੀਆਂ ਬੇਗਮਾਂ
ਗੁੰਡੇ, ਕਾਲੀਆਂ ਟੋਪੀਆਂ ਪਾਈ ਸੰਤ
ਉਪਦੇਸ਼ ਦਿੰਦੇ
ਜੋ ਅਸਮਾਨ ਤੋਂ ਬੱਚਿਆਂ ਨੂੰ ਕਤਲ ਕਰਨ ਆਏ
ਗਲੀਆਂ ਵਿਚ ਵਗਦਾ ਬੱਚਿਆਂ ਦਾ ਲਹੂ
ਬਿਨਾਂ ਹਲਚਲ, ਵਗਦਾ ਬੱਚਿਆਂ ਦਾ ਲਹੂ
ਗਿੱਦੜ! ਕਿ ਗਿੱਦੜਾਂ ਨੂੰ ਵੀ ਘਿਰਣਾ ਹੋਵੇ
ਪੱਥਰ, ਕਿ ਭੱਖੜੇ ਨੂੰ ਚੱਕ ਮਾਰੋ ਤੇ ਥੁੱਕ ਸੁੱਟੋ
ਵਿਹੁ ਭਰੇ ਸੱਪ ਕਿ ਸੱਪਾਂ ਨੂੰ ਵੀ ਘਿਰਣਾ ਹੋਵੇ।
ਤੁਹਾਡੇ ਰੂ-ਬ-ਰੂ ਮੈਂ ਸਪੇਨ ਦਾ ਲਹੂ ਡੁੱਲ੍ਹਦਾ ਵੇਖਿਆ ਹੈ
ਜਵਾਰ-ਭਾਟੇ ਵਾਂਗ ਉਠਦਾ ਤੇ ਤੁਹਾਨੂੰ ਡੁਬੋਂਦਾ ਲਹੂ
ਚਾਕੂਆਂ ਤੇ ਹੰਕਾਰ ਸਮੇਤ।

ਧੋਖੇਬਾਜ਼ ਜਰਨੈਲੋ!
ਮੇਰਾ ਮੁਰਦਾ ਘਰ ਵੇਖੋ।
ਖੱਖੜੀ ਖੱਖੜੀ ਹੋਏ ਸਪੇਨ ਨੂੰ ਤੱਕੋ!
ਫੁੱਲਾਂ ਦੀ ਥਾਂ
ਹਰ ਘਰ ਵਿਚੋਂ ਜਲਦੀ ਧਾਤ ਡੁੱਲ੍ਹਦੀ ਵੇਖੋ
ਸਪੇਨ ਦੀ ਹਰ ਅੱਖ ਦੇ ਅਖਵਾਨੇ ਵਿਚੋਂ
ਸਪੇਨ ਉਭਰਦਾ ਹੈ
ਤੇ ਹਰ ਮੁਰਦਾ ਬੱਚੇ ਵਿਚੋਂ
ਅੱਖਾਂ ਵਾਲੀ ਬੰਦੂਕ ਝਾਕਦੀ ਹੈ
ਹਰ ਜੁਰਮ ਵਿਚੋਂ ਗੋਲੀਆਂ ਜਨਮ ਲੈਂਦੀਆਂ ਹਨ

ਜਿਹੜੀਆਂ ਇੱਕ ਦਿਨ
ਤੁਹਾਡੇ ਦਿਲਾਂ ਦੀਆਂ ਅੱਖ ਨੂੰ ਲੱਭ ਲੈਣਗੀਆਂ
ਤੇ ਤੁਸੀਂ ਪੁੱਛੋਗੇ
"ਉਸ ਦੀ ਕਵਿਤਾ ਸੁਪਨੇ ਤੇ ਪੱਤਿਆਂ ਦੀ ਗੱਲ
ਕਿਉਂ ਨਹੀਂ ਕਰਦੀ?
ਤੇ ਆਪਣੀ ਮਾਤ-ਭੂਮੀ ਦੇ ਮਹਾਨ
ਜਵਾਲਾਮੁਖੀਆਂ ਦੀ।"
ਆਓ! ਤੇ ਵੇਖੋ ਗਲੀਆਂ ਵਿਚ ਲਹੂ
ਆਓ ਤੇ ਵੇਖੋ
ਗਲੀਆਂ ਵਿਚ ਲਹੂ
ਆਓ ਤੇ ਵੇਖੋ ਲਹੂ
ਗਲੀਆਂ ਵਿਚ ਵੀ।
(ਪਾਬਲੋ ਨੇਰੂਦਾ - ਚੋਣਵੀਂ ਕਵਿਤਾ -1970 ਵਿਚੋਂ।

ਮੈਨੂੰ ਇਹ ਗੱਲ ਸਪੱਸ਼ਟ ਕਰ ਲੈਣ ਦਿਓ ਕਿ ਨੇਰੂਦਾ ਦੀ ਕਵਿਤਾ ਦਾ ਹਵਾਲਾ ਦੇ ਕੇ ਮੈਂ ਰੀਪਬਲੀਕਨ ਸਪੇਨ ਤੇ ਸੱਦਾਮ ਹੁਸੈਨ ਦੇ ਇਰਾਕ ਦੀ ਤੁਲਨਾ ਨਹੀਂ ਕਰ ਰਿਹਾ। ਮੈਂ ਨੇਰੂਦਾ ਦਾ ਹਵਾਲਾ ਇਸ ਕਾਰਨ ਦੇ ਰਿਹਾ ਹਾਂ, ਕਿਉਂਕਿ ਸਮਕਾਲੀ ਕਵਿਤਾ ਵਿਚ ਕਿਤੇ ਵੀ ਸ਼ਹਿਰੀਆਂ ਉੱਤੇ ਬੰਬਾਰੀ ਦਾ ਇਸ ਤਰ੍ਹਾਂ ਦਾ ਸ਼ਕਤੀਸ਼ਾਲੀ ਅੰਤਰੀਵ ਵਰਨਣ ਮੈਂ ਹੋਰ ਕਿਸੇ ਥਾਂ ਨਹੀਂ ਪੜ੍ਹਿਆ।

ਮੈਂ ਪਹਿਲਾਂ ਵੀ ਕਿਹਾ ਕਿ "ਸੰਯੁਕਤ-ਰਿਆਸਤਾਂ" ਹੁਣ ਆਪਣੇ ਪੱਤੇ ਮੇਜ਼ ਉੱਤੇ ਖਿਲਾਰਨ ਵਿਚ ਬਿਲਕੁਲ ਸਪੱਸ਼ਟ ਹੈ। ਇਹ ਹੈ ਹੁਣ ਸਾਰੀ ਹਾਲਤ। ਉਸ ਦੀ ਸਰਕਾਰੀ ਐਲਾਨੀਆ ਨੀਤੀ ਹੁਣ "ਪੂਰੇ ਰੰਗ-ਦ੍ਰਿਸ਼ ਉੱਤੇ ਛਾ ਜਾਣ ਦੀ" ਹੈ। ਇਹ ਮੇਰਾ ਸੰਕੇਤ ਨਹੀਂ ਹੈ। ਇਹ ਉਨ੍ਹਾਂ ਦੀ ਹੈ। "ਪੂਰੇ ਰੰਗ-ਦ੍ਰਿਸ਼ ਉੱਤੇ ਭਾਰੂ" ਹੋਣ ਦਾ ਅਰਥ ਹੈ, ਧਰਤੀ, ਸਮੁੰਦਰ, ਹਵਾ ਤੇ ਖ਼ਲਾ ਤੇ ਇਸ ਨਾਲ ਜੁੜੇ ਸਾਰੇ ਸਾਧਨ।

ਯੂਨਾਈਟਿਡ ਸਟੇਟਸ ਕੋਲ ਹੁਣ ਸੰਸਾਰ ਦੇ 132 ਦੇਸ਼ਾਂ ਵਿਚ 702 ਸੈਨਿਕ ਅੱਡੇ ਹਨ। ਨਿਰਸੰਦੇਹ ਸਵੀਡਨ ਨੂੰ ਛੱਡ ਕੇ ਅਸੀਂ ਨਹੀਂ ਜਾਣਦੇ ਕਿ ਇਹ ਕਿਵੇਂ ਬਣੇ ਪਰ ਉਹ ਉੱਥੇ ਹਨ।"

ਯੂਨਾਈਟਿਡ ਸਟੇਟਸ ਕੋਲ 8000 ਸਰਗਰਮ ਤੇ ਕਾਰਵਾਈ ਕਰਨ ਵਾਲੇ ਨਿਊਕਲੀਅਰ ਜੰਗੀ ਮਿਜ਼ਾਈਲ ਹਨ। ਇਹਨਾਂ ਵਿਚੋਂ ਦੋ ਹਜ਼ਾਰ ਘੋੜਾ ਨੱਪਣ ਲਈ ਬਿਲਕੁਲ ਤਿਆਰ ਤੇ ਪੰਦਰਾਂ ਮਿੰਟਾਂ ਦੇ ਵਕਫ਼ੇ 'ਤੇ ਵਾਰਨਿੰਗ ਮਿਲਣ ਉੱਤੇ ਦਾਗੇ ਜਾਣ ਵਾਲੇ ਹਨ। ਇਹ ਹੁਣ ਇੱਕ ਨਵੀਂ ਫੌਜ, ਬੰਕਰ ਬਸਟਰ ਸਿਸਟਿਮ ਦਾ ਵਿਕਾਸ ਕਰ ਰਿਹਾ ਹੈ। ਬਰਤਾਨੀਆ ਜੋ ਸਦਾ ਹੀ ਮਿਲਵਰਤਣ ਲਈ ਤਿਆਰ ਰਹਿੰਦਾ ਹੈ। ਉਹ ਆਪਣੇ ਟਰਾਈਡੈਂਟ ਨਿਊਕਲੀਅਰ ਮਿਜ਼ਾਈਲ ਨੂੰ ਬਦਲਣ ਦਾ ਇਰਾਦਾ ਰੱਖਦਾ ਹੈ। ਮੈਂ ਹੈਰਾਨ ਹੁੰਦਾ ਹਾਂ ਕਿ ਉਹ ਕੀਹਦੇ ਉੱਤੇ ਨਿਸ਼ਾਨਾ ਬੰਨ੍ਹਣ ਵਾਲੇ ਹਨ? ਅਸਾਮਾ-ਬਿਨ-ਲਾਦੇਨ? ਤੁਸੀਂ? ਮੈਂ? ਜੋਈ ਡੋਕਸ? ਚੀਨ? ਪੈਰਿਸ? ਕੌਣ ਜਾਣਦਾ ਹੈ? ਜੋ ਕੁਝ ਅਸੀਂ ਜਾਣਦੇ ਹਾਂ ਉਹ ਇਹ ਹੈ ਕਿ ਇਹ ਨਿਊਕਲੀਅਰ ਹਥਿਆਰਾਂ ਦੀ ਮਾਲਕੀ ਅਤੇ ਵਰਤਣ ਦੀ ਧਮਕੀ ਅਮਰੀਕਾ ਦੀ ਰਾਜਨੀਤਿਕ ਫਿਲਾਸਫੀ ਦਾ ਬਚਗਾਨਾ ਪਾਗਲਪਨ ਹੈ। ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਯੂ. ਐੱਸ ਏ. ਪੱਕੇ ਤੌਰ 'ਤੇ ਸੈਨਿਕ ਤਿਆਰੀ ਵਿਚ ਹੈ ਤੇ ਉਹ ਇਸ ਵਿਚ ਨਰਮਾਈ ਦੇ ਚਿੰਨ ਨਹੀਂ ਵਿਖਾਲ ਰਿਹਾ।

ਲੱਖਾਂ ਨਾ ਸਹੀ, ਹਜ਼ਾਰਾਂ ਹੀ ਅਮਰੀਕੀ ਲੋਕ ਸਪੱਸ਼ਟ ਭਾਂਤ ਬੀਮਾਰ ਹੋ ਗਏ ਹਨ, ਸ਼ਰਮਿੰਦੇ ਹਨ



ਤੇ ਆਪਣੀ ਸਰਕਾਰ ਦੀਆਂ ਕਰਤੂਤਾਂ ਤੋਂ ਦੁਖੀ ਹਨ। ਪਰ ਜਿਵੇਂ ਕਿ ਹੁਣ ਸਥਿਤੀ ਹੈ, ਉਹ ਹਾਲੀ ਇੱਕ ਜੁੱਟ ਰਾਜਸੀ ਤਾਕਤ ਨਹੀਂ ਹਨ। ਪਰ ਚਿੰਤਾ, ਅਨਿਸ਼ਚਿਤਤਾ ਅਤੇ ਖੌਫ਼ ਜੋ ਅਸੀਂ ਰੋਜ਼ਾਨਾ ਅਮਰੀਕਾ ਵਿਚ ਵਧਦਾ ਜਾਂਦਾ ਵੇਖਦੇ ਹਾਂ, ਉਹ ਘਟਣ ਦੀ ਸੰਭਾਵਨਾ ਨਹੀਂ।

ਮੈਨੂੰ ਪਤਾ ਹੈ ਕਿ ਰਾਸ਼ਟਰਪਤੀ ਬੁਸ਼ ਕੋਲ ਅਤਿ ਦੇ ਕਾਬਲ ਤਕਰੀਰ ਲਿਖਣ ਵਾਲੇ ਮਾਹਿਰ ਹਨ, ਪਰ ਮੈਂ ਇਸ ਕੰਮ ਲਈ ਆਪਣੇ ਆਪ ਨੂੰ ਪੇਸ਼ ਕਰਨਾ ਚਾਹੁੰਦਾ ਹਾਂ। ਮੈਂ ਉਸ ਸੰਖੇਪ ਐਡਰੈਸ ਦੀ ਤਜਵੀਜ਼ ਪੇਸ਼ ਕਰਦਾ ਹਾਂ ਜੋ ਉਹ ਟੀ. ਵੀ. ਉੱਤੇ ਕੌਮ ਦੇ ਨਾਂ 'ਤੇ ਕਰ ਸਕਦਾ ਹੈ। ਮੈਂ ਵੇਖਦਾ ਹਾਂ ਕਿ ਉਹ ਗੰਭੀਰ ਹੁੰਦਾ ਹੈ, ਵਾਲ ਧਿਆਨ ਨਾਲ ਵਾਹੇ ਹੋਏ, ਚਿੰਤਤ ਜੇਤੂ, ਸੁਹਿਰਦ ਤੇ ਕਈ ਵਾਰ ਧੋਖੇ ਵਿਚ, ਤੇ ਡੰਵੀ ਹੋਈ ਮੁਸਕਰਾਹਟ ਵਰਤਦੇ, ਉਤਸਕਤਾ-ਭਰਿਆ ਦਿਲ ਖਿੱਚਵਾਂ, ਆਦਮੀ ਦਾ ਆਦਮੀ।

'ਰੱਬ ਨੇਕ ਹੈ। ਰੱਬ ਮਹਾਨ ਹੈ। ਰੱਬ ਨੇਕ ਹੈ। ਮੇਰਾ ਰੱਬ ਨੇਕ ਹੈ। ਬਿਨ-ਲਾਦੇਨ ਦਾ ਰੱਬ ਬੁਰਾ ਹੈ। ਉਸ ਦਾ ਰੱਬ ਭੈੜਾ ਹੈ। ਸਦਾਮ ਦਾ ਰੱਬ ਵੀ ਭੈੜਾ ਸੀ, ਪਰ ਉਸ ਦਾ ਕੋਈ ਰੱਬ ਹੈ ਹੀ ਨਹੀਂ ਸੀ। ਉਹ ਜੰਗਲੀ ਸੀ। ਅਸੀਂ ਵਹਿਸ਼ੀ ਨਹੀਂ ਹਾਂ। ਅਸੀਂ ਲੋਕਾਂ ਦੇ ਸਿਰ ਨਹੀਂ ਲਾਹੁੰਦੇ। ਅਸੀਂ ਆਜ਼ਾਦੀ ਵਿਚ ਯਕੀਨ ਰੱਖਦੇ ਹਾਂ। ਰੱਬ ਵੀ ਇਝ ਹੀ ਕਰਦਾ ਹੈ। ਮੈਂ ਉਜੱਡ ਨਹੀਂ ਹਾਂ। ਮੈਂ ਆਜ਼ਾਦੀ ਨੂੰ ਪਿਆਰਨ ਵਾਲੇ ਲੋਕਰਾਜ ਦਾ ਜਮਹੂਰੀ ਢੰਗ ਨਾਲ ਚੁਣਿਆ ਹੋਇਆ ਆਗੂ ਹਾਂ। ਅਸੀਂ ਦਇਆਵਾਨ ਸੋਸਾਇਟੀ ਹਾਂ। ਅਸੀਂ ਤਰਸ ਨਾਲ ਬਿਜਲੀ-ਮੌਤ 'ਤੇ ਮਾਰੂ ਟੀਕਾ ਲਾ ਕੇ ਮਾਰਦੇ ਹਾਂ। ਅਸੀਂ ਮਹਾਨ ਕੌਮ ਹਾਂ। ਮੈਂ ਤਾਨਾਸ਼ਾਹ ਨਹੀਂ ਹਾਂ। ਉਹ ਹੈ। ਮੈਂ ਵਹਿਸ਼ੀ ਨਹੀਂ ਹਾਂ ਤੇ ਉਹ ਹੈ। ਉਹ ਸਾਰੇ ਹੀ ਹਨ। ਮੇਰੇ ਕੋਲ ਅਖ਼ਲਾਕੀ ਅਧਿਕਾਰ ਹੈ। ਤੁਸੀਂ ਇਹ ਮੁੱਕਾ ਵੇਖਦੇ ਹੋ। ਇਹ ਮੇਰਾ ਅਖ਼ਲਾਕੀ ਅਧਿਕਾਰ ਹੈ ਤੇ ਇਸ ਨੂੰ ਭੁੱਲ ਨਾ ਜਾਇਓ।"

ਲੇਖਕ ਦੀ ਜ਼ਿੰਦਗੀ ਬੇਹੱਦ ਅਸੁਰੱਖਿਅਤ ਹੈ। ਲੱਗਭਗ ਨੰਗੀ ਸਰਗਰਮੀ। ਸਾਨੂੰ ਇਸ ਖ਼ਾਤਰ ਵਿਰਲਾਪ ਕਰਨ ਦੀ ਲੋੜ ਨਹੀਂ। ਲੇਖਕ ਆਪਣੀ ਚੋਣ ਕਰਦਾ ਹੈ ਤੇ ਉਸ 'ਤੇ ਡਟ ਜਾਂਦਾ ਹੈ। ਪਰ ਇਹ ਆਖਣਾ ਵੀ ਸਹੀ ਹੈ ਕਿ ਤੁਸੀਂ ਹਰ ਤਰ੍ਹਾਂ ਦੀਆਂ ਹਵਾਵਾਂ ਲਈ ਖੁੱਲ੍ਹੇ ਹੋ। ਇਹਨਾਂ ਵਿਚੋਂ ਕਈ ਨਿਰਸੰਦੇਹ ਬਰਫੀਲੀਆਂ ਵੀ ਹਨ। ਤੁਸਾਂ ਆਪਣੇ ਪੈਰਾਂ ਉੱਤੇ ਖਲੋਣਾ ਹੈ, ਕਈ ਵਾਰ ਇੱਕ ਲੱਤ ਉੱਤੇ। ਤੁਹਾਨੂੰ ਕੋਈ ਓਟ ਨਹੀਂ ਲੱਭਦੀ, ਕੋਈ ਸੁਰੱਖਿਆ ਨਹੀਂ ਜਾਂ ਤੁਸੀ ਝੂਠ ਬੋਲੋ। ਉਸ ਮਾਮਲੇ ਵਿਚ ਨਿਰਸੰਦੇਹ ਤੁਸੀਂ ਆਪਣਾ ਬਚਾਅ ਉਸਾਰ ਲੈਂਦੇ ਹੋ ਤੇ ਇਹ ਕਿਹਾ ਜਾ ਸਕਦਾ ਹੈ ਕਿ ਤੁਸੀਂ ਸਿਆਸੀ ਆਗੂ ਬਣ ਗਏ ਹੋ।

ਮੈਂ ਅੱਜ ਸ਼ਾਮ ਮੌਤ ਬਾਰੇ ਕਈ ਵਾਰ ਜ਼ਿਕਰ ਕੀਤਾ ਹੈ। ਹੁਣ ਮੈਂ ਆਪਣੀ 'ਮੌਤ' ਨਾਂ ਦੀ ਕਵਿਤਾ ਦਾ ਹਵਾਲਾ ਦਿਆਂਗਾ।

ਮੌਤ / ਹੈਰਲਡ ਪਿੰਟਰ
ਲੋਥ ਕਿੱਥੋਂ ਲੱਭੀ ਸੀ?
ਕਿਸ ਨੇ ਲੱਭੀ ਸੀ ਲੋਥ
ਜਦੋਂ ਲਾਸ਼ ਲੱਭੀ ਸੀ ਤਾਂ ਕੀ ਇਹ ਮੁਰਦਾ ਸੀ?
ਕਿਵੇਂ ਲੱਭੀ ਸੀ ਇਹ ਲਾਸ਼?

ਇਹ ਲਾਸ਼ ਕਿਸ ਬੰਦੇ ਦੀ ਸੀ?

ਇਸ ਲਾਸ਼ ਅਤੇ ਰੁਲਦੀ ਲੋਥ ਦਾ
ਕੌਣ ਪਿਤਾ, ਧੀ, ਭਰਾ-ਭਾਈ

ਜਾਂ ਚਾਚਾ, ਭੈਣ, ਮਾਂ, ਪੁੱਤਰ ਸੀ?

ਜਦੋਂ ਲਾਸ਼ ਤਿਆਗੀ ਗਈ
ਕੀ ਉਦੋਂ ਉਹ ਮੁਰਦਾ ਸੀ?
ਕੀ ਸਰੀਰ ਤਿਆਗਿਆ ਗਿਆ ਸੀ?
ਕੌਣ ਇਸ ਨੂੰ ਛੱਡ ਕੇ ਚਲਾ ਗਿਆ ਸੀ?

ਕੀ ਲਾਸ਼, ਸਫ਼ਰ ਵੇਲੇ
ਨੰਗੀ ਸੀ ਜਾਂ ਢੱਕੀ ਹੋਈ?

ਤੁਸੀਂ ਕਿਸ ਆਧਾਰ ਉੱਤੇ ਕਹਿ ਦਿੱਤਾ ਸੀ
ਕਿ ਲਾਸ਼ ਮੁਰਦਾ ਸੀ?
ਕੀ ਤੁਸਾਂ ਕਿਹਾ ਸੀ ਕਿ ਸਰੀਰ ਮੁਰਦਾ ਸੀ?
ਤੁਸੀਂ ਮੁਰਦਾ ਸਰੀਰ ਨੂੰ ਕਿੰਨੀ ਚੰਗੀ ਤਰ੍ਹਾਂ ਜਾਣਦੇ ਸੀ?
ਤੁਹਾਨੂੰ ਕਿਵੇਂ ਖ਼ਬਰ ਹੋਈ ਕਿ ਮੁਰਦਾ ਜਿਸਮ ਮੁਰਦਾ ਸੀ?

ਕੀ ਤੁਸਾਂ ਮੁਰਦਾ ਜਿਸਮ ਨੂੰ ਇਸ਼ਨਾਨ ਕਰਾਇਆ ਸੀ?
ਕੀ ਤੁਸਾਂ ਉਸ ਦੀਆਂ ਦੋਵੇਂ ਅੱਖਾਂ ਬੰਦ ਕੀਤੀਆਂ ਸਨ?
ਕੀ ਤੁਸਾਂ ਜਿਸਮ ਨੂੰ ਦਫ਼ਨਾਇਆ ਸੀ?
ਕੀ ਤੁਸੀਂ ਇਸ ਨੂੰ ਲਾਵਾਰਿਸ ਛੱਡ ਕੇ ਚਲੇ ਗਏ ਸੀ?
ਕੀ ਤੁਸਾਂ ਮੁਰਦਾ ਜਿਸਮ ਨੂੰ ਚੁੰਮਿਆ ਸੀ?

ਜਦੋਂ ਅਸੀਂ ਸ਼ੀਸ਼ਾ ਵੇਖਦੇ ਹਾਂ ਤਾਂ ਸੋਚਦੇ ਹਾਂ ਕਿ ਜੋ ਬਿੰਬ ਸਾਨੂੰ ਦਿਸਦਾ ਹੈ, ਉਹ ਸਹੀ ਹੈ। ਪਰ ਇੱਕ ਮਿਲੀਮੀਟਰ ਹਿੱਲ ਜਾਓ ਤਾਂ ਬਿੰਬ ਬਦਲ ਜਾਂਦਾ ਹੈ। ਅਸੀਂ ਅਸਲ ਵਿਚ ਕਦੇ ਨਾ ਮੁੱਕਣ ਵਾਲੇ ਪ੍ਰਛਾਵਿਆਂ ਨੂੰ ਵੇਖ ਰਹੇ ਹਾਂ। ਪਰ ਕਈ ਵਾਰ ਲੇਖਕ ਨੂੰ ਸ਼ੀਸ਼ਾ ਤੋੜਨਾ ਪੈਂਦਾ ਹੈ, ਕਿਉਂਕਿ ਸ਼ੀਸ਼ੇ ਦੇ ਦੂਸਰੇ ਪਾਸੇ ਸੱਚ ਹੁੰਦਾ ਹੈ, ਜੋ ਸਾਡੇ ਵੱਲ ਝਾਕਦਾ ਹੈ।

ਮੇਰਾ ਵਿਸ਼ਵਾਸ ਹੈ ਕਿ ਬੇਹੱਦ ਔਕੜਾਂ ਦੇ ਬਾਵਜੂਦ ਜੋ ਕਿ ਸਾਡੇ ਸਾਹਮਣੇ ਹਨ ਇੱਕ ਨਾਗਰਿਕ ਵਜੋਂ ਡਟਵਾਂ, ਅਡੋਲ, ਤਿੱਖਾ, ਬੌਧਿਕ ਇਰਾਦਾ, ਜੋ ਸਾਡੀਆਂ ਸੋਸਾਇਟੀਆਂ ਤੇ ਸਾਡੀਆਂ ਜ਼ਿੰਦਗੀਆਂ ਨੂੰ ਅਸਲੀ ਸੱਚ ਨੂੰ ਪਰਿਭਾਸ਼ਤ ਕਰਨਾ ਹੀ ਇੱਕ ਨਿਰਣੇਕਾਰੀ ਉਪਕਾਰ ਹੈ। ਜਿਹੜਾ ਸਾਨੂੰ ਸਭ ਨੂੰ ਸੌਂਪਿਆ ਗਿਆ ਹੈ। ਅਸਲ ਵਿਚ ਇਹ ਲਾਜ਼ਮੀ ਕਾਰਜ ਹੈ।

ਜੇ ਸਾਡੀ ਰਾਜਸੀ ਦ੍ਰਿਸ਼ਟੀ ਵਿਚ ਅਜਿਹਾ ਦ੍ਰਿੜ੍ਹ ਇਰਾਦਾ ਸ਼ਾਮਿਲ ਨਾ ਹੋਵੇ ਤਾਂ ਅਸੀਂ ਉਸ ਨੂੰ ਮੁੜ ਸਥਾਪਤ ਕਰਨ ਦੀ ਉਮੀਦ ਨਹੀਂ ਕਰ ਸਕਦੇ, ਜੋ ਲਗਭਗ ਗਵਾਚ ਹੀ ਚੁੱਕਾ ਹੈ ਤੇ ਇਹ ਹੈ ਮਨੁੱਖ ਦੀ ਗੌਰਵਤਾ।

ਨੋਟ :- (ਇਹ ਭਾਸ਼ਣ ਲੇਖਕ ਨੇ 7 ਦਿਸੰਬਰ 2005 ਨੂੰ ਸਵੀਡਨ ਵਿਖੇ ਨੋਬਲ ਪੁਰਸਕਾਰ ਪ੍ਰਾਪਤੀ ਦੇ ਮੌਕੇ ਦਿੱਤਾ ਸੀ)



ਗ਼ਜ਼ਲ

## ਨਿਰਮਲ ਪ੍ਰਸੰਨ

ਤੁਸੀਂ ਹੋ ਪੂਜਦੇ ਕੰਜਕਾਂ, ਕਦੇ ਦੇਵੀ ਧਿਆਉਂਦੇ ਹੋ।
ਸੁਪਾਰੀ ਖ਼ੁਦ ਤੁਸੀਂ ਦੇਵੋਂ, ਬਲੀ ਕੰਜਕਾਂ ਚੜ੍ਹਾਉਂਦੇ ਹੋ।

ਤੁਸੀਂ ਮੰਨਦੇ ਹੋ ਨਾਨਕ ਨੂੰ, ਤੁਸੀਂ ਗੋਬਿੰਦ ਦੇ ਵਰੋਸਾਏ,
ਮਿਟਾ ਕੇ ਹੋਂਦ ਕੁੜੀਆਂ ਦੀ, ਕਿਵੇਂ ਕਾਤਲ ਕਹਾਉਂਦੇ ਹੋ।

ਕਦੇ ਨਿਰਵਸਤਰੋਂ ਕੀਤੀ, ਲੰਘਾਈ ਅੱਗ 'ਚੋਂ ਔਰਤ,
ਬਣੇ ਮਾਂ, ਭੈਣ, ਜੋ ਪਤਨੀ, ਉਹਨੂੰ ਚਕਲੇ ਬਿਠਾਉਂਦੇ ਹੋ।

ਜਨਮ ਤੋਂ ਮਰਨ ਦੇ ਤੀਕਰ, ਗੁਲਾਮੀ ਹੀ ਜਿਦ੍ਹਾ ਹਾਸਲ,
ਭਰਾ, ਬਾਬਲ, ਪਤੀ ਹੱਥੋਂ ਸਦਾ ਬੇੜੀ ਪਵਾਉਂਦੇ ਹੋ।

ਜਦੋਂ ਘਰ ਜੰਮਦਾ ਪੁੱਤਰ, ਮਨਾਵਣ ਜਸ਼ਨ ਕਿਉਂ ਸਾਰੇ?
ਕੁੜੀ ਦਾ ਜੰਮਣਾ ਸੁਣਕੇ, ਕਿਵੇਂ ਸੱਥਰ ਵਿਛਾਉਂਦੇ ਹੋ?

ਤੁਸੀਂ ਹੋ ਆਖਦੇ ਪੱਥਰ, ਕੁੜੀ ਦੀ ਹੋਂਦ ਨੂੰ ਦੱਸੋ?
ਕਿਵੇਂ ਫਿਰ ਪੁੱਤਰਾਂ ਲਈ, ਤੁਸੀਂ ਪੱਥਰ ਵਿਆਉਂਦੇ ਹੋ?

ਸਦਾ ਕੁੱਖਾਂ 'ਚੋਂ ਨੂੰਹਾਂ ਦੀ, ਤੁਸੀਂ ਹੋ ਭਾਲਦੇ ਵਾਰਸ,
ਉਨ੍ਹਾਂ ਹੀ ਵਾਰਸਾਂ ਹੱਥੋਂ, ਕਤਲ ਨੂੰਹਾਂ ਕਰਾਉਂਦੇ ਹੋ।

ਕਦੇ ਇਹ ਕੁੱਖ ਵਿਚ ਮਾਰੀ, ਬਣਾ ਕੇ ਨੂੰਹ ਕਦੇ ਸਾੜੀ,
ਜਦੋਂ ਵਿਧਵਾ ਕੁਈ ਹੋਵੇ, ਸਤੀ ਉਸਨੂੰ ਬਣਾਉਂਦੇ ਹੋ।

ਨਹੀਂ ਔਰਤ ਹੈ ਹੁਣ ਅਬਲਾ, ਨਹੀਂ ਹੁਣ ਪੈਰ ਦੀ ਜੁੱਤੀ,
ਹਰਿਕ ਖੇਤਰ 'ਚ ਹੈ ਮੋਹਰੀ, ਹਕੀਕਤ ਨੂੰ ਭੁਲਾਉਂਦੇ ਹੋ।

ਰਹੀ ਅਵਤਾਰ ਸ਼ਕਤੀ ਦਾ, ਬਣੀ ਚੰਡੀ ਕਦੇ ਕਾਲੀ,
ਹਕੂਮਤ ਕਰ ਗਈ ਨਾਰੀ, ਕਿਵੇਂ ਸੱਚ ਨੂੰ ਮਿਟਾਉਂਦੇ ਹੋ।

**ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਇੱਕ ਨਵਾਂ ਤਜਰਬਾ**
ਦੋ ਮਾਸਿਕ
**"ਆਰੰਭ"**
ਜਿਸ ਦੀ ਪਹਿਲੀ ਹੀ ਕਾਪੀ ਹਰ ਸੂਝਵਾਨ ਪਾਠਕ ਤੇ ਲੇਖਕ ਦਾ ਧਿਆਨ ਖਿੱਚਦੀ ਹੈ। ਦੂਰ-ਪਾਰ ਬੈਠੇ ਪੰਜਾਬੀ ਪਾਠਕ ਇਸ ਪਰਚੇ ਨੂੰ ਇੰਟਰਨੈੱਟ www.aarambh.in 'ਤੇ ਲੋਡ ਕਰਕੇ ਬਿਨਾਂ ਖਰਚੇ ਤੋਂ ਵੀ ਪੜ੍ਹ ਸਕਦੇ ਹਨ।
**ਕੁਕਨੁਸ ਪ੍ਰਕਾਸ਼ਨ, ਨਵਾਂ ਜ਼ਮਾਨਾ ਬੁੱਕ ਸ਼ਾਪ, ਜਲੰਧਰ**

ਗ਼ਜ਼ਲ

## 'ਦਾਦਰ' ਪੰਡੋਰਵੀ

ਘਰਾਂ, ਫਸਲਾਂ, ਦੁਕਾਨਾਂ, ਦਫ਼ਤਰਾਂ ਵਿਚ ਭਰ ਗਿਆ ਪਾਣੀ।
ਮਗਰ ਇਨਸਾਨ ਤੇਰੀ ਅੱਖ ਦਾ ਕਿਉਂ ਮਰ ਗਿਆ ਪਾਣੀ।

ਮੁਸੀਬਤ ਵਿਚ ਪਤਾ ਲੱਗੂਗਾ ਦੁਸ਼ਮਣ ਦਾ ਤੇ ਮਿੱਤਰ ਦਾ,
ਨਜ਼ਰ ਸਭ ਆਉਣਗੇ ਚਿਹਰੇ ਜਦੋਂ ਨਿੱਤਰ ਗਿਆ ਪਾਣੀ।

ਤਸੀਹੇ, ਜ਼ੁਲਮ, ਬਰਬਾਦੀ ਜਰੀ ਜਾਂਦੇ ਨੇ ਚੁੱਪ ਕਰਕੇ,
ਇਨ੍ਹਾਂ ਲੋਕਾਂ ਦੀਆਂ ਨਾੜਾਂ 'ਚ ਲੱਗਦੈ ਭਰ ਗਿਆ ਪਾਣੀ।

ਅਸੀਂ ਤਾਂ ਤੈਰ ਕੇ ਮਿਲਣਾ ਸੀ ਪਰਲੇ ਪਾਰ ਸੱਜਣਾਂ ਨੂੰ,
ਘੜੇ ਦੇ ਨਾਲ ਮਿਲਕੇ ਪਰ ਸ਼ਰਾਰਤ ਕਰ ਗਿਆ ਪਾਣੀ।

ਜਦੋਂ ਸੀਨੇ 'ਚ ਠਾਠਾਂ ਸਨ, ਸਮੁੰਦਰ ਤਰ ਲਏ ਲੱਖਾਂ,
ਬਰੇਤੀ ਲੰਘ ਨਾ ਹੋਈ, ਜਦੋਂ ਉੱਤਰ ਗਿਆ ਪਾਣੀ।

ਜਦੋਂ ਜੰਗਲ ਪਿਆਸੇ ਦਾ ਹੈ ਮੈਨੂੰ ਹੇਰਵਾ ਆਉਂਦਾ,
ਨਮੀ ਮਹਿਸੂਸਦਾਂ, ਅੱਖਾਂ 'ਚ ਲੱਗਦੈ ਭਰ ਗਿਆ ਪਾਣੀ।

ਮੇਰੇ ਹੋਠਾਂ ਤੋਂ ਹੋ ਕੇ ਡਿੱਗ ਪਏ ਕੁਝ ਕੀਮਤੀ ਮੋਤੀ,
ਗ਼ਮਾਂ ਦਾ ਕਾਫ਼ਿਲਾ ਲੈ ਕੇ, ਚਲਾ ਕਿੱਧਰ ਗਿਆ ਪਾਣੀ।

ਜਰੀ ਹੈ ਉਮਰ ਭਰ ਦਿਲ ਤੇ, ਉਨ੍ਹਾਂ ਦੀ ਬੇਰੁਖ਼ੀ ਏਦਾਂ,
ਜਿਵੇਂ ਮਾਰੂਥਲਾਂ ਵਿਚ ਤਿਪ-ਤਿਪ ਕਰਕੇ ਮਰ ਗਿਆ ਪਾਣੀ।

ਥਲਾਂ ਵਿਚ ਸੜਦੀਆਂ ਵੇਲਾਂ ਦਾ ਜਾਇਜ਼ ਸੀ ਗਿਲਾ 'ਦਾਦਰ'
ਛਲਕਦੇ ਸਾਗਰਾਂ 'ਤੇ ਜਦ ਸੀ ਜਾ ਕੇ ਵਰ੍ਹ ਗਿਆ ਪਾਣੀ।

(ਪਿੰਡ ਤੇ ਡਾਕ. ਢੱਕ ਪੰਡੋਰੀ, ਫਗਵਾੜਾ ਫੋਨ - 01824-250240)

**ਕੁਕਨੁਸ ਪ੍ਰਕਾਸ਼ਨ, ਜਲੰਧਰ**

ਪੰਜਾਬੀ ਪ੍ਰਕਾਸ਼ਨ ਦੇ ਖੇਤਰ ਵਿਚ ਇੱਕ ਨਵਾਂ ਤਜ਼ਰਬਾ ਤੇ ਵੱਖਰਾ ਵਰਤਾਰਾ ਹੈ। ਇਹ ਸਸਤੀਆਂ ਤੇ ਵਧੀਆਂ ਪੁਸਤਕਾਂ ਦੀ ਲੋੜ ਪੂਰੀ ਕਰਨ ਵਾਲੀ ਸੰਸਥਾ ਹੈ ਤੇ ਇਹ ਛਪੀ ਪੁਸਤਕ ਨੂੰ ਪਾਠਕ ਦੇ ਘਰ ਤੇ ਸ਼ਹਿਰ ਤੀਕ ਲੈ ਕੇ ਜਾਂਦੀ ਹੈ।

ਕੁਕਨੁਸ ਪ੍ਰਕਾਸ਼ਨ, ਨਵਾਂ ਜ਼ਮਾਨਾ ਬੁੱਕ ਸ਼ਾਪ, ਨਹਿਰੂ ਗਾਰਡਨ ਰੋਡ, ਜਲੰਧਰ
ਫੋਨ :- 94635-40352



ਗ਼ਜ਼ਲ

## ਸ਼ਹੀਦ ਭਗਤ ਸਿੰਘ ਦੇ ਨਾਂ

ਅਮਰਦੀਪ ਗਿੱਲ

ਸਦਾ ਦੇਸ਼ ਦੀ ਸ਼ਾਨ ਹੁੰਦੇ ਨੇ ਸ਼ਹੀਦ!
ਸਦਾ ਕੌਮ ਦੀ ਜਾਨ ਹੁੰਦੇ ਨੇ ਸ਼ਹੀਦ!

ਕੁਰਬਾਨੀ ਦਾ ਜਜ਼ਬਾ ਹੀ ਹੈ ਜ਼ਿੰਦਗੀ,
ਮਨੁੱਖਤਾ ਦਾ ਈਮਾਨ ਹੁੰਦੇ ਨੇ ਸ਼ਹੀਦ!

ਇੱਕੋ ਸੋਚ ਦੇ ਉੱਪਰ ਪਹਿਰਾ ਦਿੰਦੇ ਨੇ,
ਇੱਕੋ ਹੀ ਅਰਮਾਨ ਹੁੰਦੇ ਨੇ ਸ਼ਹੀਦ!

ਖ਼ੁਦ ਮਿਟ ਕੇ ਸਾਨੂੰ ਜਿਉਂਦਾ ਕਰ ਜਾਂਦੇ,
ਸਾਡੇ 'ਤੇ ਅਹਿਸਾਨ ਹੁੰਦੇ ਨੇ ਸ਼ਹੀਦ!

ਗ਼ੈਰਤ ਉਸ ਮਿੱਟੀ ਦੇ ਵਿਚ ਉੱਗਦੀ ਹੈ,
ਜਿਸ ਥਾਂ 'ਤੇ ਕੁਰਬਾਨ ਹੁੰਦੇ ਨੇ ਸ਼ਹੀਦ!

ਆਗਾਜ਼ ਤਾਂ ਹੁੰਦੈ ਆਮ ਪਰ ਅੰਜਾਮ ਨਹੀਂ,
ਕਿਹੋ ਜਿਹੇ ਇਨਸਾਨ ਹੁੰਦੇ ਨੇ ਸ਼ਹੀਦ!

ਲੋਕ ਜਨਮਦੇ, ਬੁੱਢੇ ਹੁੰਦੇ, ਮਰ ਜਾਂਦੇ,
ਐਪਰ ਸਦਾ ਜਵਾਨ ਹੁੰਦੇ ਨੇ ਸ਼ਹੀਦ!

ਗੁਰੂਆਂ, ਪੀਰਾਂ ਪੈਗੰਬਰਾਂ ਸਾਰੇ ਧਰਮਾਂ ਤੋਂ,
ਸੌ ਗੁਣਾਂ ਮਹਾਨ ਹੁੰਦੇ ਨੇ ਸ਼ਹੀਦ!

ਹੱਕ ਸੱਚ ਨੂੰ ਦਿਲ ਦਿਮਾਗ਼ ਦਿੰਦੇ ਨੇ,
ਚੁੱਪ ਨੂੰ ਮਿਲੀ ਜ਼ੁਬਾਨ ਹੁੰਦੇ ਨੇ ਸ਼ਹੀਦ!

9028, ਏਕਤਾ ਕਾਲੋਨੀ, ਰਜਿੰਦਰਾ ਕਾਲਜ ਪਿਛੇ, ਬਠਿੰਡਾ- 151001

ਵਾਹਗਿਓਂ ਪਾਰ

(ਉਰਦੂ ਕਹਾਣੀ)

# ਡੰਗਰ ਬੋਲੀ

ਮੁਹੰਮਦ ਮੰਨਸ਼ਾ ਯਾਦ

ਉਹਨਾਂ ਨੂੰ ਸ਼ੱਕ ਹੈ ਕਿ ਮੈਂ ਆਪਣਾ ਵਿਸ਼ਵਾਸ ਬਦਲ ਲਿਆ ਹੈ। ਹਾਲਾਂਕਿ ਐਸਾ ਬਿਲਕੁਲ ਨਹੀਂ ਹੈ, ਮੈਂ ਸਿਰਫ਼ ਗੋਸ਼ਤਖੋਰੀ (ਮਾਸ ਖਾਣਾ) ਛੱਡ ਦਿੱਤੀ ਹੈ।

ਦੁਨੀਆ ਵਿਚ ਬਹੁਤ ਸਾਰੇ ਲੋਕ ਅਜਿਹੇ ਹਨ ਜੋ ਗੋਸ਼ਤ ਨਹੀਂ ਖਾਂਦੇ, ਅਰਥਾਤ ਵੈਜੀਟੇਰੀਅਨ ਹਨ। ਉਹਨਾਂ ਕੋਲ ਮਾਸ ਨਾ ਖਾਣ ਦੀਆਂ ਆਪਣੀਆਂ-ਆਪਣੀਆਂ ਦਲੀਲਾਂ ਹੋਣਗੀਆਂ। ਹੋ ਸਕਦਾ ਹੈ ਕਿ ਬਹੁਤ ਸਾਰੇ ਲੋਕ ਕਿਸੇ ਅਕੀਦੇ ਕਾਰਨ ਮਾਸ ਨਾ ਖਾਂਦੇ ਹੋਣ। ਕੁਝ ਨੂੰ ਤਾਂ ਡਾਕਟਰਾਂ ਨੇ ਪਰਹੇਜ਼ ਕਰਨਾ ਦੱਸਿਆ ਹੋਵੇ। ਕੁਝ ਅਜਿਹੇ ਵੀ ਲੋਕ ਹੋਣਗੇ, ਜਿਨ੍ਹਾਂ ਦਾ ਮਨੋਵਿਗਿਆਨਕ ਮਸਲਾ ਹੋਵੇ। ਮਿਸਾਲ ਵਜੋਂ ਮੈਂ ਇੱਕ ਅਜਿਹੇ ਸ਼ਖ਼ਸ ਨੂੰ ਜਾਣਦਾ ਹਾਂ, ਜਿਸ ਦਾ ਬਚਪਨ ਵਿਚ ਇੱਕ ਵਾਰ ਜ਼ੁਕਾਮ ਵਿਗੜ ਗਿਆ ਸੀ ਤੇ ਉਸ ਨੂੰ ਹਰ ਚੀਜ਼ ਵਿਚੋਂ ਮੁਰਦੇ ਦੀ ਬੋ ਆਉਂਦੀ ਸੀ। ਇਸ ਤਰ੍ਹਾਂ ਉਸ ਨੂੰ ਮਾਸ ਦੀ ਤਰੀ ਪਿਆਈ ਗਈ ਤਾਂ ਉਸਨੂੰ ਉਲਟੀ ਆ ਗਈ। ਕਿਉਂਕਿ ਉਸ ਨੂੰ ਉਸ ਵਿਚੋਂ ਵੀ ਮੁਰਦੇ ਦੀ ਬੋ ਆਈ। ਹਾਲਾਂਕਿ ਇਹ ਬੋ ਉਸਦੇ ਆਪਣੇ ਅੰਦਰ ਹੀ ਪੈਦਾ ਹੋ ਗਈ ਸੀ। ਪਰ ਉਸਦਾ ਦਿਲ ਉਸ ਦਿਨ ਤੋਂ ਹਮੇਸ਼ਾ ਵਾਸਤੇ ਮਾਸ ਤੋਂ ਫਿਰ ਗਿਆ। ਪਰ ਮੇਰਾ ਮਾਮਲਾ ਬਿਲਕੁਲ ਵੱਖਰਾ ਹੈ। ਮੈਂ ਬਚਪਨ ਤੋਂ ਹੁਣ ਤੱਕ ਗੋਸ਼ਤਖੋਰੀ ਦਾ ਸ਼ੌਕੀਨ ਰਿਹਾ ਹਾਂ ਅਤੇ ਭੁੰਨਿਆਂ ਹੋਇਆ ਮਾਸ ਤਾਂ ਮੇਰੀ ਸਭ ਤੋਂ ਪਿਆਰੀ ਖ਼ੁਰਾਕ ਰਹੀ ਹੈ। ਹਾਲਾਂਕਿ ਖ਼ੂਨ ਵਿਚ ਯੂਰਿਕ ਐਸਿਡ ਦੀ ਮਾਤਰਾ ਜ਼ਿਆਦਾ ਹੋ ਜਾਣ ਦੇ ਕਾਰਨ ਮੈਨੂੰ ਕਈ ਵਾਰ ਡਾਕਟਰਾਂ ਨੇ ਉਸ ਤੋਂ ਪਰਹੇਜ਼ ਕਰਨਾ ਦੱਸਿਆ ਅਤੇ ਉਸ ਦੇ ਨਤੀਜਿਆਂ ਤੋਂ ਜਾਣੂ ਕਰਵਾਇਆ। ਪਰ ਮੈਂ ਉਹਨਾਂ ਦੀ ਹਦਾਇਤ ਉੱਤੇ ਪੂਰੀ ਤਰ੍ਹਾਂ ਅਮਲ ਨਹੀਂ ਕਰ ਸਕਿਆ।

ਪਰ ਹੁਣ ਮੈਂ ਕੁਝ ਚਿਰ ਤੋਂ ਮਾਸ ਖਾਣਾ ਬਿਲਕੁਲ ਤਿਆਗ ਦਿੱਤਾ ਹੈ। ਪਰ ਉਸਦਾ ਕਾਰਨ ਵਿਸ਼ਵਾਸ ਦੀ ਤਬਦੀਲੀ ਨਹੀਂ ਹੈ, ਸਗੋਂ ਉਸ ਦਾ ਮੇਰੇ ਵਿਸ਼ਵਾਸ ਨਾਲ ਦੂਰ ਦਾ ਵੀ ਸੰਬੰਧ ਨਹੀਂ ਹੈ।

ਮੈਂ ਆਮ ਤੌਰ 'ਤੇ ਇਸ ਗੱਲ ਦਾ ਜ਼ਿਕਰ ਇਸ ਲਈ ਨਹੀਂ ਕਰਦਾ ਕਿ ਸ਼ਾਇਦ ਕਿਸੇ ਨੂੰ ਯਕੀਨ ਆਵੇ, ਪਰ ਮੇਰਾ ਖ਼ਿਆਲ ਹੈ ਕਿ ਮੈਨੂੰ ਅਸਲ ਗੱਲ ਦੱਸ ਹੀ ਦੇਣੀ ਚਾਹੀਦੀ ਤਾਂ ਕਿ ਮੇਰੇ ਬਾਰੇ ਵਿਚ ਕਿਸੇ ਕਿਸਮ ਦੀ ਗਲਤਫ਼ਹਿਮੀ ਪੈਦਾ ਨਾ ਹੋਵੇ।

ਮੈਨੂੰ ਬਚਪਨ ਤੋਂ ਹੀ ਵੱਖਰੀਆਂ-ਵੱਖਰੀਆਂ ਜ਼ੁਬਾਨਾਂ ਸਿੱਖਣ ਦਾ ਸ਼ੌਕ ਸੀ ਤੇ ਮੈਂ ਕੁਝ ਇਕ ਜ਼ੁਬਾਨਾਂ ਸਿੱਖੀਆਂ ਵੀ, ਪਰ ਸੱਚੀ ਗੱਲ ਇਹ ਹੈ ਕਿ ਮੇਰਾ ਜਾਨਵਰਾਂ ਅਤੇ ਉਹ ਵੀ ਭੇਡਾਂ-ਬੱਕਰੀਆਂ ਦੀ ਜ਼ੁਬਾਨ ਸਿੱਖਣ ਦਾ ਕੋਈ ਇਰਾਦਾ ਨਹੀਂ ਸੀ। ਇਹਨੂੰ ਬੱਸ ਮੌਕਾ-ਮੇਲ ਅਤੇ ਮੇਰੀ ਬਦਕਿਸਮਤੀ ਹੀ ਸਮਝ ਲਓ ਕਿ ਮੈਂ ਇਹ ਜ਼ੁਬਾਨ ਬਿਨਾਂ ਇਰਾਦੇ ਦੇ ਸਿੱਖ ਗਿਆ।

ਹੋਇਆ ਇੰਝ ਕਿ ਕਦੇ ਅਸੀਂ ਪਿੰਡ ਰਹਿੰਦੇ ਹੁੰਦੇ ਸੀ। ਜਿੱਥੇ ਅਸਾਡਾ ਘਰ ਸੀ, ਉੱਥੇ ਪਿਛਵਾੜੇ ਵਿਚ ਭੇਡਾਂ-ਬੱਕਰੀਆਂ ਦਾ ਇੱਕ ਵਾੜਾ ਸੀ। ਮੈਂ ਰਾਤ ਦੇਰ ਤੀਕ ਸਕੂਲ ਦਾ ਕੰਮ ਕਰਦਾ ਅਤੇ ਭੇਡਾਂ-ਬੱਕਰੀਆਂ ਤੇ ਉਹਨਾਂ ਦੇ ਮੇਮਨਿਆਂ ਦੀਆਂ ਆਵਾਜ਼ਾਂ ਸੁਣਦਾ ਰਹਿੰਦਾ। ਇੱਕ ਦੋ ਵਾਰ ਹਨੇਰੀ ਰਾਤ ਨੂੰ ਬਘਿਆੜ ਵਾੜੇ ਵਿਚ ਘੁਸ ਆਇਆ ਤੇ ਇੱਕ-ਅੱਧ ਭੇਡ ਉਠਾ ਕੇ ਲੈ ਗਿਆ। ਇਸ ਪਿੱਛੋਂ ਭੇਡ-ਬੱਕਰੀਆਂ ਅਤੇ ਮੇਮਨੇ ਹਰ ਵੇਲੇ ਡਰੇ-ਡਰੇ ਅਤੇ ਸਹਿਮੇ-ਸਹਿਮੇ ਰਹਿਣ ਲੱਗੇ। ਖ਼ਾਸ ਤੌਰ 'ਤੇ ਗਰਮੀਆਂ ਦੀਆਂ ਰਾਤਾਂ ਵਿਚ ਬਘਿਆੜ ਦੇ ਖ਼ੌਫ਼ ਤੋਂ ਭੇਡ-ਬੱਕਰੀਆਂ ਸਾਰੀ ਰਾਤ ਮਿਆਂਕਦੀਆਂ ਰਹਿੰਦੀਆਂ।



ਮੈਂ ਲੈਂਪ ਬੁਝਾ ਕੇ ਸੌਣ ਦੀ ਕੋਸ਼ਿਸ਼ ਕਰਦਾ, ਪਰ ਉਨ੍ਹਾਂ ਦੀ ਆਵਾਜ਼ ਤੇ ਸਰਗੋਸ਼ੀਆਂ ਮੈਨੂੰ ਸੌਣ ਨਾ ਦਿੰਦੀਆਂ। ਫਿਰ ਪਤਾ ਨਹੀਂ ਕਿਵੇਂ ਖ਼ੁਦ-ਬ-ਖ਼ੁਦ ਉਹਨਾਂ ਦੀ ਜ਼ੁਬਾਨ ਮੇਰੀ ਸਮਝ ਵਿਚ ਆਉਣ ਲੱਗ ਪਈ। ਰਾਤ ਭਰ ਮੇਮਨੇ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ -

"ਮਾਂ ਮੈਨੂੰ ਡਰ ਲੱਗ ਰਿਹਾ ਹੈ"

"ਮਾਂ, ਮੈਨੂੰ ਭੁੱਖ ਲੱਗੀ ਹੈ।"

"ਮਾਂ, ਦਿਨ ਕਦੋਂ ਚੜ੍ਹੂਗਾ?'

"ਹਾਏ ! ਮੈਨੂੰ ਠੰਡ ਲੱਗ ਰਹੀ ਹੈ।"

ਤੇ ਹਰ ਮਾਂ ਵਾਂਗੂ ਉਹਨਾਂ ਦੀਆਂ ਮਾਵਾਂ ਵੀ ਉਹਨਾਂ ਨੂੰ ਝੂਠੀਆਂ ਤਸੱਲੀਆਂ ਦਿੰਦੀਆਂ ਰਹਿੰਦੀਆਂ।

ਇੱਕ ਵਾਰੀ ਅੱਬਾ ਜੀ ਨੂੰ ਪਤਾ ਨਹੀਂ ਕੀ ਬਿਮਾਰੀ ਲੱਗ ਗਈ। ਹਕੀਮ ਸਾਹਿਬ ਨੇ ਉਹਨਾਂ ਨੂੰ ਗੋਲੀਆਂ ਦਿੱਤੀਆਂ ਅਤੇ ਹਦਾਇਤ ਕੀਤੀ ਕਿ ਉਹ ਉਹਨਾਂ ਨੂੰ ਬੱਕਰੀ ਦੇ ਦੁੱਧ ਦੇ ਨਾਲ ਇੱਕ ਸਮੇਂ ਤੀਕ ਵਰਤੋਂ ਕਰਨ। ਕੁਝ ਦਿਨ ਤਾਂ ਅੱਬਾ ਗਵਾਂਢ ਵਾਲਿਆਂ ਤੋਂ ਦੁੱਧ ਮੰਗਦੇ ਰਹੇ। ਫਿਰ ਉਹਨਾਂ ਨੇ ਦੁੱਧ ਦੇਣ ਵਾਲੀ ਇੱਕ ਬੱਕਰੀ ਖਰੀਦ ਲਈ, ਜਿਸ ਦੇ ਨਾਲ ਦੋ ਨੰਨੇ ਗੁਲਗੁਲੇ ਮੇਮਨੇ ਵੀ ਸਨ। ਇੱਕ ਕਾਲਾ ਤੇ ਦੂਸਰਾ ਡੱਬ-ਖੜੱਬਾ। ਇਸ ਤਰ੍ਹਾਂ ਮੈਨੂੰ ਬੱਕਰੀਆਂ ਦੇ ਜ਼ਿਆਦਾ ਕਰੀਬ ਰਹਿ ਕੇ ਉਹਨਾਂ ਦੀ ਜ਼ੁਬਾਨ ਸਿੱਖਣ ਦਾ ਮੌਕਾ ਮਿਲ ਗਿਆ। ਮੇਮਨਿਆਂ ਨਾਲ ਮੇਰੀ ਡੂੰਘੀ ਦੋਸਤੀ ਹੋ ਗਈ। ਮੈਂ ਸਕੂਲ ਤੋਂ ਵਾਪਿਸ ਆ ਕੇ ਦੇਰ ਤੱਕ ਉਹਨਾਂ ਨਾਲ ਖੇਡਦਾ ਰਹਿੰਦਾ, ਉਹਨਾਂ ਨੂੰ ਆਪਣੇ ਕੈਦੇ ਅਤੇ ਕਿਤਾਬਾਂ ਵਿਚੋਂ ਕਹਾਣੀਆਂ ਅਤੇ ਕਵਿਤਾਵਾਂ ਪੜ੍ਹ ਕੇ ਸੁਣਾਉਂਦਾ। ਸ਼ਾਮ ਨੂੰ ਉਹਨਾਂ ਨੂੰ ਆਪਣੇ ਨਾਲ ਖੇਤਾਂ ਪੈਲੀਆਂ ਵਿਚ ਲੈ ਜਾਂਦਾ। ਉਹਨਾਂ ਲਈ ਰੁੱਖਾਂ ਦੀਆਂ ਟਹਿਣੀਆਂ ਕੱਟਦਾ। ਉਹ ਰੁੱਖਾਂ ਦੇ ਪੱਤੇ ਖਾਂਦੇ ਰਹਿੰਦੇ। ਮੈਂ ਪਹਾੜੇ ਯਾਦ ਕਰਦਾ ਰਹਿੰਦਾ। ਪੱਤੇ ਖਾਂਦੇ, ਘਾਹ ਚਰਦੇ ਅਤੇ ਪਹਾੜੇ ਯਾਦ ਕਰਦੇ ਅਸੀਂ ਆਪਸ ਵਿਚ ਗੱਲਾਂ ਵੀ ਕਰਦੇ। ਰਾਤ ਨੂੰ ਉਹ ਆਪਣੀ ਮਾਂ ਨੂੰ ਦਿਨ ਭਰ ਦੀ ਸੈਰ ਅਤੇ ਖੇਡ ਕੁੱਦ ਦੇ ਵੇਰਵੇ ਦੱਸਦੇ ਅਤੇ ਦੌੜਦੇ, ਛਾਲਾਂ ਲਾਉਂਦੇ। ਖਾਲ ਅਤੇ ਟੋਏ ਟੱਪਦੇ, ਉੱਚੇ ਟਿੱਲਿਆਂ ਅਤੇ ਝਾੜੀਆਂ ਉੱਤੇ ਚੜ੍ਹਨ ਵਿਚ ਇੱਕ ਦੂਸਰੇ ਤੋਂ ਬਾਜ਼ੀ ਲੈ ਜਾਣ ਦੀਆਂ ਡੀਂਗਾਂ ਮਾਰਦੇ।

"ਮੈਂ ਵੱਡਾ ਹੋ ਗਿਆ ਹਾਂ", ਇੱਕ ਆਖਦਾ।

"ਨਹੀਂ, ਮੈਂ ਇਹਦੇ ਨਾਲੋਂ ਵੱਡਾ ਹੋ ਗਿਆ ਹਾਂ", ਦੂਸਰਾ ਆਖਦਾ।

ਬੱਕਰੀ ਉਹਨਾਂ ਦੇ ਹੁਸ਼ਿਆਰ ਹੋਣ ਅਤੇ ਵੱਡਾ ਹੋਣ ਦੀਆਂ ਗੱਲਾਂ ਸੁਣ ਕੇ ਉਦਾਸ ਹੋ ਜਾਂਦੀ ਤੇ ਆਖਦੀ,

"ਕਾਸ਼ ! ਤੁਸੀਂ ਹਮੇਸ਼ਾ ਛੋਟੇ ਹੀ ਰਹੋ। ਕਦੇ ਵੱਡੇ ਨਾ ਹੋਵੋ।"

ਉਹਨਾਂ ਦੋਵਾਂ ਦੀ ਸਮਝ ਵਿਚ ਕਦੇ ਨਾ ਆਉਂਦਾ ਕਿ ਮਾਂ ਅਜਿਹਾ ਕਿਉਂ ਸੋਚਦੀ ਹੈ ਅਤੇ ਕਹਿੰਦੀ ਹੈ। ਉਹ ਬੁਰਾ ਮਨਾ ਜਾਂਦੇ ਅਤੇ ਦੇਰ ਤੀਕ ਉਸ ਨਾਲ ਗੁੱਸੇ ਰਹਿੰਦੇ, ਮੈਂ ਵੀ ਉਹਨਾਂ ਨੂੰ ਦੱਸਣਾ ਠੀਕ ਨਹੀਂ ਸਮਝਿਆ ਕਿ ਉਹਨਾਂ ਦੇ ਵੱਡੇ ਹੋਣ 'ਤੇ ਕਿਸ ਕਿਸਮ ਦੇ ਹਾਲਾਤ ਪੈਦਾ ਹੋ ਸਕਦੇ ਹਨ।

ਫਿਰ ਇੱਕ ਦਿਨ ਡੱਬ-ਖੜੱਬਾ ਗੁੰਮ ਹੋ ਗਿਆ। ਅਸਾਂ ਬੜਾ ਲੱਭਿਆ, ਪਰ ਉਸਦਾ ਕੁਝ ਪਤਾ ਨਾ ਚੱਲਿਆ। ਬੱਕਰੀ ਕਈ ਦਿਨ ਤੀਕ ਉਸਨੂੰ ਯਾਦ ਕਰਦੀ ਚੀਕਦੀ ਅਤੇ ਮਿਆਂਕਦੀ ਰਹਿੰਦੀ ਤੇ ਕਾਲਾ ਵੀ ਯਾਦ ਕਰਦਾ ਰਿਹਾ। ਫਿਰ ਹੌਲ਼ੀ-ਹੌਲ਼ੀ ਭੁੱਲ ਗਿਆ।

ਕਾਲਾ ਹੁਣ ਹੋਰ ਵੱਡਾ ਹੋ ਗਿਆ ਸੀ। ਉਸ ਦੇ ਸਿੰਗ ਵੱਡੇ ਅਤੇ ਨੁਕੀਲੇ ਹੋ ਗਏ ਸਨ ਅਤੇ ਉਸ ਦੇ ਜਿਸਮ ਵਿਚੋਂ ਵੱਡੇ ਬੱਕਰਿਆਂ ਵਰਗੀ ਬੂ ਆਉਣ ਲੱਗੀ। ਵੱਡੇ ਬੁੱਢੇ ਆਪ ਹੀ ਉਸਦਾ ਮੂੰਹ ਖੋਲ੍ਹ ਕੇ ਉਸਦੇ ਦੰਦ ਵੇਖਦੇ। ਮੇਰੇ ਹਮ-ਉਮਰ ਲੜਕੇ ਉਸ ਨੂੰ ਵੇਖ ਕੇ ਡਰ ਜਾਂਦੇ, ਭਾਵੇਂ ਕਿ ਉਹ ਕਿਸੇ ਨੂੰ ਕੁਝ

ਨਹੀਂ ਕਹਿੰਦਾ ਸੀ। ਮੈਂ ਉਸ ਨੂੰ ਨਾਲ ਲੈ ਕੇ ਘੁੰਮਦਾ ਰਹਿੰਦਾ। ਅਸੀਂ ਇੱਕ ਦੂਸਰੇ ਦੀ ਜ਼ੁਬਾਨ ਹੀ ਨਹੀਂ, ਇਸ਼ਾਰੇ ਵੀ ਸਮਝਦੇ ਸੀ। ਮੈਂ ਉਸ ਨੂੰ ਜਿੱਥੇ ਸੱਦਦਾ, ਉਹ ਦੌੜਦਾ ਹੋਇਆ ਉੱਥੇ ਪਹੁੰਚ ਜਾਂਦਾ। ਜਿਸ ਗੱਲੋਂ ਮਨ੍ਹਾ ਕਰਦਾ ਮਨ੍ਹਾ ਹੋ ਜਾਂਦਾ ਸੀ। ਮੈਂ ਜਿੱਧਰ ਜਾਂਦਾ, ਉਹ ਮੇਰੇ ਪਿੱਛੇ-ਪਿੱਛੇ ਆ ਜਾਂਦਾ। ਮੈਨੂੰ ਦੂਰ ਤੋਂ ਪਛਾਣ ਲੈਂਦਾ। ਮੇਰੀ ਖੁਸ਼ਬੂ ਤੋਂ ਮੈਨੂੰ ਪਛਾਣ ਲੈਂਦਾ। ਪਰ ਇੱਕ ਦਿਨ ਬੜੀ ਦਿਲਚਸਪ ਘਟਨਾ ਵਾਪਰ ਗਈ।

ਉਹ ਮੇਰੇ ਭੁਲੇਖੇ ਸ਼ੇਖੂ ਨਾਈ ਦੇ ਪਿੱਛੇ ਲੱਗ ਤੁਰਿਆ। ਸ਼ੇਖੂ ਵਿਚਾਰਾ ਘਬਰਾ ਗਿਆ। ਉਹ ਜਿੱਧਰ ਜਾਂਦਾ, ਜਿਸ ਕਦਰ ਤੇਜ਼ ਭੱਜਦਾ, ਕਾਲਾ ਵੀ ਉਸਦੇ ਪਿੱਛੇ ਦੌੜਦਾ ਜਾਂਦਾ। ਖੌਫ਼ਨਾਕ ਥਰ-ਥਰ ਕੰਬਦਾ ਸ਼ੇਖੂ ਮੁਸ਼ਕਿਲ ਨਾਲ ਜਾਨ ਬਚਾ ਕੇ ਘਰ ਪੁੱਜਾ। ਉਸਦੀ ਮਾਂ ਸ਼ਿਕਾਇਤ ਲੈ ਕੇ ਆਈ ਕਿ ਤੁਹਾਡੇ ਬੱਕਰੇ ਨੇ ਮਾਰਨ ਲਈ ਦੂਰ ਤੀਕ ਮੇਰੇ ਬੇਟੇ ਦਾ ਪਿੱਛਾ ਕੀਤਾ ਹੈ। ਸ਼ੇਖੂ ਦੀ ਮਾਂ ਚਲੀ ਗਈ ਤਾਂ ਮੈਂ ਬੱਕਰੇ ਤੋਂ ਮਾਲੂਮ ਕੀਤਾ ਅਤੇ ਇਹ ਜਾਣ ਕੇ ਮੇਰਾ ਹਾਸਾ ਨਿਕਲ ਗਿਆ ਕਿ ਸ਼ੇਖੂ ਨੇ ਉਸ ਦਿਨ ਉਸੇ ਰੰਗ ਦੀ ਚਾਦਰ ਬੰਨ੍ਹੀ ਹੋਈ ਸੀ, ਜਿਸ ਰੰਗ ਦੀ ਮੇਰੀ ਚਾਦਰ ਸੀ ਤੇ ਕਾਲਾ ਇਹ ਸਮਝਦਾ ਰਿਹਾ ਕਿ ਮੇਰੇ ਪਿੱਛੇ ਭੱਜ ਰਿਹਾ ਹੈ। ਬੱਕਰੇ ਨੇ ਵੀ ਇਸ ਘਟਨਾ ਉੱਤੇ ਹੱਸਣਾ ਚਾਹਿਆ, ਪਰ ਕੋਸ਼ਿਸ਼ ਦੇ ਬਾਵਜੂਦ ਨਾ ਹੱਸ ਸਕਿਆ ਤੇ ਦੇਰ ਤੀਕ ਇਸ ਗੱਲ 'ਤੇ ਉਦਾਸ ਰਿਹਾ ਕਿ ਉਸ ਨੂੰ ਹੱਸਣਾ ਨਹੀਂ ਆਉਂਦਾ।

ਪਰ ਅਗਲੇ ਰੋਜ਼ ਇਹ ਪਤਾ ਕਰਕੇ ਕਿ ਉਸਦੀ ਮਾਂ ਸੇਮ ਨਾਲੇ ਦੇ ਪੁਲ ਤੋਂ ਡਿੱਗ ਕੇ ਜ਼ਖ਼ਮੀ ਹੋ ਗਈ ਸੀ ਅਤੇ ਉਸ ਨੂੰ ਜ਼ਿਬਾਹ (ਵੱਢਿਆ) ਕੀਤਾ ਜਾ ਰਿਹਾ ਸੀ। ਅਸੀਂ ਦੋਵੇਂ ਸਖ਼ਤ ਪ੍ਰੇਸ਼ਾਨ ਹੋ ਗਏ। ਮੈਂ ਉਸ ਨੂੰ ਦੇਰ ਤੀਕ ਤਸੱਲੀ ਦਿੰਦਾ ਤੇ ਉਸ ਦਾ ਦਿਲ ਲਾਉਣ ਦੀ ਕੋਸ਼ਿਸ਼ ਕਰਦਾ, ਪਰ ਬਾਅਦ ਵਿਚ ਜਦ ਉਸਨੂੰ ਪਤਾ ਲੱਗਿਆ ਕਿ ਮੈਂ ਵੀ ਉਸਦੀ ਮਾਂ ਦਾ ਗੋਸ਼ਤ (ਮਾਸ) ਮਜ਼ੇ ਲੈ ਕੇ ਖਾਧਾ ਹੈ ਤਾਂ ਮੇਰੇ ਨਾਲ ਔਖਾ-ਔਖਾ ਰਹਿਣ ਲੱਗਿਆ ਤੇ ਕਈ ਦਿਨ ਤੱਕ ਮੇਰੇ ਕਰੀਬ ਆਉਣ ਤੋਂ ਝਿਜਕਦਾ ਰਿਹਾ। ਮੈਂ ਉਸਨੂੰ ਪਿਆਰ ਕਰਨ ਲੱਗਦਾ ਤਾਂ ਉਹ ਸਮਝਦਾ ਕਿ ਮੈਂ ਉਸਦੀ ਬੋਟੀ ਦੰਦਾਂ ਨਾਲ ਨੋਚ ਲਵਾਂਗਾ। ਮੈਂ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਮੈਂ ਆਦਮੀ ਹਾਂ, ਬਘਿਆੜ ਨਹੀਂ। ਅਸੀਂ ਆਦਮੀ ਜਿਉਂਦੇ ਜਾਨਵਰਾਂ ਨੂੰ ਨਹੀਂ ਖਾਂਦੇ। ਖਾਣ ਤੋਂ ਪਹਿਲਾਂ ਉਹਨਾਂ ਨੂੰ ਮਾਰ ਲੈਂਦੇ ਹਾਂ, ਕੱਚਾ ਨਹੀਂ ਚਬਾ ਸਕਦੇ। ਚਬਾਉਣ ਤੋਂ ਪਹਿਲਾਂ ਅੱਗ 'ਤੇ ਭੁੰਨ ਲੈਂਦੇ ਹਾਂ। ਫਿਰ ਹੌਲੀ-ਹੌਲੀ ਕੁਝ ਦਿਨਾਂ ਪਿੱਛੋਂ ਉਸ ਦਾ ਖ਼ੌਫ਼ ਘੱਟ ਗਿਆ ਤੇ ਉਹ ਮੇਰੇ ਉੱਤੇ ਪਹਿਲਾਂ ਵਾਂਗੂੰ ਇਤਬਾਰ ਕਰਨ ਲੱਗ ਪਿਆ।

ਮੈਂ ਪ੍ਰਾਇਮਰੀ ਦਾ ਇਮਤਿਹਾਨ ਪਾਸ ਕਰ ਲਿਆ ਤੇ ਸ਼ਹਿਰ ਦੇ ਹਾਈ ਸਕੂਲ ਵਿਚ ਦਾਖਲਾ ਲੈ ਲਿਆ ਤਾਂ ਉਹ ਬਹੁਤ ਉਦਾਸ ਹੋ ਗਿਆ। ਮੈਨੂੰ ਵੀ ਉਸ ਨਾਲੋਂ ਵਿਛੜਨ ਦਾ ਬਹੁਤ ਅਫ਼ਸੋਸ ਸੀ, ਪਰ ਮਜਬੂਰੀ ਸੀ।

ਬਕਰੀਦ ਦੀਆਂ ਛੁੱਟੀਆਂ ਵਿਚ ਮੈਂ ਖੁਸ਼ੀ-ਖੁਸ਼ੀ ਪਿੰਡ ਵਾਪਿਸ ਆਇਆ, ਪਰ ਇਹ ਜਾਣ ਕੇ ਮੇਰੀ ਸਾਰੀ ਖੁਸ਼ੀ ਕਾਫੂਰ ਹੋ ਗਈ ਕਿ ਇਸ ਵਾਰੀ ਉਸ ਦੀ ਕੁਰਬਾਨੀ ਦਿੱਤੀ ਜਾ ਰਹੀ ਸੀ। ਮੈਂ ਘਰ ਵਿਚ ਹਰ ਇੱਕ ਦੀ ਮਿੰਨਤ-ਸਮਾਜਤ ਕੀਤੀ ਕਿ ਉਹ ਮੇਰੇ ਕਾਲੇ ਨੂੰ ਛੱਡ ਦੇਣ ਤੇ ਕੁਰਬਾਨੀ ਦੇ ਲਈ ਕੋਈ ਦੂਸਰਾ ਬੱਕਰਾ ਜਾਂ ਦੁੰਬਾ ਖਰੀਦ ਲੈਣ। ਪਰ ਮੇਰੀ ਇੱਕ ਨਾ ਚੱਲੀ। ਕਾਲੇ ਨੂੰ ਬਿਲਕੁਲ ਪਤਾ ਨਹੀਂ ਸੀ ਕਿ ਉਸ ਨਾਲ ਕੀ ਵਾਪਰਨ ਵਾਲਾ ਹੈ। ਮੈਂ ਵੀ ਉਸਨੂੰ ਪ੍ਰੇਸ਼ਾਨ ਕਰਨਾ ਮੁਨਾਸਿਬ ਨਾ ਸਮਝਿਆ। ਉਹ ਖੁਸ਼-ਖੁਸ਼ ਮੇਰੇ ਨਾਲ ਦੌੜਦਾ ਫਿਰਦਾ, ਛਾਲਾਂ ਮਾਰਦਾ। ਉੱਚੇ ਰੁੱਖਾਂ ਦੇ ਤਣਿਆਂ ਨਾਲ ਲਿਪਕ ਕੇ ਪੱਤੇ ਨੋਚਦਾ ਅਤੇ ਮੇਰੀਆਂ ਲੱਤਾਂ ਨਾਲ ਸਿੰਗ ਰਗੜ-ਰਗੜ ਕੇ ਮੁਹੱਬਤ ਦਾ ਪ੍ਰਗਟਾਵਾ ਕਰਦਾ।

ਪਰ ਜਦੋਂ ਉਸ ਨੂੰ ਲਿਟਾ ਕੇ ਛੁਰੀ ਚਲਾ ਰਹੇ ਸੀ, ਉਸ ਨੇ ਘਬਰਾ ਕੇ ਮੈਨੂੰ ਆਵਾਜ਼ਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਮੈਂ ਉਸ ਨੂੰ ਜ਼ਿਬਾਹ ਹੁੰਦੇ ਨਹੀਂ ਸੀ ਵੇਖ ਸਕਦਾ। ਇਸ ਲਈ ਆਪਣੇ ਕਮਰੇ ਵਿਚ



ਛਿਪ ਗਿਆ ਸੀ। ਪਰ ਉਸ ਦੀ ਚੀਖ਼-ਪੁਕਾਰ ਮੈਨੂੰ ਸੁਣਾਈ ਦੇ ਰਹੀ ਸੀ। ਸ਼ਾਇਦ ਉਸਦਾ ਖ਼ਿਆਲ ਸੀ ਕਿ ਮੈਂ ਆ ਕੇ ਉਸਨੂੰ ਬਚਾ ਲਵਾਂਗਾ। ਇਸ ਲਈ ਆਖ਼ਰੀ ਵਕਤ ਤੀਕ ਮੈਨੂੰ ਪੁਕਾਰਦਾ ਤੇ ਦਾਦ-ਫਰਿਆਦ ਕਰਦਾ ਰਿਹਾ। ਮੈਂ ਅੱਥਰੂ ਵਹਾਉਣ ਤੋਂ ਸਿਵਾਏ ਕੁਝ ਨਾ ਕਰ ਸਕਿਆ। ਮੇਰਾ ਖ਼ਿਆਲ ਸੀ ਕਿ ਮੈਂ ਸ਼ਰਧਾ ਦੇ ਤੌਰ 'ਤੇ ਘੱਟੋ-ਘੱਟ ਉਸਦਾ ਮਾਸ ਨਹੀਂ ਖਾਵਾਂਗਾ। ਪਰ ਜਦੋਂ ਗੋਸ਼ਤ ਤਿਆਰ ਹੋ ਕੇ ਮੇਰੇ ਸਾਹਮਣੇ ਆਇਆ ਤਾਂ ਉਸਦੀ ਖੁਸ਼ਬੋ ਸੁੰਘ ਕੇ ਮੇਰੇ ਮੂੰਹ ਵਿਚ ਪਾਣੀ ਭਰ ਆਇਆ ਤੇ ਮੈਂ ਸਭ ਕੁਝ ਭੁੱਲ ਕੇ ਖਾਣਾ ਸ਼ੁਰੂ ਕਰ ਦਿੱਤਾ।

ਉਸ ਤੋਂ ਪਿੱਛੋਂ ਮੈਂ ਕਦੇ ਵੀ ਕਿਸੇ ਬੱਕਰੇ ਜਾਂ ਪਾਲਤੂ ਜਾਨਵਰ ਨਾਲ ਦੋਸਤੀ ਨਹੀਂ ਪਾਈ। ਹਰ ਬਕਰੀਦ ਉੱਤੇ ਸਾਡੇ ਘਰ ਦੁੰਬਾ ਜਾਂ ਬੱਕਰਾ ਆਉਂਦਾ ਰਿਹਾ ਤੇ ਜ਼ਿਬਾਹ ਹੁੰਦਾ ਰਿਹਾ। ਪਰ ਮੈਂ ਕੋਸ਼ਿਸ਼ ਕਰਦਾ ਕਿ ਉਸ ਨਾਲ ਦੋਸਤੀ ਜਾਂ ਮੁਹੱਬਤ ਨਾ ਹੋਵੇ। ਨਹੀਂ ਤੇ ਜ਼ਿਆਦਾ ਅਫ਼ਸੋਸ ਹੁੰਦਾ ਹੈ, ਭਾਵੇਂਕਿ ਅੱਬਾ ਦਾ ਖ਼ਿਆਲ ਸੀ ਕਿ ਜਾਨਵਰ ਨਾਲ ਜਿੰਨਾ ਜ਼ਿਆਦਾ ਨੇੜ ਤੇ ਮੁਹੱਬਤ ਹੋਵੇ, ਓਨਾ ਹੀ ਸਵਾਦ ਮਿਲਦਾ ਹੈ। ਪਰ ਮੈਂ ਕੋਸ਼ਿਸ਼ ਦੇ ਬਾਵਜੂਦ ਆਪਣੇ ਆਪ ਵਿਚ ਏਨੀ ਹਿੰਮਤ ਨਾ ਕਰ ਵੇਖਦਾ। ਇਸ ਲਈ ਜਦ ਕੁਰਬਾਨੀ ਦਾ ਵੇਲਾ ਆਉਂਦਾ, ਮੈਂ ਈਦ ਮਿਲਣ ਦੇ ਬਹਾਨੇ ਨਾਲ ਕਿਸੇ ਰਿਸ਼ਤੇਦਾਰ ਜਾਂ ਦੋਸਤ ਦੇ ਘਰ ਚਲਾ ਜਾਂਦਾ ਤੇ ਉਸ ਵਕਤ ਘਰ ਆਉਂਦਾ ਜਦੋਂ ਬੱਕਰਾ ਜਾਂ ਦੁੰਬਾ ਕੱਟ ਚੁੱਕਿਆ ਹੁੰਦਾ। ਅੱਬਾ ਆਖਦੇ ਸੀ ਕਿ ਇਸ ਨਾਲ ਇਨਸਾਨ ਕਮਜ਼ੋਰ ਪੈ ਜਾਂਦਾ ਹੈ ਪਰ ਮੈਂ ਇਨਸਾਨ ਨੂੰ ਕਮਜ਼ੋਰ ਨਹੀਂ ਪੈਣ ਦਿੰਦਾ ਸੀ। ਕੱਟੇ ਹੋਏ ਬੱਕਰੇ ਜਾਂ ਦੁੰਬੇ ਨੂੰ ਹੋਰ ਕੱਟਣ ਅਤੇ ਬੋਟੀਆਂ ਚੀਰਨ ਤੇ ਦਰਵੇਸ਼ਾਂ ਵਿਚ ਵੰਡਣ ਵਿਚ, ਉਹਨਾਂ ਦਾ ਹੱਥ ਵਟਾਉਂਦਾ ਸੀ। ਘਬਰਾਹਟ ਅਤੇ ਕਮਜ਼ੋਰੀ ਦਾ ਪ੍ਰਗਟਾਵਾ ਮੈਂ ਸਿਰਫ਼ ਉਸ ਵੇਲੇ ਤੀਕ ਕਰਦਾ, ਜਦੋਂ ਤੀਕ ਬੱਕਰਾ ਜਾਂ ਦੁੰਬਾ ਜਿਉਂਦਾ ਹੋਵੇ ਤੇ ਵੇਖ, ਸੁਣ ਅਤੇ ਮਹਿਸੂਸ ਕਰ ਸਕਦਾ ਹੋਵੇ। ਮੈਨੂੰ ਸਿਰੀ ਤੋਂ ਬਹੁਤ ਡਰ ਲੱਗਦਾ ਸੀ। ਮੈਂ ਕਸਾਈ ਦੀ ਦੁਕਾਨ 'ਤੇ ਬੱਕਰੇ ਜਾਂ ਦੁੰਬੇ ਦੀ ਸਿਰੀ ਦੇਖਦਾ ਤਾਂ ਉਸਦੀਆਂ ਬੇਜ਼ੁਬਾਨ ਅੱਖਾਂ ਦਾ ਸਾਹਮਣਾ ਨਾ ਕਰ ਸਕਦਾ। ਮੈਨੂੰ ਇਸ ਤਰ੍ਹਾਂ ਲੱਗਦਾ, ਜਿਵੇਂ ਉਹ ਮੇਰੇ ਉੱਤੇ ਹੀ ਗੱਡੀਆਂ ਹੋਣ ਤੇ ਕੁਝ ਕਹਿ ਰਹੀਆਂ ਹੋਣ। ਮੇਰੀ ਇਹ ਕੋਸ਼ਿਸ਼ ਵੀ ਹੁੰਦੀ ਕਿ ਮੈਂ ਕਿਸੇ ਬੱਕਰੇ ਨੂੰ ਪਤਾ ਨਾ ਲੱਗਣ ਦਿਆਂ ਕਿ ਮੈਂ ਉਹਨਾਂ ਦੀ ਜ਼ੁਬਾਨ ਜਾਣਦਾ ਹਾਂ। ਮੈਂ ਘਰ ਵਾਲੇ ਅਤੇ ਜਾਨਣ ਵਾਲਿਆਂ ਨਾਲ ਵੀ ਇਸ ਦਾ ਜ਼ਿਕਰ ਨਹੀਂ ਕੀਤਾ ਕਿ ਮੈਂ ਬੱਕਰਿਆਂ ਦੀ ਜ਼ੁਬਾਨ ਜਾਣਦਾ ਹਾਂ। ਪਰ ਉਹਨਾਂ ਦੀ ਜ਼ੁਬਾਨ ਜਾਨਣ ਨਾਲ ਖਾਸੀ ਤਕਲੀਫ਼ ਦੇਣ ਵਾਲੀ ਹਾਲਤ ਪੈਦਾ ਹੋ ਗਈ ਸੀ। ਕਈ ਵਾਰ ਮੈਨੂੰ ਲੱਗਦਾ ਕਿ ਮੈਂ ਅੰਦਰ ਤੋਂ ਬੱਕਰਾ ਬਣਦਾ ਜਾ ਰਿਹਾ ਹਾਂ।

ਘਰ ਵਾਲਿਆਂ ਨੇ ਕਈ ਵਾਰ ਜ਼ੋਰ ਪਾਇਆ ਕਿ ਈਦ ਦੀ ਕੁਰਬਾਨੀ ਮੈਂ ਖ਼ੁਦ ਕਰਾਂ। ਬੱਕਰੇ ਦੀ ਗਰਦਨ ਉੱਤੇ ਛੁਰੀ ਚਲਾਵਾਂ ਕਿਉਂਕਿ ਅਜਿਹਾ ਕਰਨਾ ਸੁੰਨਤ ਹੈ। ਮੌਲਵੀ ਸਾਹਿਬ ਨੇ ਵੀ ਮੈਨੂੰ ਸਮਝਾਇਆ ਤੇ ਦੱਸਿਆ ਕਿ ਐਸਾ ਕਰਨਾ ਇਸ ਲਈ ਜ਼ਰੂਰੀ ਹੁੰਦਾ ਹੈ ਕਿ ਅੱਲਾ ਦੀ ਰਾਹ ਵਿਚ ਖ਼ੂਨ ਵਗਾਉਣ ਦਾ ਜਜ਼ਬਾ ਤੇ ਜੁਰਅਤ ਪੈਦਾ ਹੁੰਦੀ ਹੈ ਅਤੇ ਆਦਮੀ ਜਹਾਦ ਵਿਚ ਹਿੱਸਾ ਲੈਣ ਦੀ ਸਿਖਲਾਈ ਪ੍ਰਾਪਤ ਕਰਦਾ ਹੈ। ਪਰ ਮੈਂ ਕੋਸ਼ਿਸ਼ ਦੇ ਬਾਵਜੂਦ ਅਜਿਹਾ ਨਾ ਕਰ ਸਕਿਆ, ਕਿਉਂਕਿ ਜ਼ਿਬਾਹ ਹੋਣ ਤੋਂ ਪਹਿਲਾਂ ਬੱਕਰੇ ਜਿਸ ਤਰ੍ਹਾਂ ਵਿਰਲਾਪ ਕਰਦੇ ਹਨ, ਉਸਨੂੰ ਸਿਰਫ਼ ਮੈਂ ਹੀ ਸੁਣ ਤੇ ਸਮਝ ਸਕਦਾ ਹਾਂ ਤੇ ਕੇਵਲ ਮੈਨੂੰ ਹੀ ਇਸ ਗੱਲ ਦਾ ਅਨੁਮਾਨ ਹੈ ਕਿ ਕਿਸੇ ਹਮ ਜ਼ੁਬਾਨ ਨੂੰ ਜ਼ਿਬਾਹ ਕਰਨਾ ਕਿੰਨਾ ਮੁਸ਼ਕਿਲ ਕੰਮ ਹੈ। ਇਹ ਕਿਸੇ ਆਮ ਆਦਮੀ ਦੇ ਵੱਸ ਦੀ ਗੱਲ ਨਹੀਂ। ਆਮ ਆਦਮੀ ਕਿਸੇ ਹਮ-ਜ਼ੁਬਾਨ ਅਤੇ ਹਮਜਿਣਸ ਨੂੰ ਕਤਲ ਤਾਂ ਕਰ ਸਕਦਾ ਹੈ, ਜ਼ਿਬਾਹ ਨਹੀਂ ਕਰ ਸਕਦਾ। ਇਸ ਵਾਸਤੇ ਪੈਗੰਬਰ ਦਾ ਦਿਲ ਅਤੇ ਹੌਸਲਾ ਲੋੜੀਂਦਾ ਹੁੰਦਾ ਹੈ। ਉਹਨਾਂ ਨੂੰ ਵੀ ਅੱਖਾਂ 'ਤੇ ਪੱਟੀ ਬੰਨ੍ਹਣੀ ਪੈਂਦੀ ਹੈ। ਮੈਨੂੰ ਅਕਸਰ ਹੀ ਖ਼ਿਆਲ ਆਉਂਦਾ ਹੈ ਕਿ ਕਾਸ਼, ਮੈਨੂੰ ਬੱਕਰਿਆਂ ਦੀ ਜ਼ੁਬਾਨ ਨਾ ਆਉਂਦੀ ਹੁੰਦੀ ਤੇ ਮੈਂ ਏਨਾ ਡਰਪੋਕ ਨਾ ਹੁੰਦਾ। ਫਿਰ ਵੀ ਜੇ ਇਸ ਦਾ ਇਨਸਾਨ ਦੀ ਕਮਜ਼ੋਰੀ ਨਾਲ ਟਾਕਰਾ

ਕੀਤਾ ਜਾਂਦਾ ਸੀ। ਪਰ ਮੈਂ ਤੈਅ ਕੀਤਾ ਹੋਇਆ ਸੀ ਕਿ ਆਪਣੇ ਹੱਥ ਨਾਲ ਕਿਸੇ ਜਾਨਵਰ ਨੂੰ ਜ਼ਿਬਾਹ ਨਹੀਂ ਕਰਨਾ ਹੈ। ਪਰ ਪਿਛਲੇ ਸਾਲ ਮੈਂ ਆਪਣੇ ਇਸ ਫੈਸਲੇ ਉੱਤੇ ਕਾਇਮ ਨਾ ਰਹਿ ਸਕਿਆ ਤੇ ਏਥੋਂ ਹੀ ਖਰਾਬੀ ਦਾ ਆਰੰਭ ਹੋਇਆ।

ਹੋਇਆ ਇਉਂ ਕਿ ਬਹੁਤ ਸਾਰੀਆਂ ਦੁਆਵਾਂ ਤੇ ਮੰਨਤਾਂ ਤੋਂ ਬਾਅਦ ਮੇਰੇ ਘਰ ਵਿਚ, ਅੱਲਾ ਦੀ ਅਪਾਰ ਕਿਰਪਾ ਨਾਲ ਬੇਟਾ ਪੈਦਾ ਹੋਇਆ। ਬਹੁਤ ਖ਼ੂਬਸੂਰਤ ਤੇ ਮੇਮਣੇ ਵਰਗਾ ਪਿਆਰਾ। ਅੱਬਾ ਨੇ ਤੁਰੰਤ ਅਕੀਦੇ (ਧਮਾਣ) ਦੇ ਲਈ ਦੋ ਬੱਕਰੇ ਮੰਗਵਾ ਲਏ। ਸ਼ਹਿਰ ਵਿਚ ਰਹਿੰਦੇ-ਰਹਿੰਦੇ ਹੁਣ ਬੱਕਰਿਆਂ ਨਾਲ ਕਦੇ ਕਦਾਈਂ ਹੀ ਮੁਲਾਕਾਤ ਹੁੰਦੀ ਸੀ ਤੇ ਗੁਫ਼ਤਗੂ (ਵਾਰਤਾਲਾਪ) ਤੋਂ ਤਾਂ ਮੈਂ ਵੀ ਖ਼ੁਦ ਝਕਦਾ ਸੀ, ਪਰ ਅਕੀਦੇ ਵਾਲੇ ਦਿਨਾਂ ਵਿਚ ਦੋਵੇਂ ਬੱਕਰੇ ਕਈ ਦਿਨਾਂ ਤੀਕ ਮੇਰੇ ਕਮਰੇ ਦੀ ਖਿੜਕੀ ਦੇ ਨੇੜੇ, ਵਿਹੜੇ ਵਿਚ ਬੰਨ੍ਹੇ ਰਹਿੰਦੇ। ਖ਼ਿਆਲ ਸੀ ਕਿ ਜੁੰਮੇਰਾਤ ਨੂੰ ਅਕੀਦਾ ਕੀਤਾ ਜਾਵੇ, ਪਰ ਵੱਡੀ ਭੈਣ ਨੂੰ ਸਹੁਰਿਆਂ ਤੋਂ ਆਉਣ ਵਿਚ ਦੇਰ  ਹੋ ਗਈ, ਸ਼ਾਇਦ ਉਨ੍ਹਾਂ ਦਾ ਕੋਈ ਜੇਠ ਜਾਂ ਦੇਵਰ ਬਿਮਾਰ ਸੀ। ਇਸ ਸਮੇਂ ਵਿਚ ਦੋਵੇਂ ਬੱਕਰੇ ਰਾਤ ਨੂੰ ਜੁਗਾਲਾਂ ਕਰਦੇ ਹੋਏ ਅਜੀਬ ਭਾਂਤ ਦੀ ਗੁਫ਼ਤਗੂ ਕਰਦੇ ਰਹਿੰਦੇ। ਪਤਾ ਨਹੀਂ ਉਹਨਾਂ ਨੂੰ ਕਿਵੇਂ ਆਪਣੇ ਅੰਤ ਦੀ ਖ਼ਬਰ ਹੋ ਗਈ ਸੀ। ਛੋਟਾ ਬਹੁਤ ਜ਼ਿਆਦਾ ਡਰਿਆ ਹੋਇਆ ਸੀ। ਇੱਕ ਰਾਤ ਕਹਿਣ ਲੱਗਾ -

"ਜ਼ਿਬਾਹ ਕਿਸ ਤਰ੍ਹਾਂ ਕਰਦੇ ਨੇ?"

"ਜ਼ਮੀਨ 'ਤੇ ਲਿਟਾ ਕੇ ਛੁਰੀ ਚਲਾਉਂਦੇ ਨੇ।"

"ਤਕਲੀਫ਼ ਤਾਂ ਬਹੁਤ ਹੁੰਦੀ ਹੋਵੇਗੀ?"

"ਹਾਂ, ਮੈਂ ਇੱਕ ਵਾਰ ਦੇਖਿਆ ਸੀ, ਬੜੀ ਦੇਰ ਤੀਕ ਜਾਨ ਨਿਕਲਦੀ ਰਹਿੰਦੀ ਹੈ।"

"ਜ਼ਿਬਾਹ ਕਿਉਂ ਕਰਦੇ ਨੇ?"

"ਖਾਣ ਲਈ, ਉਹਨਾਂ ਦੇ ਮੂੰਹ ਵਿਚ ਬਘਿਆੜ ਦੇ ਦੰਦ ਹੁੰਦੇ ਨੇ।"

"ਮੇਰੀ ਤਾਂ ਡਰ ਦੇ ਮਾਰੇ ਦੀ ਹੁਣ ਤੋਂ ਹੀ ਜਾਨ ਨਿਕਲਣ ਲੱਗੀ ਹੈ।"

"ਡਰ ਤਾਂ ਮੈਨੂੰ ਵੀ ਲੱਗ ਰਿਹਾ ਸੀ।"

"ਕੀ ਦੋਹਾਂ ਨੂੰ ਇੱਕ ਸਾਥ ਹੀ ਜ਼ਿਬਾਹ ਕਰਨਗੇ?"

"ਸ਼ਾਇਦ ਵਾਰੀ ਵਾਰੀ ਨਾਲ।"

"ਪਹਿਲਾਂ ਕੌਣ ਜ਼ਿਬਾਹ ਹੋਵੇਗਾ?"

'ਤੈਨੂੰ ਜ਼ਿਆਦਾ ਡਰ ਲੱਗਦਾ ਹੈ ਨਾ, ਇਸ ਲਈ ਪਹਿਲਾਂ ਮੈਂ।"

"ਨਹੀਂ ਮੈਂ"

"ਨਹੀਂ ਮੈਂ" ਮੈਂ ਮੈਂ ਮੈਂ ...........

ਮੈਂ ਦੇਰ ਤੀਕ ਉਹਨਾਂ ਦੀਆਂ ਗੱਲਾਂ ਸੁਣਦਾ ਰਿਹਾ, ਫਿਰ ਉੱਠ ਕੇ ਖਿੜਕੀ ਬੰਦ ਕਰ ਦਿੱਤੀ। ਪਰ ਮੈਨੂੰ ਦੇਰ ਤੀਕ ਨੀਂਦ ਨਾ ਆਈ।

ਅਗਲੇ ਦਿਨ ਛੁੱਟੀ ਦਾ ਦਿਨ ਸੀ। ਮੈਂ ਦੇਰ ਤੀਕ ਸੌਂ ਕੇ ਉੱਠਿਆ। ਵੇਖਿਆ ਤਾਂ ਘਰ ਵਿਚ ਦੁਪਹਿਰ ਦੇ ਖਾਣੇ ਦੀ ਤਿਆਰੀ ਹੋ ਰਹੀ ਸੀ। ਪਿਆਜ਼ ਛਿੱਲੇ ਜਾ ਰਹੇ ਸਨ, ਮਸਾਲਾ ਪੀਸਿਆ ਜਾ ਰਿਹਾ ਸੀ।

ਟਿੱਕੀਆਂ, ਕੋਫਤਿਆਂ ਤੇ ਬਾਲਟੀ ਗੋਸ਼ਤ ਦਾ ਪ੍ਰੋਗਰਾਮ ਬਣ ਰਿਹਾ ਸੀ, ਵਾਲਦ (ਪਿਤਾ) ਸਾਹਿਬ ਸ਼ਾਇਦ ਕਸਾਈ ਨੂੰ ਸੱਦਣ ਗਏ ਹੋਏ ਸੀ।

ਦਰਵਾਜ਼ਾ ਘੰਟੀ ਦੀ ਆਵਾਜ਼ ਸੁਣ ਕੇ ਮੈਂ ਬਾਹਰ ਗਿਆ ਤਾਂ ਮਸਜਿਦ ਵਿਚ ਧਾਰਮਿਕ ਸਕੂਲ ਦਾ ਵਿਦਿਆਰਥੀ ਲੜਕਾ ਖੱਲਾਂ ਦੇ ਬਾਰੇ ਵਿਚ ਪਤਾ ਕਰਨ ਲਈ ਆਇਆ ਸੀ 'ਕਿ ਉਤਾਰੀਆਂ



ਗਈਆਂ ਹਨ ਜਾਂ ਨਹੀਂ।' ਮੈਂ ਉਸ ਨੂੰ ਦੱਸਿਆ ਕਿ ਹਾਲੀਂ ਨਹੀਂ ਲਾਹੀਆਂ ਗਈਆਂ.

"ਅਜੇ ਤੱਕ ਨਹੀਂ ਉਤਾਰੀਆਂ" ਉਸ ਨੇ ਹੈਰਾਨੀ ਨਾਲ ਪੁੱਛਿਆ।

"ਜ਼ਿਬਾਹ ਕੀਤੇ ਜਾਣ ਤੋਂ ਬਿਨਾਂ ਕਿਵੇਂ ਉਤਾਰ ਸਕਦੇ ਹਨ?"

"ਹਾਂ ਇਹ ਤੇ ਠੀਕ ਹੈ। ਮੈਂ ਫਿਰ ਆ ਜਾਵਾਂਗਾ।"

ਜਦੋਂ ਜ਼ਿਬਾਹ ਕਰਨ ਦਾ ਵਕਤ ਆਇਆ, ਮੈਂ ਘਰ ਤੋਂ ਨਿਕਲ ਜਾਣਾ ਚਾਹੁੰਦਾ ਸੀ। ਪਰੰਤੂ ਅੱਬਾ ਨੇ ਮੇਰੇ ਹੱਥ ਵਿਚ ਛੁਰੀ ਫੜਾ ਦਿੱਤੀ ਅਤੇ ਜ਼ੋਰ ਦਿੱਤਾ ਕਿ ਮੈਂ ਆਪਣੇ ਹੱਥਾਂ ਨਾਲ ਜ਼ਿਬਾਹ ਕਰਾਂ। ਮੈਂ ਬਹੁਤ ਕੋਸ਼ਿਸ਼ ਕੀਤੀ ਪਰ ਉਹਨਾਂ ਮੈਨੂੰ ਜਾਣ ਨਾ ਦਿੱਤਾ।

ਪਹਿਲਾਂ ਛੋਟੇ ਨੂੰ ਲਿਆਂਦਾ ਗਿਆ। ਉਹ ਥਰ-ਥਰ ਕੰਬ ਰਿਹਾ ਸੀ ਤੇ ਖ਼ੌਫ਼ ਨਾਲ ਮਿਆਂਕ ਰਿਹਾ ਸੀ। ਮੈਨੂੰ ਬਹੁਤ ਤਰਸ ਆਇਆ। ਮੈਂ ਆਖਿਆ, 'ਪਹਿਲਾਂ ਵੱਡੇ ਨੂੰ ਲਿਆਓ।'

ਵੱਡੇ ਨੂੰ ਲਿਆਂਦਾ ਗਿਆ ਤਾਂ ਉਹ ਵੀ ਜ਼ੋਰ-ਜ਼ੋਰ ਦੀ ਚੀਖਣ ਲੱਗਾ, ਫਿਰ ਘਬਰਾਈ ਹੋਈ ਆਵਾਜ਼ ਨਾਲ ਛੋਟੇ ਨੂੰ ਸੰਬੋਧਨ ਹੋਇਆ

"ਮੂੰਹ ਦੂਸਰੀ ਤਰਫ਼ ਕਰ ਲੈ ਛੋਟੇ", ਛੋਟੇ ਦਾ ਆਪਣੀ ਥਾਂ 'ਤੇ ਖਲੋਤੇ-ਖਲੋਤੇ ਦਾ ਪਿਸ਼ਾਬ ਨਿਕਲ ਗਿਆ।

ਮੈਨੂੰ ਉਸਦੀ ਰਾਤ ਵਾਲੀ ਗੱਲ ਚੇਤੇ ਆ ਗਈ। ਮੈਂ ਸੋਚਿਆ, ਜੇ ਪਹਿਲਾਂ ਵੱਡੇ ਨੂੰ ਜ਼ਿਬਾਹ ਕੀਤਾ ਤਾਂ ਉਹ ਹੌਲ ਨਾਲ ਹੀ ਮਰ ਜਾਵੇਗਾ। ਇਸ ਲਈ ਮੈਂ ਆਖਿਆ, "ਪਹਿਲਾਂ ਛੋਟੇ ਨੂੰ ਹੀ ਲਿਆਓ।"

ਅਸਲ ਵਿਚ ਮੈਂ ਫੈਸਲਾ ਨਹੀਂ ਕਰ ਸਕਿਆ ਕਿ ਪਹਿਲਾਂ ਕਿਸਨੂੰ ਜ਼ਿਬਾਹ ਕਰੀਏ। ਉਹ ਛੋਟੇ ਨੂੰ ਲੈ ਆਏ।

ਜਦੋਂ ਉਸਨੂੰ ਲਿਟਾਇਆ ਗਿਆ ਤਾਂ ਉਸਨੇ ਜ਼ੋਰ-ਜ਼ੋਰ ਨਾਲ ਮਿਆਂਕਣਾ ਅਤੇ ਚੀਖਣਾ ਸ਼ੁਰੂ ਕਰ ਦਿੱਤਾ।

"ਹਾਏ ਮੈਂ ਮਰ ਗਿਆ, ਹਾਏ ਮੈਂ"

"ਹੌਸਲਾ ਕਰੋ", ਮੇਰੇ ਮੂੰਹ ਤੋਂ ਅਚਾਨਕ ਨਿਕਲ ਗਿਆ। ਤੂੰ ਅੱਲਾ ਦੀ ਰਾਹ ਉੱਤੇ ਕੁਰਬਾਨ ਹੋ ਰਿਹਾ ਹੈ।

ਬੱਕਰੇ ਨੇ ਚੀਖ ਕੇ ਧੌਣ ਉਤਾਂਹ ਚੁੱਕੀ ਤੇ ਮੈਨੂੰ ਐਸੀਆਂ ਨਜ਼ਰਾਂ ਨਾਲ ਵੇਖਿਆ, ਜਿਵੇਂ ਪਛਾਨਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਫਿਰ ਉਸਨੇ ਇੱਕ ਲੰਮਾ ਸਾਹ ਲਿਆ ਤੇ ਛੁਰੀ ਦੇ ਹੇਠਾਂ ਧੌਣ ਨੂੰ ਢਿੱਲਾ ਛੱਡ ਦਿੱਤਾ।

ਮੈਂ ਅੱਲਾਹ-ਹੂ ਅਕਬਰ ਕਹਿ ਕੇ ਛੁਰੀ ਚਲਾ ਦਿੱਤੀ ਤੇ ਉਹ ਹਲਾਲ ਹੋ ਗਿਆ। ਪਰ ਜਦੋਂ ਖਾਣ ਦਾ ਵਕਤ ਆਇਆ ਤਾਂ ਮੈਨੂੰ ਗੋਸ਼ਤ ਵਿਚੋਂ ਉਹੋ ਜਿਹੀ ਬੋ ਆਈ, ਜਿਸ ਤਰ੍ਹਾਂ ਦੀ ਆਪਣੇ ਨਵੇਂ ਜੰਮੇ ਬੇਟੇ ਤੋਂ ਆਈ ਸੀ ਤੇ ਮੈਂ ਖਾਣ ਤੋਂ ਹੱਥ ਪਿੱਛੇ ਖਿੱਚ ਲਿਆ।

ਇਸ ਪਿੱਛੋਂ ਮੈਂ ਕੋਸ਼ਿਸ਼ ਦੇ ਬਾਵਜੂਦ ਕਦੇ ਗੋਸ਼ਤ ਨੂੰ ਛੂਹ ਨਾ ਸਕਿਆ। ਹੁਣ ਮੈਨੂੰ ਸ਼ੱਕ ਹੈ ਕਿ ਮੈਂ ਆਪਣਾ ਅਕੀਦਾ (ਵਿਸ਼ਵਾਸ) ਬਦਲ ਲਿਆ ਹੈ। ਹਾਲਾਂਕਿ ਅਜਿਹਾ ਬਿਲਕੁਲ ਨਹੀਂ ਹੈ। ਮੈਂ ਤਾਂ ਸਿਰਫ਼ ਗੋਸ਼ਤਖੋਰੀ (ਮਾਸ ਖਾਣਾ) ਤਰਕ ਕੀਤੀ ਹੈ। ✪

## ਸ਼ਹੀਦ ਭਗਤ ਸਿੰਘ ਦੇ ਵਿਚਾਰ

ਅਸੀਂ ਮਨੁੱਖੀ ਜੀਵਨ ਨੂੰ ਬੇਹੱਦ ਪਵਿੱਤਰ ਸਮਝਦੇ ਹਾਂ ਅਤੇ ਮਨੁੱਖਤਾ ਦੀ ਸੇਵਾ ਵਿਚ ਕਿਸੇ ਨੂੰ ਨੁਕਸਾਨ ਪਹੁੰਚਾਉਣ ਤੋਂ ਪਹਿਲਾਂ ਆਪਣੇ ਜੀਵਨ ਦੀ ਬਲੀ ਦੇ ਦਿਆਂਗੇ। ਅਸੀਂ ਸਾਮਰਾਜਵਾਦੀ ਫੌਜ ਦੇ ਭਾੜੇ ਦੇ ਸਿਪਾਹੀਆਂ ਵਾਂਗ ਨਹੀਂ ਹਾਂ, ਜਿਨ੍ਹਾਂ ਨੂੰ ਬਿਨਾਂ ਕਿਸੇ ਅਫ਼ਸੋਸ ਦੇ ਹੱਤਿਆ ਕਰਨ ਦਾ ਅਨੁਸ਼ਾਸਨ ਸਿਖਾਇਆ ਜਾਂਦਾ ਹੈ।

ਨਜ਼ਮ

# ਤੇਰੇ ਬਿਨ

ਗੁਰਭਜਨ ਗਿੱਲ

ਜਦ ਧਰਤੀ ਹਉਕਾ ਭਰਦੀ ਹੈ
ਮੋਇਆਂ ਨੂੰ ਚੇਤੇ ਕਰਦੀ ਹੈ।
ਅੱਖੀਆਂ ਦੇ ਤਲਖ ਸਮੁੰਦਰ 'ਚੋਂ,
ਹੰਝੂਆਂ ਦੀ ਬਾਰਿਸ਼ ਵਰ੍ਹਦੀ ਹੈ।

ਕਿਸੇ ਬੇਬਸ ਕੈਦ ਪਰਿੰਦੇ ਦੀ,
ਪਰਵਾਜ਼ ਜਦੋਂ ਵੀ ਮਰਦੀ ਹੈ।
ਮੈਂ ਉਸਦੇ ਦਰਦ ਨੂੰ ਸੁਰ ਕਰ ਲਾਂ,
ਇਹ ਹੀ ਕਵਿਤਾ ਦੀ ਹੂਕ ਬਣੇ।

ਜਿਨ੍ਹਾਂ ਦੇ ਦਿਲ ਵਿਚ ਵਣਜ ਬਿਨਾਂ,
ਕੋਈ ਸੁਪਨਾ ਹੀ ਨਾ ਪੈਰ ਧਰੇ।
ਜ਼ਰਬਾਂ ਤਕਸੀਮਾਂ ਕਰਨ ਸਦਾ,
ਉਨ੍ਹਾਂ ਤੋਂ ਜ਼ਿੰਦਗੀ ਰੋਜ਼ ਡਰੇ।
ਜਿਨ੍ਹਾਂ ਨੇ ਸਾਰੀ ਖ਼ਲਕਤ ਨੂੰ,
ਕਰ ਦਿੱਤੇ ਰੂਹ ਤੋਂ ਹੋਰ ਪਰੇ।

ਜਿਨ੍ਹਾਂ ਦੀ ਹਕੂਮਤ ਇਹ ਚਾਹਵੇ
ਹਰ ਰੁੱਖ ਤੋਂ ਸਿਰਫ਼ ਬੰਦੂਕ ਬਣੇ।
ਜਾਂ ਲਾਸ਼ਾਂ ਢੋਵਣ ਖ਼ਾਤਿਰ ਹੀ,
ਬਕਸਾ ਜਾਂ ਸਿਰਫ਼ ਸੰਦੂਕ ਬਣੇ।
ਕੋਈ ਮਰਦਾ ਹੈ, ਕੋਈ ਜੀਂਦਾ ਹੈ,
ਜੰਗਬਾਜ਼ਾਂ ਨੂੰ ਕੋਈ ਫ਼ਰਕ ਨਹੀਂ।

ਘੁੱਗੀਆਂ ਚੁੰਝ ਨਰਮ ਕਰੂੰਬਲ ਨੂੰ,
ਝਪਟਣ ਦਾ ਕੋਈ ਤਰਕ ਨਹੀਂ।
ਘੁੱਗੀਆਂ ਦਾ ਜੋੜਾ ਬਹਿ ਕੇ,
ਜਦੋਂ ਕਲੋਲ ਕਰੇ।
ਸਾਹਵਾਂ ਨੂੰ ਇਕ ਸੁਰ ਕਰਕੇ,
ਗਾਨੀ ਕੌਲ ਕਰੇ।
ਰੂਹਾਂ ਦਾ ਹੋਵੇ ਮੇਲ ਜਦੋਂ,
ਅੰਬਰਾਂ 'ਚੋਂ ਪਵੇ ਤਰੇਲ ਉਦੋਂ,
ਚੰਬਾ ਖਿੜ ਜਾਵੇ ਸਾਹਵਾਂ ਵਿਚ
ਕੁਝ ਇਹੋ ਜਿਹਾ ਸਲੂਕ ਬਣੇ।
ਇਹ ਧੜਕਣ ਮਿੱਸਿਆਂ ਸਾਹਵਾਂ ਦੀ,
ਮੇਰੇ ਗੀਤਾਂ ਦੀ ਇਕ ਟੂਕ ਬਣੇ।

ਬੇਲੇ ਵਿਚ ਮੱਝੀਆਂ ਚਾਰਦਿਆਂ,
ਹਰ ਕੈਦੋਂ ਅੱਗੇ ਹਾਰਦਿਆਂ।
ਜ਼ਿੰਦਗੀ 'ਚੋਂ ਹੀਰ ਗੁਆਚੇ ਨਾ,
ਇਸ ਦੀ ਹੀ ਕੀਮਤ ਤਾਰਦਿਆਂ,
ਜਦ ਵੰਝਲੀ ਕੋਲ ਬੁਲਾਉਂਦੀ ਹੈ,
ਦਿਲ ਵਾਲੇ ਛੇਕ ਵਿਖਾਉਂਦੀ ਹੈ,
ਮੈਂ ਕੁਲ ਆਲਮ ਦਾ ਸੋਜ਼ ਉਦੋਂ
ਇਸ ਦੀ ਪੋਰੀ ਅੰਦਰ ਭਰਦਾ ਹਾਂ,
ਬੱਸ ਤੈਨੂੰ ਚੇਤੇ ਕਰਦਾ ਹਾਂ।

ਹਟਕੋਰੇ ਭਰਦੀ ਪੌਣ ਉਦੋਂ,
ਛੇਕਾਂ ਨੂੰ ਪੋਟੇ ਛੋਹਣ ਜਦੋਂ,
ਕੋਈ ਤਰਜ਼ ਗੁਆਚੀ ਉਮਰਾਂ ਦੀ,
ਸੁਣ ਮਨ ਦਾ ਚੰਬਾ ਖਿਲਦਾ ਹੈ।
ਮਾਰੂਥਲ ਵਿਚ ਤੁਰਦੇ ਰਾਹੀ ਨੂੰ,
ਘੁੱਟ ਪਾਣੀ ਜੀਕਣ ਮਿਲਦਾ ਹੈ।
ਮੈਨੂੰ ਵੀ ਉਸ ਪਲ ਇਉਂ ਜਾਪੇ,
ਜਿਉਂ ਜੀਣ ਬਹਾਨਾ ਮਿਲਦਾ ਹੈ।

ਸੱਜਣਾਂ ਦੀ ਅੱਖ ਦਾ ਖੋਟ ਜਦੋਂ,
ਨਜ਼ਰਾਂ ਦੇ ਅੰਦਰ ਭਰ ਜਾਵੇ।
ਧੜਕਣ ਵਿਚ ਕੈਦ ਪਰਿੰਦਿਆਂ ਦੀ,
ਪਰਵਾਜ਼ ਉਸ ਪਲ ਮਰ ਜਾਵੇ।
ਤੇ ਨੀਲੇ ਅੰਬਰੀਂ ਉਸ ਵੇਲੇ,
ਕਲਮੂੰਹਾਂ ਧੂੰਆਂ ਭਰ ਜਾਵੇ।

ਧਰਤੀ ਦੀ ਸਹੁੰ ਮੈਂ ਉਸ ਵੇਲੇ,
'ਕੱਲ੍ਹਾ ਘਬਰਾਵਾਂ, ਡਰਦਾ ਹਾਂ।
ਰੁੱਖਾਂ ਨੂੰ ਨੇੜਿਉਂ ਵੇਖਾਂ ਫਿਰ
ਪੱਤਿਆਂ ਨੂੰ ਸਿਜਦੇ ਕਰਦਾ ਹਾਂ।
ਫੁੱਲਾਂ ਦੀਆਂ ਵੇਲਾਂ ਮਹਿਕਦੀਆਂ,
ਇਹ ਗੀਤ ਰੁਮਕਦੀ ਪੌਣ ਸੁਣੇ।
ਮੇਰੇ ਅਨਹਦ ਨਾਦ ਨੂੰ ਤੇਰੇ ਬਿਨ,
ਇਸ ਧਰਤੀ ਤੇ ਦੱਸ ਕੌਣ ਸੁਣੇ? •

(113 ਐਫ, ਸ਼ਹੀਦ ਭਗਤ ਸਿੰਘ ਨਗਰ,
ਪੱਖੋਵਾਲ ਰੋਡ, ਲੁਧਿਆਣਾ)



ਮੁਲਾਂਕਣ

# ਕਾਸ਼ (ਕੁਲਦੀਪ ਸਿੰਘ ਬੇਦੀ)

ਸੁਰਜੀਤ ਗਿੱਲ

ਕੁਲਦੀਪ ਸਿੰਘ ਬੇਦੀ ਜਿੱਥੇ ਪੰਜਾਬੀ ਦਾ ਉੱਘਾ ਪੱਤਰਕਾਰ ਹੈ, ਉੱਥੇ ਇੱਕ ਨਾਵਲਕਾਰ ਵੀ ਹੈ। ਉਹ ਪਹਿਲਾਂ ਦੋ ਨਾਵਲ "ਦਾਅ-ਪੇਚ" ਤੇ "ਜੇਕਰ" ਦੇ ਚੁੱਕਿਆ ਹੈ। ਪਰੰਤੂ ਉਸਦਾ ਤੀਜਾ ਨਾਵਲ ਜਿਹੜਾ ਪਿੱਛੇ ਜਿਹੇ ਛਪਿਆ ਹੈ "ਕਾਸ਼" ਉਸਦੀ ਸੂਝ, ਨੀਝ ਤੇ ਕਲਾ-ਕੌਸ਼ਲਤਾ ਦਾ ਅਹਿਮ ਪ੍ਰਗਟਾਵਾ ਹੈ। ਇਸ ਵਿਚ ਉਹਨੇ ਅਪੰਗਾਂ ਤੇ ਖ਼ਾਸ ਕਰਕੇ ਅਪੰਗ ਕੁੜੀਆਂ ਦੀ ਮਾਨਸਿਕਤਾ ਦਾ ਡੂੰਘਾ ਵਿਸ਼ਲੇਸ਼ਣ ਕੀਤਾ ਹੈ ਅਤੇ ਜਿਹੜਾ ਅਹਿਮ ਮਨੁੱਖਵਾਦੀ ਸਵਾਲ ਇਹਨਾਂ ਕੁੜੀਆਂ ਦੇ ਜੀਵਨ ਨਾਲ ਜੁੜਿਆ ਹੋਇਆ ਹੈ। ਜਿਸ ਬਾਰੇ ਸਮਾਜ ਤੇ ਖ਼ਾਸ ਕਰਕੇ ਸਮਾਜ ਸ਼ਾਸਤਰੀਆਂ ਨੇ ਬਹੁਤ ਘੱਟ ਧਿਆਨ ਦਿੱਤਾ ਹੈ। ਉਸ ਅਹਿਮ ਮਸਲੇ ਨੂੰ ਬੇਦੀ ਨੇ ਸਮਾਜ ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਸਮਾਜ ਤੇ ਸਾਡੀਆਂ ਸਰਕਾਰਾਂ ਉਹਨਾਂ ਅਪੰਗਾਂ ਨਾਲ ਹੀ ਹਮਦਰਦੀ ਦਾ ਪ੍ਰਗਟਾਵਾ ਕਰਦੇ ਹਨ, ਜਿਹੜੇ ਸਧਾਰਨ ਨਿਵਾਣਾਂ ਤੋਂ ਉੱਠ ਕੇ ਕੁਝ ਸਿਰ ਕੱਢਦੇ ਹਨ। ਪਰੰਤੂ ਜਿਹੜੇ ਅਪੰਗ ਤੇ ਵਿਸ਼ੇਸ਼ ਕਰਕੇ ਕੁੜੀਆਂ ਕੁਝ ਉੱਭਰ ਕੇ ਨਹੀਂ ਆਉਂਦੀਆਂ ਉਹ ਆਪਣਾ ਜੀਵਨ ਅਣਗੌਲੀਆਂ ਤੇ ਦੁਰਕਾਰੀਆਂ ਕਿਸੇ ਖੂੰਜੇ ਵਿਚ ਲੱਗੀਆਂ ਗੁਜ਼ਾਰ ਦਿੰਦੀਆਂ ਹਨ। ਗਰੀਬ ਘਰਾਂ ਦੀਆਂ ਅਪੰਗ ਕੁੜੀਆਂ ਆਪਣਾ ਜੀਵਨ ਧਰਤੀ 'ਤੇ ਰਹਿੰਦੀਆਂ ਵੀ ਨਰਕ ਵਿਚ ਲੰਘਾਉਂਦੀਆਂ ਹਨ। ਆਪਣੇ ਆਪ ਨੂੰ ਅਖੌਤੀ ਸਮਾਜ ਸੇਵਕ ਦੱਸਣ ਵਾਲੇ ਵਿਅਕਤੀਆਂ ਦੀ ਨਜ਼ਰ ਵੀ ਉਹਨਾਂ 'ਤੇ ਨਹੀਂ ਪੈਂਦੀ। ਉਹਨਾਂ ਲਈ ਤਾਂ ਜੀਵਨ ਦੀਆਂ ਬਾਹਰਮੁਖੀ ਲੋੜਾਂ ਭਾਵ ਖਾਣ-ਪਹਿਨਣ ਤੇ ਉੱਠਣ-ਬੈਠਣ ਦੀਆਂ ਜ਼ਰੂਰਤਾਂ ਪੂਰੀਆਂ ਨਹੀਂ ਹੁੰਦੀਆਂ ਪ੍ਰੰਤੂ ਉਨ੍ਹਾਂ ਦੀਆਂ ਮਾਨਸਿਕ ਤੇ ਸਰੀਰਕ ਲੋੜਾਂ ਜਿਹੜੀਆਂ ਕੁਦਰਤ ਨੇ ਹਰ ਬਾਲਗ, ਮਰਦ ਅਤੇ ਇਸਤਰੀ ਅੰਦਰ ਪੈਦਾ ਕੀਤੀਆਂ ਹਨ। ਉਹਨਾਂ ਬਾਰੇ ਤਾਂ ਕਦੇ ਸਾਡੇ ਸਮਾਜ ਤੇ ਇੱਥੋਂ ਤੱਕ ਕਿ ਉਹਨਾਂ ਦੇ ਮਾਪਿਆਂ ਜਾਂ ਪਾਲਣਹਾਰਿਆਂ ਨੇ ਵੀ ਇਸ ਪਾਸੇ ਵੱਲ ਧਿਆਨ ਨਹੀਂ ਦਿੱਤਾ। ਮੇਰੇ ਚਿੰਤਨ ਅਨੁਸਾਰ ਇਸ ਸਵਾਲ ਬਾਰੇ ਗੱਲ ਕਰਦੀ ਇੱਕ ਰੂਸੀ ਲਿਖਤ ਮਸ਼ਹੂਰ ਲੇਖਕ ਅਲੈਗਜ਼ੈਂਡਰ ਕੁਰਲਿੰਕੋ ਦੀ ਲਿਖੀ ਹੋਈ "ਅੰਨਾ ਸੰਗੀਤਕਾਰ" ਹੈ, ਜਿਸ ਵਿਚ ਇਕ ਜਮਾਂਦਰੂ ਅੰਨ੍ਹੇ ਮੁੰਡੇ ਦੀ ਮਾਨਸਿਕਤਾ ਬਚਪਨ ਤੋਂ ਲੈ ਕੇ ਆਖ਼ਰੀ ਉਮਰ ਤੱਕ ਪੇਸ਼ ਕੀਤੀ ਗਈ ਹੈ। ਮੇਰੀ ਜਾਣਕਾਰੀ ਅਨੁਸਾਰ ਉਕਤ ਲਿਖਤ ਨੇ ਆਪਣੇ ਸਮੇਂ ਵਿਚ ਸਮਾਜ ਸ਼ਾਸਤਰੀਆਂ ਤੇ ਮਨੁੱਖਵਾਦੀਆਂ ਨੂੰ ਆਪਣੇ ਵੱਲ ਖਿੱਚਿਆ ਸੀ ਤੇ ਉਸ ਸਮੇਂ ਇਸ ਸਬੰਧ ਵਿਚ ਕਾਫ਼ੀ ਕੁਝ ਕੀਤਾ ਗਿਆ ਸੀ। ਪ੍ਰੰਤੂ ਹੋਰਨੀਂ ਥਾਵੀਂ ਇਸ ਮਸਲੇ ਨੂੰ ਸਮਝਿਆ ਗਿਆ ਜਾਂ ਹੱਲ ਕਰਨ ਦੇ ਕੋਈ ਯਤਨ ਕੀਤੇ ਗਏ ਇਸ ਬਾਰੇ ਪੰਜਾਬੀ ਲਿਖਤਾਂ 'ਚੋਂ ਕੋਈ ਖਾਸ ਜਾਣਕਾਰੀ ਨਹੀਂ ਮਿਲਦੀ।

2

ਮੇਰੀ ਆਪਣੀ ਸਮਝ ਅਨੁਸਾਰ ਇਹ ਮਸਲਾ ਕੁਲਦੀਪ ਸਿੰਘ ਬੇਦੀ ਨੇ ਆਪਣੇ ਨਵੇਂ ਨਾਵਲ ਵਿਚ ਬਹੁਤ ਉਭਾਰ ਕੇ ਪੇਸ਼ ਕੀਤਾ ਹੈ। ਨਾਵਲ ਦੀ ਨਾਇਕਾ ਕਿੰਦਰ ਇੱਕ ਗਰੀਬ ਘਰ ਵਿਚ ਜੰਮੀ ਹੈ। ਬਚਪਨ ਵਿਚ ਹੀ ਉਸਨੂੰ ਪੋਲੀਓ ਹੋ ਜਾਂਦਾ ਹੈ। ਉਹ ਪੂਰੀ ਤਰ੍ਹਾਂ ਅਪੰਗ ਹੋ ਜਾਂਦੀ ਹੈ। ਕੇਵਲ ਉਹਦੇ ਹੱਥ ਥੋੜ੍ਹਾ-ਬਹੁਤ ਕੰਮ ਕਰਨ ਦੇ ਸਮਰੱਥ ਰਹਿ ਜਾਂਦੇ ਹਨ, ਲੱਤਾਂ ਉੱਕਾ ਹੀ ਮਾਰੀਆਂ ਜਾਂਦੀਆਂ ਹਨ। ਪਰੰਤੂ ਪਰਿਵਾਰ ਕੁਦਰਤ ਦੀ ਇਸ ਕਰੋਪੀ ਨੂੰ ਬਰਦਾਸ਼ਤ ਕਰ ਲੈਂਦਾ ਹੈ ਤੇ ਉਸਦਾ ਪਾਲਣ-ਪੋਸ਼ਣ ਆਰੰਭ ਦਿੰਦਾ ਹੈ। ਸਾਰੇ ਸਮਝਦੇ ਹਨ ਕਿ ਇਸ ਅਪੰਗਪੁਣੇ ਦਾ ਟਾਕਰਾ ਇਸ ਕੁੜੀ ਨੂੰ ਵਿੱਦਿਆ ਪ੍ਰਾਪਤੀ ਦੇ ਰਾਹ ਤੋਰ ਕੇ ਹੀ ਕੀਤਾ ਜਾ ਸਕਦਾ ਹੈ। ਉਹਦੇ ਮਾਪੇ ਉਹਨੂੰ ਸਕੂਲ ਭੇਜਦੇ ਹਨ, ਉਹਦੀ ਦਾਦੀ ਉਹਦੀ ਸਰਪ੍ਰਸਤ ਬਣਕੇ ਹਰ ਵੇਲੇ ਉਹਦੇ ਨਾਲ ਰਹਿੰਦੀ ਹੈ ਪਰੰਤੂ ਇਹ ਸਾਰਾ ਕੁਝ ਸਾਧਾਰਨ ਤੌਰ 'ਤੇ ਹੀ ਕੀਤਾ ਜਾਂਦਾ ਹੈ, ਕਿਸੇ ਉਚੇਚ ਨਾਲ ਨਹੀਂ। ਨਾਇਕਾ ਦੇ ਮਾਪੇ ਆਪਣੇ ਸਮੇਂ ਦੀ ਸੋਚ ਅਨੁਸਾਰ ਉਸਦੇ ਅਪਾਹਜਪੁਣੇ ਦਾ ਇਲਾਜ ਸਾਧਾਂ-ਸੰਤਾਂ ਅਤੇ ਫ਼ਕੀਰਾਂ ਦੇ ਟੋਟਕਿਆਂ ਨਾਲ

ਕਰਨ ਦਾ ਯਤਨ ਕਰਦੇ ਹਨ ਤੇ ਕਿਸੇ ਕਰਾਮਾਤ ਹੋਣ ਦੀ ਆਸ ਰੱਖਦੇ ਹਨ। ਪ੍ਰੰਤੂ ਇਹ ਕਰਾਮਾਤ ਨਾ ਵਾਪਰਨੀ ਸੀ ਤੇ ਨਾ ਵਾਪਰੀ। ਨਾਇਕਾ ਪੰਜ ਕੁ ਜਮਾਤਾਂ ਸਧਾਰਨ ਸਕੂਲ 'ਚ ਪੜ੍ਹਦੀ ਹੈ। ਪੰਜਵੀਂ ਤੋਂ ਬਾਅਦ ਤਿੰਨ ਜਮਾਤਾਂ ਉਹ ਨਵੇਂ ਖੁੱਲੇ ਸਕੂਲ, ਜੋ ਕਿ ਗਲੀ 'ਚ ਹੀ ਖੁੱਲਿਆ ਹੈ, ਵਿੱਚ ਕਰਦੀ ਹੈ। ਇਸ ਸਕੂਲ ਵਿਚ ਸਾਇੰਸ ਪੜ੍ਹਾਉਣ ਵਾਲਾ ਮਾਸਟਰ ਮਲਕੀਤ ਸਿੰਘ ਬਰਾੜ ਅਪਾਹਜ ਹੁੰਦਾ ਹੈ ਤੇ ਉਹ ਵੀਲ੍ਹ ਚੇਅਰ 'ਤੇ ਬਹਿ ਕੇ ਸਕੂਲ ਆਉਂਦਾ ਤੇ ਬੱਚਿਆਂ ਨੂੰ ਪੜ੍ਹਾਉਂਦਾ ਹੈ। ਉਹਦੀ ਹਮਦਰਦੀ ਸਹਿਵਨ ਹੀ ਨਾਇਕਾ ਨਾਲ ਹੋ ਜਾਂਦੀ ਹੈ। ਬਰਾੜ ਨਾਇਕਾ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ ਪਰੰਤੂ ਦੁਖਾਂਤ ਇਹ ਕਿ ਉਹ ਇੱਕ ਦਿਨ ਖੂਹੀ 'ਚ ਡਿੱਗ ਕੇ ਆਤਮਘਾਤ ਵਰਗੀ ਮੌਤ ਮਰ ਜਾਂਦਾ ਹੈ। ਇਹ ਮੌਤ ਨਾਇਕਾ ਦੇ ਜੀਵਨ 'ਤੇ ਬਹੁਤ ਭੈੜਾ ਪ੍ਰਭਾਵ ਪਾਉਂਦੀ ਹੈ। ਉਹ ਮਾਨਸਿਕਤਾ ਤੋਂ ਤੁਰਕੇ ਸਰੀਰ ਤੱਕ ਪਹੁੰਚ ਜਾਂਦੀ ਹੈ ਤੇ ਨਾਇਕਾ ਨੂੰ ਟਾਈਫਾਈਡ ਹੋ ਜਾਂਦਾ ਹੈ। ਜਿਹੜਾ ਸਾਰੇ ਯਤਨਾਂ ਦੇ ਬਾਵਜੂਦ ਵੀ ਨਹੀਂ ਟੁੱਟਦਾ। ਨਾਇਕਾ ਮਹਿਸੂਸ ਕਰਦੀ ਹੈ ਕਿ ਇਸ ਕਮਜ਼ੋਰੀ ਨਾਲ ਉਹਦੀ ਜਾਨ ਨਿਕਲ ਜਾਵੇਗੀ ਪ੍ਰੰਤੂ ਅਜਿਹਾ ਨਹੀਂ ਹੁੰਦਾ। ਇਸ ਮੋੜ 'ਤੇ ਨਾਇਕਾ ਦੀ ਭੂਆ ਸ਼ਾਮੋ ਉਹਦੀ ਖਬਰ ਲਈ ਆਉਂਦੀ ਹੈ ਤੇ ਉਸਨੂੰ ਆਪਣੇ ਨਾਲ ਆਪਣੇ ਸ਼ਹਿਰ ਕੋਟਕਪੂਰੇ ਲੈ ਜਾਂਦੀ ਹੈ। ਸ਼ਾਮੋ ਨਾਇਕਾ ਦੇ ਪਿਤਾ ਦੀ ਛੋਟੀ ਭੈਣ ਹੁੰਦੀ ਹੈ। ਉਹ ਹੱਡਾਂ-ਪੈਰਾਂ ਦੀ ਖੁੱਲੀ, ਮੱਥਾ ਚੌੜਾ ਤੇ ਜ਼ਿੰਦਾਦਿਲ ਔਰਤ ਹੈ। ਉਹ ਨਾਇਕਾ ਨੂੰ ਸਾਂਭਦੀ, ਨਹਾਉਂਦੀ-ਧੋਂਦੀ ਤੇ ਉਸਦੇ ਵਾਲ ਵਾਹ ਕੇ ਉਸਦੀਆਂ ਅੱਖਾਂ ਵਿਚ ਸੁਰਮਾ ਪਾ ਦਿੰਦੀ ਹੈ ਅਤੇ ਨਾਇਕਾ ਦੀ ਮਾਂ ਨੂੰ ਆਪਣੀ ਕੁੜੀ ਵੱਲ ਝਾਕਣ ਲਈ ਕਹਿੰਦੀ ਹੈ। ਕੋਟਕਪੂਰੇ ਜਾਣਾ ਨਾਇਕਾ ਦੇ ਜੀਵਨ ਵਿਚ ਇਕ ਨਵਾਂ ਕਾਂਡ ਆਰੰਭ ਕਰਦਾ ਹੈ। ਕੋਟਕਪੂਰੇ ਜਾ ਕੇ ਉਹਨੂੰ ਹਾਈ ਸਕੂਲ ਵਿਚ ਦਾਖਲ ਕਰਵਾਇਆ ਜਾਂਦਾ ਹੈ। ਇੱਥੇ ਹੀ ਨਾਇਕਾ ਨੂੰ ਉਸਦੇ ਜੀਵਨ ਨੂੰ ਲੰਮੇ ਸਮੇਂ ਤੱਕ ਪ੍ਰਭਾਵਿਤ ਕਰਨ ਵਾਲਾ ਵਿਅਕਤੀ ਕਾਮਰੇਡ ਗਿਆਨ ਸਿੰਘ ਮਿਲ ਜਾਂਦਾ ਹੈ, ਜਿਹੜਾ ਕਿ ਉਸਦੀ ਭੂਆ ਦੇ ਘਰ ਚੁਬਾਰੇ ਵਿਚ ਕਿਰਾਏਦਾਰ ਵਜੋਂ ਰਹਿ ਰਿਹਾ ਹੁੰਦਾ ਹੈ। ਭੂਆ ਕੋਟਕਪੂਰੇ ਆਉਣ 'ਤੇ ਨਾਇਕਾ ਨੂੰ ਹੱਥ-ਪੈਰ ਹਿਲਾਉਣ ਤੇ ਕੰਮ-ਧੰਦਾ ਕਰਨ ਲਾਉਂਦੀ ਹੈ ਅਤੇ ਕੁਝ ਅਵੇਸਲਾਪਣ ਦੇਖਣ 'ਤੇ ਸਖ਼ਤੀ ਵਰਤਦੀ ਹੈ। ਕਾਮਰੇਡ ਗਿਆਨ ਸਿੰਘ ਕਈ ਦਿਨ ਇਸ ਗੱਲ ਨੂੰ ਅਨੁਭਵ ਕਰਦਾ ਰਹਿੰਦਾ ਹੈ। ਨਾਇਕਾ 'ਤੇ ਸਖ਼ਤੀ ਹੁੰਦੀ ਵੇਖ ਕੇ ਉਸਦੇ ਮਨੁੱਖਵਾਦੀ ਜਜ਼ਬੇ ਪ੍ਰਬਲ ਹੋ ਜਾਂਦੇ ਹਨ ਤੇ ਇੱਕ ਦਿਨ ਉਹ ਇਸ ਸਵਾਲ 'ਤੇ ਨਾਇਕਾ ਦੀ ਭੂਆ ਨੂੰ ਆ ਘੇਰਦਾ ਹੈ ਤੇ ਉਸ ਤੋਂ ਨਾਇਕਾ 'ਤੇ ਸਖ਼ਤੀ ਕਰਨ ਬਾਰੇ ਪੁੱਛਦਾ ਹੈ। ਭੂਆ ਦਲੇਰੀ ਨਾਲ ਉੱਤਰ ਦਿੰਦੀ ਹੈ ਕਿ ਉਹ ਸਖ਼ਤੀ ਨਾਇਕਾ ਦੀ ਬੇਹਤਰੀ ਲਈ ਕਰਦੀ ਹੈ। ਜੇਕਰ ਨਾਇਕਾ ਨੇ ਹੱਥ-ਪੈਰ ਨਾ ਹਿਲਾਏ ਤਾਂ ਉਹ ਉੱਕਾ ਹੀ ਅਪਾਹਿਜ ਹੋ ਜਾਵੇਗੀ ਤੇ ਫਿਰ ਆਪਣਾ ਜੀਵਨ ਕਿਵੇਂ ਕੱਟੇਗੀ? ਇਹ ਗੱਲ ਸੁਣ ਕੇ ਮਨੁੱਖਵਾਦੀ ਗਿਆਨ ਸਿੰਘ ਖੁਸ਼ ਹੁੰਦਾ ਹੈ ਤੇ ਭੂਆ ਨੂੰ ਸ਼ਾਬਾਸ ਦਿੰਦਾ ਹੈ। ਇਸਦੇ ਨਾਲ ਹੀ ਨਾਇਕਾ ਨੂੰ ਆਪਣੀ ਭੂਆ ਦੀ ਸਖ਼ਤੀ ਦੀ ਗੱਲ ਸਮਝ ਆ ਜਾਂਦੀ ਹੈ, ਤੇ ਉਹ ਪੂਰੀ ਤਨਦੇਹੀ ਨਾਲ ਆਪਣੀ ਭੂਆ ਦੇ ਦੱਸੇ ਕੰਮ ਕਰਨ ਲੱਗ ਜਾਂਦੀ ਹੈ। ਗਿਆਨ ਸਿੰਘ ਨਾਇਕਾ ਨੂੰ ਚੰਗੀਆਂ ਕਿਤਾਬਾਂ ਪੜ੍ਹਨ ਦੀ ਚੇਟਕ ਲਾਉਂਦਾ ਹੈ। ਉਸਦੀਆਂ ਦਿੱਤੀਆਂ ਕਿਤਾਬਾਂ, ਜਿਨ੍ਹਾਂ ਵਿਚ ਮਹਾਨ ਨਾਇਕਾਂ ਦੀਆਂ ਜੀਵਨੀਆਂ ਸ਼ਾਮਲ ਹੁੰਦੀਆਂ ਹਨ, ਨਾਇਕਾ ਨੂੰ ਬਹੁਤ ਪ੍ਰਭਾਵਿਤ ਕਰਦੀਆਂ ਹਨ ਤੇ ਉਹ ਜੀਵਨ ਵੱਲ ਸਾਰਥਕ ਪਹੁੰਚ ਅਪਣਾ ਲੈਂਦੀ ਹੈ। ਆਪਣੀ ਭੂਆ ਕੋਲ ਮੈਟ੍ਰਿਕ ਕਰਨ ਉਪਰੰਤ ਉਹ ਵਾਪਿਸ ਆਪਣੇ ਘਰ ਮਾਂ-ਪਿਓ ਕੋਲ ਆ ਜਾਂਦੀ ਹੈ। ਕੋਟਕਪੂਰੇ ਤੋਂ ਨਾਇਕਾ ਆਪਣੀ ਭੂਆ ਸ਼ਾਮੋ ਤੇ ਗਿਆਨ ਸਿੰਘ ਤੋਂ ਮਿਲੀ ਚੇਤਨਾ ਨਾਲ ਲੈਸ ਹੋ ਕੇ ਜੀਵਨ ਵਿਚ ਸੰਘਰਸ਼ ਕਰਨ ਲਈ ਤਿਆਰ ਹੋ ਜਾਂਦੀ ਹੈ। ਉਹ ਅਗਲੀ ਪੜ੍ਹਾਈ ਆਰੰਭ ਦਿੰਦੀ ਹੈ ਤੇ ਕੋਰਸ ਦੀਆਂ ਕਿਤਾਬਾਂ ਤੋਂ ਬਿਨਾਂ ਹੋਰ ਪੰਜਾਬੀ ਸਾਹਿਤ ਦੀਆਂ ਕਿਤਾਬਾਂ ਪੜ੍ਹਦੀ ਹੈ।

3

ਕੋਟਕਪੂਰੇ ਤੋਂ ਆ ਕੇ ਨਾਇਕਾ ਦੇ ਜੀਵਨ ਵਿਚ ਇਕ ਹੋਰ ਨਵਾਂ ਕਾਂਡ ਆਰੰਭ ਹੁੰਦਾ ਹੈ। ਇੱਥੇ ਆ ਕੇ ਉਹ ਗਿਆਨ ਸਿੰਘ ਦੀ ਪ੍ਰੇਰਨਾ ਨਾਲ ਇਸਤਰੀਆਂ ਵਿਚ ਕੰਮ ਕਰਨਾ ਆਰੰਭ ਦਿੰਦੀ ਹੈ।



ਸਮਾਜ ਦੀਆਂ ਅਨਪੜ੍ਹ ਰਹਿ ਗਈਆਂ ਤੇ ਪੱਛੜੀਆਂ ਇਸਤਰੀਆਂ ਵਿਚ ਸਾਖਰਤਾ ਦੀ ਜੋਤ ਜਗਾਉਂਦੀ ਹੈ। ਕੋਟਕਪੂਰੇ ਤੋਂ ਆਉਣ ਸਮੇਂ ਕਾਮਰੇਡ ਗਿਆਨ ਸਿੰਘ ਉਸਨੂੰ ਪੂਰੀ ਹੱਲਾਸ਼ੇਰੀ ਦਿੰਦਾ ਹੈ ਤੇ ਵੇਲੇ-ਕੁਵੇਲੇ ਉਸਦੇ ਸ਼ਹਿਰ ਵੀ ਆਉਣ ਦਾ ਵਾਅਦਾ ਕਰਦਾ ਹੈ ਤੇ ਅਕਸਰ ਆਉਂਦਾ ਵੀ ਰਹਿੰਦਾ ਹੈ। ਉਸਦੀ ਪੜ੍ਹਾਈ ਤੇ ਕੰਮਾਂ ਸਮੇਂ ਗਿਆਨ ਸਿੰਘ ਨੇ ਇਕ ਮੁੰਡਾ ਸਹਾਇਤਾ ਲਈ ਲਾ ਦਿੱਤਾ ਜਿਸਦਾ ਨਾਂ ਮਿੰਟੂ ਸੀ। ਉਹ ਨਾਇਕਾ ਲਈ ਨਿੱਕੇ ਮੋਟੇ ਕੰਮ ਕਰਦਾ ਰਹਿੰਦਾ। ਨਾਇਕਾ ਹੁਣ ਉਮਰ ਤੇ ਸਰੀਰ ਪੱਖੋਂ ਨਿਆਣੀ ਨਹੀਂ ਰਹਿ ਗਈ ਸੀ। ਉਹ ਵਿਕਾਸ ਕਰ ਰਹੀ ਸੀ। ਮਿੰਟੂ ਉਸ ਵੱਲ ਭਾਵੁਕ ਹੋ ਜਾਂਦਾ ਹੈ। ਨਾਇਕਾ ਇਸ ਗੱਲ ਨੂੰ ਮਹਿਸੂਸ ਕਰਦੀ ਹੈ ਤੇ ਉਸ ਵਿਅਕਤੀ ਦੀ ਗਲਤ ਭਾਵਨਾ ਨੂੰ ਚੰਗਾ ਨਹੀਂ ਸਮਝਦੀ। ਨਾਇਕਾ ਨੂੰ ਜ਼ਰੂਰੀ ਹੋ ਗਿਆ ਸੀ ਕਿ ਉਸ ਬੰਦੇ ਨੂੰ ਆਪਣੇ ਜੀਵਨ ਤੋਂ ਦੂਰ ਕਰ ਦੇਵੇ। ਉਸਦਾ ਇਲਾਜ ਕਾਮਰੇਡ ਗਿਆਨ ਸਿੰਘ ਕੋਲ ਸੀ ਤੇ ਨਾਇਕਾ ਕਿਸੇ ਹੋਰ ਕੁੜੀ ਦੇ ਨਾਂ 'ਤੇ ਆਪਣੇ ਬਾਰੇ ਲਿਖ ਕੇ ਗਿਆਨ ਸਿੰਘ ਨੂੰ ਚਿੱਠੀ ਪਾ ਦਿੰਦੀ ਹੈ। ਗਿਆਨ ਸਿੰਘ ਆਉਂਦਾ ਹੈ ਤੇ ਉਸ ਆਦਮੀ ਨੂੰ ਨਾਇਕਾ ਦੇ ਜੀਵਨ 'ਚੋਂ ਸਦਾ ਲਈ ਦੂਰ ਕਰ ਦਿੰਦਾ ਹੈ। ਇਸੇ ਤਰ੍ਹਾਂ ਨਾਇਕਾ ਦੇ ਜੀਵਨ ਵਿਚ ਹੋਰ ਪਾਤਰ ਆਉਂਦੇ ਹਨ ਤੇ ਆਪਣੀ ਖਸਲਤ ਨੰਗੀ ਕਰਦੇ ਹਨ। ਇਸ ਤਰ੍ਹਾਂ ਨਾਇਕਾ ਦੇ ਜੀਵਨ ਵਿਚ ਕਈ ਉਤਰਾਅ-ਚੜ੍ਹਾਅ ਆਉਂਦੇ ਹਨ। ਇੱਕ ਪਾਤਰ, ਜਿਹੜਾ ਨਾਇਕਾ ਦੀ ਕਿਸੇ ਰਿਸ਼ਤੇਦਾਰੀ 'ਚੋਂ ਹੁੰਦਾ ਹੈ, ਰਿਸ਼ਤੇਦਾਰੀ ਦੇ ਆਸਰੇ ਨਾਇਕਾ ਦੀ ਨੇੜਤਾ ਪ੍ਰਾਪਤ ਕਰਦਾ ਹੈ ਪ੍ਰੰਤੂ ਉਹਦੀ ਨੀਤ ਨਾਇਕਾ ਦੇ ਸਰੀਰਕ ਸ਼ੋਸ਼ਣ ਦੀ ਹੁੰਦੀ ਹੈ। ਪ੍ਰੰਤੂ ਨਾਇਕਾ ਦੀ ਦ੍ਰਿੜ੍ਹਤਾ ਵੇਖ ਕੇ ਪੱਤਰਾ ਵਾਚ ਜਾਂਦਾ ਹੈ ਤੇ ਮੁੜ ਨਹੀਂ ਆਉਂਦਾ। ਰਿਸ਼ਤੇਦਾਰੀ ਵਿਚੋਂ ਨਾਇਕਾ ਦਾ ਇੱਕ ਫੁੱਫੜ ਜਿਹੰੜਾ ਆਪਣੇ ਆਪ ਨੂੰ ਨਕਸਲੀ ਕਹਾਉਂਦਾ ਹੈ ਪ੍ਰੰਤੂ ਪਿੱਛੇ ਖਿੱਚੂ ਸੋਚ ਤੋਂ ਮੁਕਤ ਨਹੀਂ ਹੋਇਆ ਹੁੰਦਾ, ਕਿਸੇ ਜੋਤਸ਼ੀ ਦੀ ਦੱਸ ਪਾਉਂਦਾ ਹੈ ਜਿਹੜਾ ਕਿਸਮਤ ਬਦਲ ਸਕਦਾ ਹੈ ਪ੍ਰੰਤੂ ਨਾਇਕਾ ਉਥੋਂ ਨਿਰਾਸ਼ ਹੋ ਕੇ ਮੁੜਦੀ ਹੈ। ਉਹਦੇ ਜੀਵਨ ਵਿਚ ਇਕ ਹੋਰ ਪਾਤਰ ਕਾਮਰੇਡ ਪ੍ਰਭਾਕਰ ਆਉਂਦਾ ਹੈ। ਨਾਇਕਾ ਦੇ ਜੀਵਨ 'ਤੇ ਥੋੜ੍ਹਾ-ਬਹੁਤ ਪ੍ਰਭਾਵ ਛੱਡ ਕੇ ਚਲਾ ਜਾਂਦਾ ਹੈ। ਸਾਖਰਤਾ 'ਚ ਕੰਮ ਕਰਦੇ ਸਮੇਂ ਨਾਇਕਾ ਦੇ ਜੀਵਨ ਵਿਚ ਇੱਕ ਨੌਜਵਾਨ ਪਾਤਰ ਬਲਜੀਤ ਆਉਂਦਾ ਹੈ ਜਿਹੜਾ ਬਹੁਤ ਜਜ਼ਬਾਤੀ ਹੁੰਦਾ ਹੈ। ਉਹ ਨਾਇਕਾ ਨਾਲ ਮੁਹੱਬਤ ਦਾ ਪ੍ਰਗਟਾਵਾ ਕਰਦਾ ਹੈ ਪ੍ਰੰਤੂ ਇਸਦੀ ਮੁਹੱਬਤ ਦਾ ਆਖਰੀ ਸਿਰਾ ਨਾਇਕਾ ਨਾਲ ਸਰੀਰਕ ਮਿਲਾਪ ਹੁੰਦਾ ਹੈ। ਉਹ ਵੱਖੋ-ਵੱਖਰੇ ਮਾਨਸਿਕ ਪ੍ਰਗਟਾਵੇ ਕਰਦਾ ਹੈ। ਨਾਇਕਾ ਨਾਲ ਪ੍ਰੇਮ ਦਾ ਇਜ਼ਹਾਰ ਵੀ ਕਰਦਾ ਹੈ ਤੇ ਇੱਕ ਪਾਸੇ ਵਿਆਹ ਵੀ ਕਰਵਾ ਲੈਂਦਾ ਹੈ। ਵਿਆਹ ਕਰਵਾ ਕੇ ਵੀ ਨਾਇਕਾ ਦਾ ਪਿੱਛਾ ਨਹੀਂ ਛੱਡਦਾ। ਹਰੀਕਤ 'ਚ ਉਹਨੂੰ ਘਰ ਵਾਲੀ ਕੋਲੋਂ ਵੀ ਸਰੀਰਕ ਤ੍ਰਿਪਤੀ ਪ੍ਰਾਪਤ ਨਹੀਂ ਹੁੰਦੀ। ਉਹ ਸਮਝਦਾ ਹੈ ਕਿ ਇਹ ਤ੍ਰਿਪਤੀ ਉਸਨੂੰ ਨਾਇਕਾ ਕੋਲੋਂ ਹੀ ਪ੍ਰਾਪਤ ਹੋ ਸਕਦੀ ਹੈ। ਅਖੀਰ 'ਚ ਕੁਝ ਪੱਲੇ ਨਾ ਪੈਂਦਾ ਦੇਖ ਕੇ ਨਾਇਕਾ ਦੇ ਜੀਵਨ 'ਚੋਂ ਨਿਕਲ ਜਾਂਦਾ ਹੈ। ਨਾਇਕਾ ਵਿੱਦਿਅਕ ਪ੍ਰਾਪਤੀ ਦੀਆਂ ਪੌੜੀਆਂ ਅੱਗੇ-ਅੱਗੇ ਚੜ੍ਹਦੀ ਜਾਂਦੀ ਹੈ। ਵਿੱਦਿਅਕ ਪ੍ਰਾਪਤੀ ਸਮੇਂ ਵੀ ਕੁਝ ਪਾਤਰ ਉਹਦੇ ਜੀਵਨ ਵਿਚ ਆਉਂਦੇ ਹਨ। ਜਿਨ੍ਹਾਂ ਵਿਚੋਂ ਇੱਕ ਮੁੰਡਾ ਸਾਖਰਤਾ ਸਮੇਂ ਕੰਮ ਕਰਨ ਵਿਚ ਮਿਲਦਾ ਹੈ। ਉਹ ਨਾਇਕਾ ਨੂੰ ਟਿਊਸ਼ਨ ਪੜ੍ਹਾਉਣ ਦਾ ਵਾਅਦਾ ਕਰਦਾ ਹੈ। ਕੁਝ ਦਿਨ ਪੜ੍ਹਾਉਂਦਾ ਵੀ ਹੈ। ਫਿਰ ਉਹਦੀ ਮਾਂ ਇਕ ਅਪਾਹਜ ਨੂੰ ਟਿਊਸ਼ਨ ਪੜ੍ਹਾਉਣੋਂ ਰੋਕ ਦਿੰਦੀ ਹੈ। ਉਸਦੀ ਮਾਂ ਨੂੰ ਖ਼ਤਰਾ ਮਹਿਸੂਸ ਹੁੰਦਾ ਹੈ ਕਿ ਉਸਦਾ ਕੁਆਰਾ ਮੁੰਡਾ ਕਿਤੇ ਭਾਵੁਕ ਹੋ ਕੇ ਅਪਾਹਜ ਨਾਇਕਾ ਨੂੰ ਪਿਆਰ ਕਰਕੇ ਆਪਣੀ ਜੀਵਨ ਸਾਥਣ ਬਣਾਉਣ ਵੱਲ ਨਾ ਤੁਰ ਪਵੇ। ਇੱਕ ਹੋਰ ਪ੍ਰੋਫ਼ੈਸਰ ਦੀ ਪਤਨੀ ਉਹਨੂੰ ਟਿਊਸ਼ਨ ਤੋਂ ਜਵਾਬ ਦੇ ਦਿੰਦੀ ਹੈ ਕਿ ਇਕ ਅਪਾਹਜ ਟਿਊਸ਼ਨ ਦੀ ਫੀਸ ਨਹੀਂ ਦੇ ਸਕੇਗੀ ਤੇ ਉਹਦੇ ਪਤੀ ਨੂੰ ਮੁਫ਼ਤ ਪੜ੍ਹਾਉਣੀ ਪਵੇਗੀ। ਲੇਖਕ ਆਪਣੀ ਕਲਾ-ਕੌਸ਼ਲਤਾ ਨਾਲ ਛੋਟੀਆਂ-ਮੋਟੀਆਂ ਘਟਨਾਵਾਂ ਨਾਲ ਨਾਇਕਾ ਦੇ ਜਜ਼ਬਾਤਾਂ ਵਿਚ ਆਉਂਦੇ ਉਤਰਾਅ-ਚੜ੍ਹਾਅ ਪੇਸ਼ ਕਰਦਾ ਹੈ। 'ਮਹਿੰਦੀ' ਵਾਲੀ ਘਟਨਾ ਪੇਸ਼ ਕਰਕੇ ਨਾਇਕਾ ਨੂੰ ਆਪਣੇ ਅਪਾਹਜਪੁਣੇ ਦੀ ਸੀਮਾ ਵੱਲ ਗਿਆਨ ਕਰਵਾਇਆ

ਹੈ। ਇਸ ਨਾਲ ਨਾਇਕਾ ਜੀਵਨ ਦੇ ਵੱਖੋ-ਵੱਖਰੇ ਪੱਖਾਂ ਬਾਰੇ ਗਿਆਨ ਪ੍ਰਾਪਤ ਕਰਦੀ ਹੈ ਤੇ ਉਹਦੀ ਸੂਝ ਵਿਚ ਵਿਸ਼ਾਲਤਾ ਆਉਂਦੀ ਹੈ। ਨਾਇਕਾ ਮਹਿਸੂਸ ਕਰਦੀ ਹੈ ਕਿ ਇਸ ਸੰਸਾਰ ਵਿਚ ਹੋਰਨਾਂ ਕਾਰਨਾਂ ਤੋਂ ਬਿਨਾਂ ਇਸਤਰੀ ਹੀ ਇਸਤਰੀ ਦੀ ਦੋਖੀ ਹੈ ਅਤੇ ਸਧਾਰਨ ਔਰਤਾਂ ਦੇ ਜੀਵਨ ਨੂੰ ਨਰਕ ਬਣਾਉਣ ਵਿਚ ਔਰਤਾਂ ਦਾ ਵੱਡਾ ਹੱਥ ਹੁੰਦਾ ਹੈ।

ਗਿਆਨ ਸਿੰਘ ਜਿਹੜਾ ਸਮਾਜ ਬਾਰੇ ਬੌਧਿਕ ਤੇ ਅਮਲੀ ਜੀਵਨ ਦਾ ਅਥਾਹ ਤਜਰਬਾ ਰੱਖਦਾ ਹੈ ਨਾਇਕਾ ਨੂੰ ਹਰ ਮੋੜ 'ਤੇ ਸਮਾਜਿਕ ਵਰਤਾਰੇ ਦਾ ਗਿਆਨ ਦੇ ਕੇ ਉਸਦੇ ਜੀਵਨ ਨੂੰ ਅਗਲੇ ਸੰਘਰਸ਼ ਵੱਲ ਤੋਰਦਾ ਹੈ। ਉਹ ਨਾਇਕਾ ਨੂੰ ਸਮਝਾਉਂਦਾ ਹੈ ਕਿ ਮਨੁੱਖੀ ਜੀਵਨ ਦਾ ਆਦਰਸ਼ ਮਨੁੱਖ ਦੀ ਸੇਵਾ ਕਰਨਾ ਹੈ ਤੇ ਸਮਾਜ ਨੂੰ ਚੰਗੇ ਪਾਸੇ ਵੱਲ ਮੋੜਨਾ ਹੈ, ਪ੍ਰੰਤੂ ਗਿਆਨ ਸਿੰਘ ਦਾ ਇਹ ਗਿਆਨ ਬਾਹਰਮੁਖੀ ਹੁੰਦਾ ਹੈ। ਗਿਆਨ ਸਿੰਘ ਦਾ ਆਪਣਾ ਨਿੱਜੀ ਜੀਵਨ ਕੋਈ ਨਹੀਂ ਹੈ। ਉਸਨੇ ਸਾਰਾ ਜੀਵਨ ਲੋਕਾਂ ਦੇ ਲੇਖੇ ਲਾਇਆ ਹੁੰਦਾ ਹੈ। ਇਸੇ ਤਰ੍ਹਾਂ ਉਹ ਨਾਇਕਾ ਨੂੰ ਵੀ ਆਪਣਾ ਜੀਵਨ ਆਦਰਸ਼ਾਂ ਲਈ ਤੇ ਲੋਕਾਂ ਲਈ ਲਾਉਣ ਦੀ ਪ੍ਰੇਰਨਾ ਦਿੰਦਾ ਹੈ। ਇਸੇ ਗਿਆਨ ਦੇ ਆਸਰੇ ਨਾਇਕਾ ਲੰਮਾ ਸੰਘਰਸ਼ ਕਰਦੀ ਹੈ। ਜੀਵਨ ਦੀਆਂ ਅਮਲੀ ਤੇ ਬੌਧਿਕ ਸਰਗਰਮੀਆਂ ਦੇ ਦੌਰਾਨ ਹੀ ਇੱਕ ਵਿਅਕਤੀ ਪ੍ਰੋਫ਼ੈਸਰ ਹਰਦੀਪ ਵੀ ਨਾਇਕਾ ਦੇ ਜੀਵਨ ਵਿਚ ਆਉਂਦਾ ਹੈ। ਉਹ ਬੰਦਾ ਨਾਇਕਾ ਨੂੰ ਰੂਹਾਨੀ ਪਿਆਰ ਕਰਦਾ ਹੈ। ਉਹ ਨਾਇਕਾ ਦੇ ਵਿਕਾਸ ਤੋਂ ਪ੍ਰਭਾਵਿਤ ਹੈ ਤੇ ਉਸਦੇ ਜੀਵਨ ਸੰਘਰਸ਼ ਵਿਚ ਸਹਾਇਕ ਹੁੰਦਾ ਹੈ ਪ੍ਰੰਤੂ ਕਦੇ ਵੀ ਨਾਇਕਾ ਦੇ ਸਰੀਰਕ ਸ਼ੋਸ਼ਣ ਵੱਲ ਨਹੀਂ ਜਾਂਦਾ। ਲੇਖਕ ਨੇ ਨਾਇਕਾ ਤੇ ਗਿਆਨ ਸਿੰਘ ਪਿੱਛੋਂ ਸਭ ਤੋਂ ਵੱਧ ਮਿਹਨਤ ਨਾਲ ਹਰਦੀਪ ਦਾ ਪਾਤਰ ਚਿਤਰਨ ਕੀਤਾ ਹੈ। ਇਹ ਵਿਅਕਤੀ ਇੱਕ ਸੰਪੂਰਨ ਮਨੁੱਖ ਹੈ। ਸਮਾਂ ਬੀਤਦਾ ਹੈ ਤੇ ਬਹੁਤ ਕੁਝ ਵਾਪਰਦਾ ਹੈ। ਹੌਲੀ-ਹੌਲੀ ਨਾਇਕਾ ਦੀ ਦਾਦੀ, ਨਾਇਕਾ ਦੇ ਮਾਤਾ-ਪਿਤਾ ਤੇ ਗਿਆਨ ਸਿੰਘ ਸਟੇਜ ਤੋਂ ਤੇ ਸੰਸਾਰ ਤੋਂ ਦੂਰ ਹੋ ਜਾਂਦੇ ਹਨ। ਨਾਇਕਾ ਦਾ ਛੋਟਾ ਭਰਾ ਵਿਆਹਿਆ ਜਾਂਦਾ ਹੈ ਤੇ ਉਹਦੀ ਘਰਵਾਲੀ ਆਮ ਸਧਾਰਨ ਔਰਤ ਹੈ, ਜਿਹੜੀ ਨਾਇਕਾ ਨੂੰ ਇਕ ਵਾਧੂ ਬੋਝ ਸਮਝਦੀ ਹੈ ਤੇ ਹੌਲੀ-ਹੌਲੀ ਆਪਣੀ ਸੂਝ ਦਾ ਪ੍ਰਗਟਾਵਾ ਕਰਦੀ ਹੈ, ਜਦੋਂ ਉਹ ਆਪਣੇ ਪਤੀ ਨੂੰ ਭੈਣ ਅਤੇ ਪਤਨੀ ਵਿਚੋਂ ਇੱਕ ਨੂੰ ਚੁਣਨ ਦੀ ਗੱਲ ਕਰਦੀ ਹੈ। ਨਾਇਕਾ ਦਾ ਭਰਾ ਵੀ ਸਧਾਰਨ ਵਿਅਕਤੀ ਹੈ। ਉਹ ਨਾਇਕਾ ਬਾਰੇ ਸਭ ਕੁਝ ਭੁੱਲ ਕੇ ਪਤਨੀ ਸਾਹਵੇਂ ਹਾਰ ਜਾਂਦਾ ਹੈ ਤੇ ਇਕ ਤਰ੍ਹਾਂ ਨਾਲ ਨਾਇਕਾ ਦੇ ਜੀਵਨ ਵਿਚੋਂ ਨਿਕਲ ਜਾਂਦਾ ਹੈ। ਇਸ ਤਰ੍ਹਾਂ ਨਾਇਕਾ ਆਪਣੇ ਆਪ ਨੂੰ ਇਕੱਲੀ ਮਹਿਸੂਸਦੀ ਹੈ। ਗਿਆਨ ਸਿੰਘ ਦੇ ਮਰਨ ਨਾਲ ਉਸਦੀਆਂ ਤੰਦਾਂ ਸਮਾਜ ਨਾਲੋਂ ਟੁੱਟ ਜਾਂਦੀਆਂ ਹਨ ਤੇ ਉਸਦੀਆਂ ਬਾਹਰਲੀਆਂ ਸਰਗਰਮੀਆਂ ਉੱਕਾ ਖ਼ਤਮ ਹੋ ਜਾਂਦੀਆਂ ਹਨ। ਉਮਰ ਦੇ ਜਿਸ ਮੋੜ 'ਤੇ ਨਾਇਕਾ ਪੁੱਜ ਗਈ ਹੈ ਤੇ ਇਸ ਇਕੱਲਪੁਣੇ ਵਿਚ ਪਹਿਲੀ ਵਾਰ ਉਸਨੂੰ ਆਪਣਾ ਖ਼ਿਆਲ ਆਉਂਦਾ ਹੈ। ਇਸ ਉਮਰ ਵਿਚ ਸਧਾਰਨ ਔਰਤ ਵਿਚ ਜਜ਼ਬਾਤੀ ਪਕਿਆਈ ਆ ਜਾਂਦੀ ਹੈ। ਉਹਨੇ ਕਾਫ਼ੀ ਕੁਝ ਦੇਖ ਲਿਆ ਹੁੰਦਾ ਹੈ। ਉਹ ਪਤੀ-ਪਤਨੀ ਦੇ ਰਿਸ਼ਤੇ ਨੂੰ ਪੂਰੀ ਤਰ੍ਹਾਂ ਮਾਣ ਚੁੱਕੀ ਹੁੰਦੀ ਹੈ। ਬੱਚਿਆਂ ਦੀਆਂ ਜ਼ਿੰਮੇਵਾਰੀਆਂ ਤੇ ਹੋਰ ਸੰਸਾਰਕ ਰੁਝੇਵਿਆਂ ਵਿਚ ਪੂਰੀ ਤਰ੍ਹਾਂ ਗਲਤਾਨ ਹੋ ਚੁੱਕੀ ਹੁੰਦੀ ਹੈ ਤੇ ਉਹਨੂੰ ਆਪਣੇ ਬਾਰੇ ਬਹੁਤਾ ਸੋਚਣ ਦੀ ਵਿਹਲ ਨਹੀਂ ਹੁੰਦੀ। ਉਸਦੇ ਸਰੋਕਾਰ ਨਿੱਜ ਦੀ ਥਾਂ ਸਮਾਜਿਕ ਜ਼ਿੰਮੇਵਾਰੀਆਂ ਵੱਲ ਵੱਧ ਹੁੰਦੇ ਹਨ। ਪ੍ਰੰਤੂ ਨਾਇਕਾ ਇਸ ਸਭ ਕਾਸੇ ਤੋਂ ਅਣਜਾਣ ਆਪਣੇ ਬਾਰੇ ਸੋਚਦੀ ਹੈ। ਉਹਨੂੰ ਇਕੱਲਤਾ ਮਹਿਸੂਸ ਹੁੰਦੀ ਹੈ। ਉਹਦਾ ਉਹ ਜਜ਼ਬਾ ਜਿਸ ਲਈ ਕੁਦਰਤ ਨੇ ਔਰਤ ਦੀ ਸਿਰਜਣਾ ਕੀਤੀ ਹੈ। ਇੱਕ ਮਰਦ ਦਾ ਮੇਲ ਤੇ ਅੱਗੇ ਉਤਪਤੀ ਇੱਕ ਕੁਦਰਤੀ ਨਿਯਮ ਹੈ ਉਭਰਦਾ ਹੈ। ਹਰ ਸੰਪੂਰਨ ਮਰਦ ਨੂੰ ਮਰਦੇ ਦਮ ਤੱਕ ਇਕ ਇਸਤਰੀ ਦੀ ਲੋੜ ਤੇ ਲਾਲਸਾ ਰਹਿੰਦੀ ਹੈ। ਇਸੇ ਤਰ੍ਹਾਂ ਔਰਤ ਨੂੰ ਪੂਰੇ ਸਿਹਤਮੰਦ ਮਰਦ ਦੀ ਲੋੜ ਰਹਿੰਦੀ ਹੈ ਤੇ ਦੋਹਾਂ ਦੇ ਮੇਲ ਤੋਂ ਜੀਵਨ ਤੁਰਦਾ ਹੈ। ਇਹ ਮੇਲ ਦੋਨਾਂ ਪੱਖਾਂ ਨੂੰ ਸਰੀਰਕ ਤੇ ਮਾਨਸਿਕ ਸੰਤੁਸ਼ਟੀ ਦਿੰਦਾ ਹੈ। ਇਸ ਮੇਲ ਤੋਂ ਬਿਨਾਂ ਦੋਨੋਂ ਧਿਰਾਂ ਆਪਣੇ ਆਪ ਨੂੰ ਤੇ ਆਪਣੇ ਜੀਵਨ ਨੂੰ ਅਧੂਰਾ



ਸਮਝਦੇ ਹਨ। ਇਹੀ ਕੁਝ ਨਾਇਕਾ ਨਾਲ ਵਾਪਰਦਾ ਹੈ। ਉਹ ਸਭ ਕੁਝ ਕਰਕੇ ਵੀ ਸਰੀਰਕ ਤੇ ਮਾਨਸਿਕ ਪੱਖੋਂ ਆਪਣੇ ਆਪ ਨੂੰ ਅਧੂਰਾ ਸਮਝਦੀ ਹੈ। ਇਸ ਅਧੂਰੇਪਣ ਨੂੰ ਦੂਰ ਕਰਨ ਦਾ ਕੋਈ ਰਾਹ ਵੀ ਨਹੀਂ ਹੈ। ਨਾਇਕਾ ਦੇ ਜੀਵਨ ਨੂੰ ਉਸਦੇ ਜੀਵਨ ਵਿਚ ਆਈ ਪਾਤਰ ਚਿੰਤੀ ਜੋ ਨਾਇਕਾ ਵਾਂਗ ਹੀ ਅਧੂਰੀ ਹੁੰਦੀ ਹੈ ਤੇ ਹਰਦੀਪ ਜੋ ਇਕ ਸੰਪੂਰਨ ਮਨੁੱਖ ਹੋਣ 'ਤੇ ਵੀ ਨਾਇਕਾ ਨੂੰ ਉਹ ਕੁਝ ਨਹੀਂ ਦੇ ਸਕਦਾ ਜਿਸਦੀ ਨਾਇਕਾ ਨੂੰ ਲੋੜ ਹੁੰਦੀ ਹੈ। ਨਾਇਕਾ ਆਪਣੇ ਆਪ ਨੂੰ 'ਵਾਧੂ' ਆਪਣੇ ਜੀਵਨ ਨੂੰ ਨੀਰਸ ਸਮਝਦੀ ਹੈ। ਅਜਿਹੇ ਮੋੜ 'ਤੇ ਉਹਦੇ ਲਈ ਇਕੋ ਰਾਹ ਰਹਿ ਜਾਂਦਾ ਹੈ। ਉਹ ਮੌਤ ਜਾਂ ਆਤਮਹੱਤਿਆ ਦਾ ਰਾਹ ਹੈ। ਨਾਇਕਾ ਨਾਵਲ ਦੇ ਅੰਤ 'ਤੇ ਇਸੇ ਰਾਹ ਤੁਰ ਜਾਂਦੀ ਹੈ।

4

ਨਾਵਲ ਬਾਰੇ ਲੇਖਕ 'ਤੇ ਦੋਸ਼ ਲਾਇਆ ਜਾ ਸਕਦਾ ਹੈ ਕਿ ਉਸਨੇ ਇੱਕ ਸੰਘਰਸ਼ਸ਼ੀਲ ਨਾਇਕਾ ਨੂੰ ਮੌਤ ਦੇ ਰਾਹ ਤੋਰ ਦਿੱਤਾ। ਇਹ ਨਾਂਹ-ਪੱਖੀ ਸਿੱਟਾ ਹੈ ਜਿਸ ਨਾਲ ਜੀਵਨ ਜਿਊਣ ਦੀ ਤੀਖਣ ਲਾਲਸਾ ਉਪਜਣ ਦੀ ਥਾਂ ਜੀਵਨ ਵਿਚ ਗ਼ਮਗੀਨੀ ਆਉਂਦੀ ਹੈ। ਮੈਂ ਸਮਝਦਾ ਹਾਂ ਕਿ ਇਹ ਗੱਲ ਇਸ ਤਰ੍ਹਾਂ ਨਹੀਂ ਹੈ। ਲੇਖਕ ਨੇ ਨਾਇਕਾ ਲਈ ਜਿਹੜੀਆਂ ਪ੍ਰਸਥਿਤੀਆਂ ਸਿਰਜੀਆਂ ਹਨ ਤੇ ਜਿਨ੍ਹਾਂ ਦਾ ਉਸਨੇ ਵਰਨਣ ਕੀਤਾ ਹੈ ਉਹਨਾਂ ਵਿਚੋਂ ਤਰਕ ਸੰਗਤ ਸਿੱਟਾ ਉਹੀ ਨਿਕਲਦਾ ਹੈ ਜੋ ਲੇਖਕ ਨੇ ਕੱਢਿਆ ਹੈ। ਮੇਰੀ ਸੋਚ ਅਨੁਸਾਰ ਨਾਇਕਾ ਮਰੀ ਨਹੀਂ ਹਕੀਕਤ ਵਿਚ ਉਹ ਇਕ ਅਹਿਮ ਮਨੁੱਖਵਾਦੀ ਮਸਲੇ ਲਈ ਸ਼ਹੀਦ ਹੋਈ ਹੈ। ਸ਼ਹੀਦ ਕਦੇ ਗ਼ਮਗੀਨੀ ਨਹੀਂ ਬਲਕਿ ਜੀਵਨ ਸੰਘਰਸ਼ ਦਾ ਸੁਨੇਹਾ ਦਿੰਦੇ ਹਨ। ਇਹੋ ਫ਼ਾਰਮੂਲਾ ਨਾਇਕਾ 'ਤੇ ਢੁੱਕਦਾ ਹੈ। ਮੈਂ ਇਸ ਗੱਲ ਨੂੰ ਸਪੱਸ਼ਟ ਕਰਨ ਲਈ ਪ੍ਰਸਥਿਤੀਆਂ ਵੱਲ ਫੇਰ ਮੁੜਦਾ ਹਾਂ। ਨਾਇਕਾ ਇਕ ਗਰੀਬ ਘਰ ਦੀ ਸਧਾਰਨ ਅਪਾਹਜ ਕੁੜੀ ਤੋਂ ਨਾਇਕਾ ਬਣਦੀ ਹੈ। ਉਹ ਸਾਰੇ ਪੱਖਾਂ ਤੋਂ ਸਮੇਂ-ਸਮੇਂ ਆਏ ਦਬਾਵਾਂ ਦਾ ਟਾਕਰਾ ਕਰਦੀ ਹੈ ਤੇ ਜ਼ਿੰਦਗੀ ਜਿਊਣ ਦਾ ਤੇ ਸੰਘਰਸ਼ ਕਰਨ ਦਾ ਝੰਡਾ ਹੱਥ ਵਿਚ ਲੈ ਕੇ ਅੱਗੇ ਵਧਦੀ ਹੈ। ਉਹ ਵਿੱਦਿਆ ਪ੍ਰਾਪਤ ਕਰਦੀ ਹੈ, ਆਪਣੇ ਲਈ ਰੋਟੀ ਕਮਾਉਂਦੀ ਹੈ। ਆਰਥਿਕ ਪੱਖੋਂ ਉਹ ਕਿਸੇ 'ਤੇ ਬੋਝ ਨਹੀਂ ਰਹਿੰਦੀ। ਉਲਟਾ ਆਪਣੇ ਘਰ ਤੇ ਸਮਾਜ ਨੂੰ ਦੇਣ ਦੇ ਸਮਰੱਥ ਹੁੰਦੀ ਹੈ। ਉਹ ਅਪਾਹਜ ਹੋਣ 'ਤੇ ਵੀ ਸੰਪੂਰਨ ਇਸਤਰੀਆਂ ਨਾਲੋਂ ਵੱਧ ਦਲੇਰ ਹੈ। ਉਹ ਆਪਣੇ ਸਕੂਲ ਵਿਚ ਗਰੀਬ ਘਰਾਂ ਦੀਆਂ ਕੁੜੀਆਂ ਦਾ ਮਾਸਟਰ ਬਲਦੇਵ ਰਾਜ ਵਲੋਂ ਸਰੀਰਕ ਸ਼ੋਸ਼ਣ ਦਾ ਡਟ ਕੇ ਵਿਰੋਧ ਕਰਦੀ ਹੈ। ਉਹ ਉਸਦੀਆਂ ਧਮਕੀਆਂ ਤੇ ਊਝਾਂ ਦੀ ਕੋਈ ਪ੍ਰਵਾਹ ਨਹੀਂ ਕਰਦੀ। ਉਹ ਇਸਤਰੀ ਸਭਾ ਵਿਚ ਕੰਮ ਕਰਕੇ ਇਸਤਰੀਆਂ ਨੂੰ ਚੇਤਨ ਕਰਨ ਦਾ ਕੰਮ ਕਰਦੀ ਹੈ। ਉਹ ਸਾਖਰਤਾ ਲਹਿਰ ਵਿਚ ਕੰਮ ਕਰਕੇ ਅਨਪੜ੍ਹਾਂ ਨੂੰ ਸਾਖਰ ਕਰਨ ਦਾ ਕੰਮ ਕਰਦੀ ਹੈ। ਉਹਦੇ ਜੀਵਨ ਵਿਚ ਭੂਆ ਸ਼ਾਮੋ, ਕਾਮਰੇਡ ਗਿਆਨ ਸਿੰਘ, ਕਾਮਰੇਡ ਪ੍ਰਭਾਕਰ ਤੇ ਪ੍ਰੋ. ਹਰਦੀਪ ਵਰਗੇ ਵਿਅਕਤੀ ਵੀ ਪ੍ਰੇਰਨਾ ਸ੍ਰੋਤ ਬਣਦੇ ਹਨ। ਇਨ੍ਹਾਂ ਆਸਰੇ ਉਹ ਬਿਨਾਂ ਲੱਤਾਂ ਤੋਂ ਭੱਜੀ ਫਿਰਦੀ ਹੈ। ਉਹਦੇ ਆਪਣੇ ਨਿੱਜੀ ਮਸਲੇ ਕਾਇਮ ਹਨ। ਇਹ ਉਨ੍ਹਾਂ ਬਾਰੇ ਸੋਚਦੀ ਤੇ ਮਹਿਸੂਸ ਕਰਦੀ ਹੈ। ਪਰੰਤੂ ਆਪਣੇ ਕੰਮਾਂ ਤੇ ਆਦਰਸ਼ਾਂ 'ਤੇ ਉਨ੍ਹਾਂ ਨੂੰ ਭਾਰੂ ਨਹੀਂ ਹੋਣ ਦਿੰਦੀ। ਪਰੰਤੂ ਨਾਇਕਾ ਦੇ ਜੀਵਨ ਵਿਚ ਇਕ ਸਮਾਂ ਉਹ ਆਉਂਦਾ ਹੈ ਜਦੋਂ ਉਹ ਸਾਰੇ ਨਿੱਖੜ ਜਾਂਦੇ ਹਨ। ਉਹਨੂੰ ਉਤਸ਼ਾਹ ਦੇਣ ਵਾਲੀ ਕੋਈ ਗੱਲ ਨਹੀਂ ਹੈ। ਇਸ ਮੋੜ 'ਤੇ ਉਹਦਾ ਜੀਵਨ ਨੀਰਸ ਤੇ ਬੇਲੋੜਾ ਹੋ ਗਿਆ ਹੁੰਦਾ ਹੈ। ਉਹਦੀਆਂ ਲਾਲਸਾਵਾਂ ਅਧੂਰੀਆਂ ਰਹਿ ਜਾਂਦੀਆਂ ਹਨ, ਜਿਨ੍ਹਾਂ ਨੂੰ ਸੰਪੂਰਨ ਹੋਣ ਦਾ ਕੋਈ ਰਾਹ ਨਹੀਂ ਰਹਿ ਗਿਆ। ਅਜਿਹੇ ਸਮੇਂ ਜੀਵਨ ਦਾ ਅੰਤ ਹੋਣਾ ਕੋਈ ਮਾੜੀ ਗੱਲ ਨਹੀਂ। ਜੀਵਨ ਕਿਸੇ ਆਦਰਸ਼, ਕਿਸੇ ਮੰਤਵ, ਕਿਸੇ ਜ਼ਿੰਮੇਵਾਰੀ ਦਾ ਨਾਂ ਹੈ। ਕੇਵਲ "ਪ੍ਰਸ਼ਾਦੇ ਛਕਣ" ਦਾ ਨਾਂ ਹੀ ਜ਼ਿੰਦਗੀ ਨਹੀਂ ਹੈ। ਨਾਇਕਾ ਕੇਵਲ ਪ੍ਰਸ਼ਾਦੇ ਛਕਣ ਲਈ ਜਿਊਣ ਤੋਂ ਇਨਕਾਰੀ ਹੈ ਤੇ ਮੁੱਕ ਜਾਂਦੀ ਹੈ।

ਮੇਰੇ ਆਪਣੇ ਚਿੰਤਨ ਤੇ ਸਮਝ ਅਨੁਸਾਰ ਕੁਲਦੀਪ ਸਿੰਘ ਬੇਦੀ ਨੇ ਇੱਕ ਅਹਿਮ ਮਸਲਾ ਪੇਸ਼ ਕਰਕੇ ਨਾਵਲ ਸੰਪੂਰਨ ਕੀਤਾ ਹੈ। ਇਸ ਲਈ ਉਹ ਵਧਾਈ ਦਾ ਪਾਤਰ ਹੈ। ●

# ਦੋ ਕਵਿਤਾਵਾਂ/ ਮਲਵਿੰਦਰ

## 1. ਜਿਊਂਦੀ ਜ਼ਮੀਰ

ਮੈਨੂੰ ਇਸ ਕਵਿਤਾ ਲਈ
ਮਿਲੇ ਨਾ ਚਿਹਨ ਕੋਈ
ਸਭ ਕੁਝ ਹੈ ਪਾਰਦਰਸ਼ੀ
ਬੋਝਲ ਬਿੰਬਾਂ ਦਾ ਭਾਰ
ਕਵਿਤਾ ਦੀ ਖ਼ੂਬਸੂਰਤੀ
ਦੇਵੇਗਾ ਵਿਗਾੜ
ਸਕੂਲ ਸਮੂਹ
ਸਿਆਲ ਰੁੱਤ ਦਾ
ਬਰਸਾਤੀ ਦਿਨ ਅਤਿ ਠੰਡਾ
ਗਰਮ ਲੀੜਿਆਂ 'ਚ ਲਿਪਟੇ
ਹੀਟਰ ਕੋਲ ਖੜ੍ਹੇ ਕੰਬ ਰਹੇ
ਸਭ ਅਧਿਆਪਕ
ਵਿਦਿਆਰਥੀ ਟੋਲਿਆਂ 'ਚ
ਧੂਣੀ ਬਾਲ ਸੇਕ ਰਹੇ
ਬਜ਼ੁਰਗ, ਬੀਮਾਰ, ਬੇਵੱਸ ਸਵੀਪਰ
ਵਿਹੜਾ ਹੂੰਝ ਰਹੀ
ਸਕੂਲ ਸਮੂਹ ਨਾਲ ਰਿਸ਼ਤਾ ਸਭ ਦਾ
ਕੁਝ ਫਰਜ਼, ਜ਼ਿੰਮੇਵਾਰੀਆਂ, ਜ਼ਮੀਰਾਂ,
ਮੈਂ ਮੋਈਆਂ ਜ਼ਮੀਰਾਂ ਬਾਰੇ ਸੋਚ ਰਿਹਾਂ
ਇੱਕੋ ਇੱਕ ਜ਼ਮੀਰ ਜਿਊਂਦੀ
ਧੜਕਦੀ
ਸ਼ਾਇਦ ਇਸੇ ਲਈ ਲੋੜ ਨਾ
ਉਸਨੂੰ ਗਰਮ ਲਿਬਾਸਾਂ ਦੀ
ਨਿੱਘੇ ਅਹਿਸਾਸ ਸੰਗ ਜਿਉਂ ਰਹੀ
ਜਿਊਂਦੀ ਜ਼ਮੀਰ
ਹਾਂ, ਜਿਊਂਦੀ ਜ਼ਮੀਰ ਹੀ
ਸਹੀ ਚਿਹਨ ਹੋਵੇਗਾ
ਇਸ ਕਵਿਤਾ ਦਾ।

***

## 2. ਸਕੂਲ ਦੀ ਮਾਰਫ਼ਤ

ਪਹਿਲੀ ਵਾਰ
ਸਕੂਲ ਆਏ ਬੱਚੇ ਦਾ
ਵਿਲਕ ਵਿਲਕ ਰੋਣਾ
ਹੌਲੀ ਹੌਲੀ
ਆਪਣੇ ਹਾਣੀਆਂ ਰਾਹੀਂ, ਅਧਿਆਪਕਾਂ ਰਾਹੀਂ
ਅੱਖਾਂ 'ਚ ਅਪਣੱਤ ਜਾਗਣੀ
ਤੇ ਵਿਲਕਦੇ ਬੱਚੇ ਨੇ ਸਿੱਖ ਜਾਣਾ
ਸਕੂਲ ਦੀ ਚਾਰਦੀਵਾਰੀ ਅੰਦਰ ਮੁਸਕਰਾਉਣਾ
ਵਿਲਕਣ ਤੋਂ ਮੁਸਕਰਾਉਣ ਤੱਕ ਦਾ ਸਫ਼ਰ
ਸਕੂਲ ਅੰਦਰ ਬੱਚੇ ਦਾ ਪਹਿਲਾ ਪਾਠ
ਫਿਰ ਪਾਠ ਦਰ ਪਾਠ
ਹਾਣੀਆਂ ਨਾਲ ਲੜਨਾ
ਅਧਿਆਪਕਾਂ ਕੋਲ ਬਹਾਨੇ ਘੜਨਾ
ਦਾਅ ਲੱਗੇ ਤੋਂ
ਸਕੂਲੋਂ ਖਿਸਕ ਸਿਨੇਮੇ ਵੜਨਾ
ਛੋਟੀ ਮੋਟੀ ਚੋਰੀ ਕਰਨਾ
ਝੂਠ ਬੋਲਣਾ
ਮਾਪਿਆਂ, ਅਧਿਆਪਕਾਂ ਨੂੰ
ਛਲ ਦੇ ਹਰੇ ਲਾਅਨ 'ਚ ਚਾਰਨਾ
ਤੇ ਸਿੱਖ ਜਾਂਦਾ ਬੱਚਾ
ਹੋਰ ਵੀ ਬੜਾ ਕੁਝ
ਸਮੇਂ ਦੇ ਹਾਣ ਦਾ
ਦੰਭ, ਮੱਕਾਰ, ਕਪਟ
ਪੂਰਨਿਆਂ ਤੇ ਲਿਖਣਾ ਸਿੱਖਦਾ ਬੱਚਾ
ਸਿੱਖ ਜਾਂਦਾ ਬੜਾ ਕੁਝ
ਨਵੇਂ ਪੂਰਨੇ ਪਾਉਣ ਜਿਹਾ।

***





# ਤਿੰਨ ਕਵਿਤਾਵਾਂ/ ਸੁਖਪਾਲ

## 1. ਕਾਲਾ ਕੱਪੜਾ

ਕੈਦੀ ਦੇ ਚਿਹਰੇ ਦੁਆਲੇ
ਕਾਲਾ ਕੱਪੜਾ ਵਲ੍ਹੇਟਿਆ ਹੈ

ਹੁਣ ਉਹ ਅੰਦਾਜ਼ਾ ਨਹੀਂ ਲਾ ਸਕਦਾ
ਡੰਡਾ ਕਿਸ ਹੱਡੀ ਤੇ ਵੱਜੇਗਾ
ਨਸ਼ਤਰ ਮਾਸ ਨੂੰ ਕਿੱਥੋਂ ਵੱਢੇਗਾ
ਸੰਗੀਨ ਪਿੰਡੇ ਵਿਚ ਕਿੱਥੇ ਆ ਖੁੱਭੇਗੀ
ਪੀੜ ਕਿਹੜੇ ਅੰਗ ਵਿਚੋਂ ਉੱਠੇਗੀ

ਆਪਣੇ ਹਰ ਅੰਗ ਲਈ
ਉਹ ਡਰਿਆ ਹੋਇਆ ਹੈ
ਪੀੜ ਉੱਠਣ ਤੋਂ ਪਹਿਲਾਂ ਹੀ
ਹਰ ਅੰਗ
ਪੀੜ ਨਾਲ ਭਰਿਆ ਹੋਇਆ ਹੈ

ਕਾਲੇ ਕੱਪੜੇ ਨੇ ਕੈਦੀ ਨੂੰ
ਆਪਣੇ ਹੀ ਪਿੰਡੇ ਤੋਂ
ਅੱਡ ਕਰ ਦਿੱਤਾ ਹੈ
ਪਰ ਕਾਲਾ ਕੱਪੜਾ ਕੈਦੀ ਨੂੰ
ਪਿੰਡੇ ਦੀ ਪੀੜ ਤੋਂ ਅੱਡ ਨਹੀਂ ਕਰਦਾ

ਪੀੜ ਹੋਣ ਨਾਲ
ਕੈਦੀ ਦੇ ਚਿਹਰੇ ਤੇ ਵੱਟ ਪੈਂਦੇ ਨੇ
ਅੱਖਾਂ ਵਿਚੋਂ ਨੀਰ ਵਗਦਾ ਹੈ
ਕੰਨ ਲਾਲ ਹੋ ਜਾਂਦੇ ਨੇ
ਅਤੇ ਸਾਹ ਰੁਕਦਾ ਹੈ
ਤਸੀਹਾ ਦੇਣ ਵਾਲੇ ਸਿਪਾਹੀ ਨੂੰ
ਅਜਿਹਾ ਕੁਝ ਵੀ ਨਹੀਂ ਦਿਸਦਾ ਹੈ
ਕਾਲਾ ਕੱਪੜਾ–
ਸਿਪਾਹੀ ਦੇ ਤਰਸ ਨੂੰ ਡਕਦਾ ਹੈ
ਸਿਪਾਹੀ ਨੂੰ ਲੱਗਦਾ ਹੈ
ਜੇ ਇਸ ਕੈਦੀ ਦਾ ਦਾਅ ਲੱਗ ਜਾਵੇ
ਤਾਂ ਇਹੋ ਕਾਲਾ ਕੱਪੜਾ –
ਸਿਪਾਹੀ ਦੇ ਮੂੰਹ ਤੇ ਹੋਵੇ
ਸਿਪਾਹੀ ਦੇ ਪਿੰਡੇ ਵਿਚ
ਝੁਰਝੁਰੀ ਉੱਠਦੀ ਹੈ
ਡਰ ਦਾ ਕਾਲਾ ਕੱਪੜਾ
ਸਿਪਾਹੀ ਦੇ ਚਿਹਰੇ ਦੁਆਲੇ
ਵਲ੍ਹੇਟਿਆ ਜਾਂਦਾ ਹੈ

ਕਾਲੇ ਕੱਪੜੇ ਵਿਚ ਲੁਕਿਆ ਕੈਦੀ
ਹੁਣ ਬੇਚਿਹਰਾ ਹੈ
ਸਭ ਕੈਦੀ ਹੁਣ ਇੱਕੋ ਜਿਹੇ ਲੱਗ ਰਹੇ ਨੇ
ਰੇਤ ਦੇ ਬੋਰਿਆਂ ਵਰਗੇ
ਜਿਨ੍ਹਾਂ ਵਿਚ ਅੰਨ੍ਹੇਵਾਹ ਸੰਗੀਨ ਮਾਰਨ ਦੀ
ਸਿਪਾਹੀ ਨੂੰ ਮੁਹਾਰਤ ਮਿਲੀ ਸੀ

ਬੋਰਿਆਂ ਵਿਚ ਰੇਤ ਹੈ
ਕੈਦੀਆਂ ਵਿਚ ਲਹੂ ਹੈ
ਉਹ ਵੀ ਡੁਲ੍ਹਦੀ ਹੈ
ਇਹ ਵੀ ਡੁਲ੍ਹਦਾ ਹੈ
ਡੁਲ੍ਹਦਾ ਵੇਖਣ ਦੀ ਆਦਤ ਹੈ
ਤਸੀਹਾ ਦੇਣ ਵਾਲੇ ਸਿਪਾਹੀ ਨੂੰ

ਸਿਪਾਹੀ ਨੂੰ ਪਤਾ ਨਹੀਂ
ਰੇਤ ਸਿਰਫ਼ ਡੁੱਲ੍ਹਦੀ ਹੈ
ਲਹੂ ਡੁੱਲ੍ਹਣ ਮਗਰੋਂ ਵਗਦਾ ਵੀ ਹੈ
ਵਗਣ ਵਾਲੇ ਵਿਚ ਹੜ੍ਹ ਵੀ ਆਉਂਦਾ ਹੈ

ਕੱਪੜਿਆਂ ਨਾਲ ਹੜ੍ਹਾਂ ਨੂੰ ਬੰਨ੍ਹ ਨਹੀਂ ਵਜਦਾ।

## 2. ਨਰਮ

ਕੈਦੀ ਨੂੰ ਭੁੱਖਿਆਂ ਰੱਖਿਆ ਗਿਆ
ਕਈ ਦਿਨ ਤਿੰਨ ਫੁੱਟ ਲੰਮੇ
ਏਡੇ ਹੀ ਚੌੜੇ ਏਡੇ ਹੀ ਉੱਚੇ
ਭੋਰੇ ਵਿਚ ਬੰਦ ਕੀਤਾ ਗਿਆ
ਇਸ ਪਿੱਛੋਂ ਡੰਡਿਆਂ ਦੀ ਮਾਰ
ਫਿਰ ਬਿਜਲੀ ਦੀ ਤਾਰ

ਸੁਪਰਡੈਂਟ ਸਿਪਾਹੀ ਨੂੰ ਪੁੱਛ ਰਿਹਾ ਹੈ
ਇਹ ਹਾਲੇ 'ਨਰਮ' ਹੋਇਆ ਕਿ ਨਹੀਂ

ਬੜੇ ਦਿਨਾਂ ਬਾਅਦ
ਕੈਦੀ ਨੇ ਸੁਣਿਆ ਹੈ
ਕੋਈ ਮਿੱਠਾ ਜਿਹਾ ਸ਼ਬਦ

ਕੈਦੀ ਨੂੰ ਯਾਦ ਆ ਰਹੇ ਨੇ
ਮਾਂ ਦੇ ਹੱਥ
ਸਰਘੀ ਦੀ ਨਮਾਜ਼
ਬੀਵੀ ਦਾ ਚਿਹਰਾ
ਦਰਿਆ ਪਾਰ ਉੱਗੇ ਫੁੱਲ
ਸ਼ਾਮ ਦੀ ਹਵਾ
ਧੀ ਦੇ ਸਾਹ

ਕਿੰਨੀਆਂ ਉੱਚੀਆਂ ਕੰਧਾਂ ਨੇ
ਇਸ ਜੇਲ੍ਹ ਦੀਆਂ
ਸ਼ਬਦ ਡੱਕੇ ਨੇ ਕੰਧਾਂ ਅੰਦਰ
ਅਰਥ ਡੱਕੇ ਨੇ ਕੰਧੋਂ ਬਾਹਰ।

### 3. ਮੁਕਤੀ ਪਲ

ਜਿੰਨਾ ਪਹਾੜ ਹੋ ਰਿਹਾ ਹੈ ਉੱਚਾ
ਉਸ ਉਪਰ ਬਰਫ਼ ਵਧ ਰਹੀ ਹੈ ਓਨੀ ਹੀ
ਜਿੰਨਾ ਵਧ ਰਿਹਾ ਹੈ ਤਾਪ
ਓਨਾ ਵਧ ਰਿਹਾ ਤਾਪਮਾਨ
ਜਿੰਨੀ ਸੱਟ ਵੱਜ ਰਹੀ ਹੈ
ਬੁੱਤ ਆਪਣੇ ਰੂਪ ਵਿਚ ਆ ਰਿਹਾ ਹੈ
ਪਿਆਲੇ ਵਿਚ ਦੁੱਧ ਪੈ ਰਿਹਾ ਹੈ ਜਿੰਨਾ
ਓਨੀ ਘੱਟ ਰਹੀ ਹੈ ਹੋਰ ਪੈ ਸਕਣ ਦੀ
ਥਾਂ
ਵਧ ਰਹੇ ਨੇ ਜਿੰਨੇ ਗਰਭ ਦੇ ਦਿਨ
ਘਟ ਰਹੇ ਨੇ ਓਨੇ ਜੰਮਣ ਦੇ ਦਿਨ।

ਜਦ ਸਬਰ-ਕੱਤੀ ਹੋ ਜਾਵੇਗੀ
ਬਰਫ਼ ਹੀ ਪਹਾੜ ਨੂੰ ਖੋਰ ਲੈ ਜਾਵੇਗੀ
ਜਦ ਸੌ ਦਰਜੇ ਹੋ ਜਾਣਗੇ
ਪਾਣੀ ਭਾਂਡੇ ਦੀ ਕੈਦ 'ਚੋਂ
ਮੁਕਤ ਹੋ ਜਾਵੇਗਾ
ਜਦ ਆਖ਼ਰੀ ਸੱਟ ਵੱਜੇਗੀ
ਬੁੱਤ ਜਿਊਂਦਾ ਹੋ ਜਾਵੇਗਾ
ਜਦੋਂ ਜਨਮ ਦਾ ਪਲ ਆਵੇਗਾ
ਰੁੱਖ ਬੀਜ ਨੂੰ ਤੋੜ ਕੇ
ਧਰਤੀ ਨੂੰ ਪਾੜ ਕੇ
ਪ੍ਰਗਟ ਹੋ ਹੀ ਜਾਵੇਗਾ।


**ਹੁਣ**

**ਪ੍ਰਕਾਸ਼ਨ ਦੀਆਂ ਤਿੰਨ ਨਵੀਆਂ ਪੁਸਤਕਾਂ**

1. ਵਿਸ਼ਵ ਦੇ ਮਹਾਂਕਵੀ,
   ਅਨੁਵਾਦਕ ਅਵਤਾਰ ਜੰਡਿਆਲਵੀ,
   ਪੰਨੇ 116, ਮੁੱਲ 50/-
2. ਸੁਖ਼ਨ ਸੁਹੇਲੇ (ਮੁਲਾਕਾਤਾਂ) ਅਵਤਾਰ ਜੰਡਿਆਲਵੀ
   ਪੰਨੇ 116, ਮੁੱਲ 50/-
3. ਆਖਾਂ, ਜੀਵਾਂ (ਨਿਬੰਧ) ਸੁਸ਼ੀਲ ਦੁਸਾਂਝ,
   ਪੰਨੇ 116, ਮੁੱਲ 50/-

**ਹੁਣ ਪ੍ਰਕਾਸ਼ਨ , ਮੁਹਾਲੀ, ਲੰਡਨ**




ਵਾਹਗਿਓਂ ਪਾਰ
(ਸਫ਼ਰਨਾਮਾ)

# ਦਿੱਲੀ ਵਿਚ ਦੁੱਗਲ ਨਾਲ ਝੜਪ

**ਅਫ਼ਜ਼ਲ ਤੌਸੀਫ਼**

ਜਿੰਨੀ ਵਾਰੀ ਦਿੱਲੀ ਗਈ। ਇੱਕ ਹੀ ਘਰ ਠਹਿਰੀ। ਉਹ ਘਰ ਹੈ ਅੰਮ੍ਰਿਤਾ ਪ੍ਰੀਤਮ ਤੇ ਇਮਰੋਜ਼ ਜੀ ਦਾ। ਉਥੇ ਹੀ ਕਈ ਲੇਖਕ ਵੀ ਮਿਲਣ ਆ ਗਏ। ਦੋ ਤਿੰਨ ਦਿਨ ਤੋਂ ਜ਼ਿਆਦਾ ਕਦੀ ਟਿਕਾ ਵੀ ਨਹੀਂ ਰਿਹਾ। ਪਰ ਐਤਕੀਂ ਪੂਰੇ ਦਸ ਦਿਨ ਸੀ ਤੇ ਗੱਲ ਸਿਰਫ਼ ਮੁਲਾਕਾਤ ਤੱਕ ਹੀ ਸੀਮਿਤ ਨਹੀਂ ਸੀ, ਸਮਾਗਮ ਸੀ ਤੇ ਬੜਾ ਮਹੱਤਵਪੂਰਨ। ਅੰਮ੍ਰਿਤਾ ਪ੍ਰੀਤਮ ਦੀ ਤਾਜ਼ਾ ਕਿਤਾਬ ਅਫ਼ਜ਼ਲ ਤੌਸੀਫ਼ ਦੀਆਂ ਕਹਾਣੀਆਂ ਤੇ ਇੱਕ ਖ਼ਾਸ ਕਹਾਣੀ ਦੇ ਬਾਰੇ ਮੈਂ ਆਈ ਸੀ। ਦੋ ਅਦੀਬਾਵਾਂ, ਇੱਕ ਹਿੰਦੁਸਤਾਨ ਦੀ, ਦੂਸਰੀ ਪਾਕਿਸਤਾਨ ਦੀ। ਇਹ ਹੀ ਕਿਤਾਬ ਨਾਲ ਸਬੰਧਤ। ਬਹੁਤ ਸਾਰੇ ਦੂਸਰੇ ਲੇਖਕ ਸ਼ੌਕ ਵਜੋਂ ਸ਼ਾਮਿਲ ਹੋਏ। ਪੱਤਰਕਾਰ ਤੇ ਸੰਚਾਰ ਸਾਧਨਾਂ ਨਾਲ ਸਬੰਧਤ ਲੋਕ। ਪਰ ਕਰਤਾਰ ਸਿੰਘ ਦੁੱਗਲ, ਜੋ ਸਾਹਮਣੇ ਦੇ ਮਕਾਨ ਵਿਚ ਰਹਿੰਦੇ ਸਨ, ਨਹੀਂ ਸੀ ਆਏ। ਮੈਂ ਦੁੱਗਲ ਦੇ ਕੁਝ ਨਾਟਕ ਟੀ. ਵੀ. ਉੱਤੇ ਦੇਖੇ ਹੋਏ ਸਨ ਤੇ ਕੁਝ ਕਹਾਣੀਆਂ ਵੀ ਪੜ੍ਹੀਆਂ ਹੋਈਆਂ ਸਨ। ਫਿਰ ਵੀ ਇੱਕ ਜ਼ਾਤੀ ਕਹਾਣੀ ਵੀ ਸੁਣ ਰੱਖੀ ਸੀ। ਕਰਤਾਰ ਸਿੰਘ ਦੁੱਗਲ ਦੀ ਬੀਵੀ ਦਾ ਨਾਂ ਆਇਸ਼ਾ ਬੇਗਮ ਹੈ, ਅਰਥਾਤ ਉਹ ਮੁਸਲਮਾਨ ਹੈ ਤੇ ਪ੍ਰਸਿੱਧ ਸ਼ਾਇਰ ਅਲੀ ਸਰਦਾਰ ਜਾਫਰੀ ਦੀ ਬੀਵੀ ਸੁਲਤਾਨਾ ਬੇਗਮ ਦੀ ਛੋਟੀ ਭੈਣ ਹੈ। ਇਹਨਾਂ ਦੀ ਤੀਸਰੀ ਭੈਣ ਲਾਹੌਰ ਵਿਚ ਰਹਿੰਦੀ ਹੈ ਤੇ ਚੌਥੀ ਕਰਾਚੀ ਵਿਚ। ਅਰਥਾਤ ਭੈਣਾਂ ਨੇ ਬੰਬਈ ਤੋਂ ਲੈ ਕੇ ਦਿੱਲੀ, ਲਾਹੌਰ ਤੇ ਕਰਾਚੀ ਤੀਕ ਆਪਣਾ ਫੈਲਾਅ ਕੀਤਾ ਹੋਇਆ ਹੈ।

ਪਰ ਭੈਣਾਂ ਦੀ ਨਹੀਂ, ਗੱਲ ਤਾਂ ਕਰਤਾਰ ਸਿੰਘ ਦੁੱਗਲ ਦੀ ਹੈ, ਜੋ ਪਿੱਛੋਂ ਰਾਵਲਪਿੰਡੀ ਦਾ ਪੰਜਾਬੀ ਹੈ ਤੇ ਵੱਡਾ ਲੇਖਕ। ਅੱਜਕੱਲ ਮੈਂਬਰ ਪਾਰਲੀਮੈਂਟ ਵੀ ਹੈ। ਇਸ ਤੋਂ ਪਹਿਲਾਂ ਦੋ ਵਾਰ ਦਿੱਲੀ ਤੋਂ ਵਾਪਿਸ ਆਉਂਦੇ ਹੋਏ, ਮੈਨੂੰ ਇਹ ਖ਼ਿਆਲ ਜ਼ਰੂਰ ਆਇਆ ਸੀ ਕਿ ਸਾਹਮਣੇ ਰਹਿੰਦੇ ਇੱਕ ਪ੍ਰਸਿੱਧ ਪੰਜਾਬੀ ਲੇਖਕ ਨਾਲ ਕਿਉਂ ਨਾ ਮਿਲੀ। ਪਰ ਇਸ ਵਾਰ ਤਾਂ ਪੱਕਾ ਇਰਾਦਾ ਵੀ ਸੀ ਤੇ ਮੌਕਾ ਵੀ ਸੀ ਕਿ ਅਲੀ ਸਰਦਾਰ ਜਾਫਰੀ ਦੀ ਮੌਤ ਹੋ ਚੁੱਕੀ ਸੀ। ਮੈਂ ਜੋ ਉਸ ਦੇ ਬਾਰੇ ਲਿਖਿਆ ਸੀ, ਉਸ ਦੀ ਨਕਲ ਵੀ ਨਾਲ ਲੈ ਗਈ ਸੀ। ਆਇਸ਼ਾ ਬੇਗਮ ਦੇ ਭਣਵਈਏ ਦਾ ਅਫਸੋਸ ਤਾਂ ਇੱਕ ਗੱਲ ਸੀ, ਅਸਲ ਗੱਲ ਤਾਂ ਦੋ ਲੇਖਕਾਂ ਦੀ ਮੁਲਾਕਾਤ ਸੀ। ਅੰਮ੍ਰਿਤਾ ਜੀ ਨਾਲ ਜ਼ਿਕਰ ਕੀਤਾ ਤਾਂ ਉਹਨਾਂ ਨੇ ਦੱਸਿਆ ਕਿ ਉਹਨਾਂ ਦੀ ਆਪੋ ਵਿਚ ਬਣਦੀ ਨਹੀਂ ਹੈ। ਉਹ ਤਾਂ ਆਉਣਗੇ ਨਹੀਂ। ਤੂੰ ਹੀ ਚਲੀ ਜਾਹ। ਘਰ ਤਾਂ ਸਾਹਮਣੇ ਹੀ ਹੈ, ਫਿਰ ਵੀ ਇਮਰੋਜ਼ ਜੀ ਗੇਟ ਤੱਕ ਛੱਡ ਆਏ।

ਦੁੱਗਲ ਸਾਹਿਬ ਘਰ ਦੇ ਅਹਾਤੇ ਵਿਚਲੇ ਆਪਣੇ ਬਗੀਚੇ ਵਿਚ ਟਹਿਲ ਰਹੇ ਸੀ। ਪਰ ਮੇਰਾ ਸਵਾਗਤ ਕਰਨ ਲਈ ਉਹਨਾਂ ਦੀ ਬੀਵੀ ਤੇ ਖ਼ੂਬਸੂਰਤ ਜਿਹਾ ਭੂਰਾ ਕੁੱਤਾ ਬਾਹਰ ਆ ਗਏ। ਆਇਸ਼ਾ ਕਦੇ ਖ਼ੂਬਸੂਰਤ ਔਰਤ ਹੋਵੇਗੀ। ਹੁਣ ਤਾਂ ਖ਼ੂਬਸੂਰਤ ਨਾਨੀ ਦਾਦੀ ਬਣ ਚੁੱਕੀ ਸੀ। ਕੁੱਤਾ ਜੋ ਖਿਡੌਣੇ ਜਿਹਾ ਸੀ, ਛੋਟੀਆਂ-ਛੋਟੀਆਂ ਧਮਕੀਆਂ ਦਿੰਦਾ ਮੇਰੇ ਪਿੱਛੇ ਡਰਾਇੰਗ ਰੂਮ ਤੀਕ ਆਇਆ ਤੇ ਮੈਂ ਵੀ ਉਸ ਨੂੰ ਜਵਾਬੀ ਧਮਕੀ ਦੇ ਮਾਰੀ। "ਬੱਚੇ ਤੂੰ ਏਨਾ ਛੋਟਾ ਤੇ ਪਿਆਰਾ ਹੈਂ ਕਿ ਮੈਂ ਤੈਨੂੰ ਪਰਸ ਵਿਚ ਪਾ ਕੇ ਲਾਹੌਰ ਲੈ ਜਾਵਾਂਗੀ।" ਅਜੀਬ ਗੱਲ ਹੈ ਕਿ ਏਸੇ ਵਕਤ ਉਹ ਜਾਨਵਰ ਸ਼ਾਂਤ ਹੋ ਕੇ ਆਪਣੀ ਮਾਲਕਣ ਦੇ ਪੈਰਾਂ ਨਾਲ ਲੱਗ ਕੇ ਬੈਠ ਗਿਆ। ਆਇਸ਼ਾ ਬੇਗਮ ਨੇ ਚਾਹ-ਪਾਣੀ ਪੁੱਛਿਆ ਤੇ ਲਾਹੌਰ ਦਾ ਹਾਲ ਵੀ ਪੁੱਛਿਆ। ਸਾਡੇ ਦੋਹਾਂ ਵਿਚਕਾਰ ਹੋਰ ਜ਼ਿਆਦਾ ਗੱਲਾਂ ਹੋ ਵੀ ਨਹੀਂ ਸਕਦੀਆਂ ਸਨ। ਅਲੀ ਸਰਦਾਰ ਜਾਫਰੀ ਦੀ ਗੱਲ ਛੇੜ ਦਿੱਤੀ। ਏਨੇ ਵਿਚ ਦੁੱਗਲ ਸਾਹਿਬ ਤਸ਼ਰੀਫ ਲੈ ਆਏ। ਉਹ ਅੰਦਰੋਂ ਤਿਆਰ ਹੋ ਕੇ ਆਏ ਸਨ। ਮੇਰਾ ਖ਼ਿਆਲ ਤਾਂ ਇਹੀ ਸੀ ਕਿ ਉਹਨਾਂ ਨੇ ਇੱਕ ਪਾਕਿਸਤਾਨੀ ਮਹਿਮਾਨ ਦੇ ਸਾਹਮਣੇ ਆਉਣ ਲਈ, ਲਿਬਾਸ ਬਦਲ ਕੇ ਆਪਣੇ ਆਪ ਨੂੰ ਤਿਆਰ ਕੀਤਾ ਸੀ, ਪਰ ਉਹ ਤਾਂ ਕੁਝ ਹੋਰ ਤਿਆਰੀ ਵੀ ਕਰ ਕੇ ਆਏ ਸੀ। ਪੈਂਟ ਕਮੀਜ਼ ਤੇ ਪੱਗੜੀ ਤੋਂ ਬਿਨਾਂ ਉਹ ਸ਼ਬਦੀ

ਹਥਿਆਰਾਂ ਨਾਲ ਲੈਸ ਹੋ ਕੇ ਵੀ ਆਏ ਸੀ।

ਆਉਂਦੇ ਹੀ ਉਹਨਾਂ ਨੇ ਫਾਇਰ ਕੀਤਾ। ਸਗੋਂ ਇਹ ਸੁਣਨ ਦੇ ਨਾਲ ਹੀ ਕਿ ਮੈਂ ਪਾਕਿਸਤਾਨ ਤੋਂ ਆਈ ਹਾਂ ਤੇ ਅੰਮ੍ਰਿਤਾ ਪ੍ਰੀਤਮ ਦੀ ਮਹਿਮਾਨ ਹਾਂ। ਆਪਣੀ ਭਰੀ ਬੰਦੂਕ ਦਾ ਮੂੰਹ ਮੇਰੇ ਵੱਲ ਕਰ ਦਿੱਤਾ। "ਆਪ ਦੇ ਮੁਲਕ ਵਿਚ ਤਾਂ ਮਾਰਸ਼ਲ-ਲਾ ਹੀ ਲੱਗਦੇ ਰਹਿੰਦੇ ਨੇ ਤੇ ਆਪ ਲੋਕ ਜਰਨੈਲਾਂ ਨੂੰ ਸਲਾਮੀਆਂ ਦਿੰਦੇ ਰਹਿੰਦੇ ਹੋ।"

ਦੁੱਗਲ ਦੀ ਇਹ ਗੱਲ ਮੇਰੇ ਠਾਹ ਕਰਕੇ ਵੱਜੀ ਤੇ ਪ੍ਰਤੀਤ ਹੋਇਆ ਕਿ ਉਹ ਗੋਲੀ ਨਹੀਂ, ਬੰਬ-ਗੋਲਾ ਸੀ। ਕਿਸੇ ਬੋਫਰ ਤੋਪ ਤੋਂ ਦਾਗਿਆ ਗਿਆ ਜਾਂ ਮਿਗ ਫਾਈਟਰ ਤੋਂ ਸੁੱਟਿਆ ਗਿਆ। ਗੋਲਾ ਫਟ ਗਿਆ। ਪਰ ਇਸ ਨਾਲ ਮੇਰੀ ਛਾਉਣੀ ਦੀ ਰਖਵਾਲੀ ਲਾਈਨ ਦੇ ਨਾਲ-ਨਾਲ ਹਮਲਾਵਰ ਤੋਪਾਂ ਵੀ ਭੜਨ ਪਈਆਂ ਤੇ ਸੱਚੀ ਗੱਲ ਤਾਂ ਇਹ ਹੈ ਕਿ ਦੁੱਗਲ ਸਾਹਿਬ ਦੇ ਕੋਲ ਬੱਸ ਇੱਕ ਹੀ ਗੋਲੀ ਸੀ ਤੇ ਢਾਲ ਦਾ ਰੱਬ ਜਾਣੇ ਤੇ ਉਹ ਬੇਖ਼ਬਰੀ ਤੇ ਘੱਟ-ਜਾਣਕਾਰੀ ਦੇ ਨਾਲ ਤੁਅੱਸਬ ਦੀ ਦਲਦਲੀ ਥਾਂ ਉੱਤੇ ਖੜੇ ਸੀ। ਨਾ ਜਾਣੇ ਮਾਨਦਨ, ਨਾ ਜਾਣੇ ਰਫਤਾਨ। ਮੈਂ ਸੰਭਲ ਕੇ ਗੱਲ ਸ਼ੁਰੂ ਕੀਤੀ ਤੇ ਪਹਿਲਾਂ ਹਮਲਾ ਕਰਦੇ ਹੋਏ ਸਵਾਲ ਦੀ ਕਲਾਸ਼ਨੀਕੋਵ ਚਲਾ ਦਿੱਤੀ। "ਦੁੱਗਲ ਸਾਹਿਬ ਸੱਚ ਦੱਸਿਓ, ਤੁਸੀਂ ਪਾਕਿਸਤਾਨ ਦੇ ਲੋਕਾਂ ਦੀ 'ਲੋਕ ਰਾਜ ਲਿਆਓ' ਤੇ 'ਲੋਕ ਰਾਜ ਬਚਾਓ' ਦੀ ਲੰਮੀ ਜੱਦੋ-ਜਹਿਦ (ਸੰਘਰਸ਼) ਦੇ ਬਾਰੇ ਵਿਚ ਕੁਝ ਵੀ ਨਹੀਂ ਸੁਣਿਆ। ਤੁਸੀਂ 1967 ਤੋਂ 1977 ਤੀਕ ਤੇ ਅੱਗੇ 1988 ਤੀਕ ਕਦੇ ਖ਼ਬਰਾਂ ਹੀ ਨਹੀਂ ਸੁਣੀਆਂ, ਬੀ. ਬੀ. ਸੀ ਤੇ ਵਾਇਸ-ਆਫ਼-ਜਰਮਨੀ, ਸੀ. ਐੱਨ. ਐੱਨ., ਚੱਲੋ ਛੱਡੋ। ਖ਼ੁਦ ਆਪਣੇ ਭਾਰਤੀ ਮੀਡੀਏ ਨੂੰ ਵੀ ਨਹੀਂ ਸੁਣਿਆ? ਇਸ ਉੱਤੇ ਤੇ ਸਭ ਕੁਝ ਆਉਂਦਾ ਰਿਹਾ ਹੈ। ਮਾਰਸ਼ਲ-ਲਾ ਨੂੰ ਸਲਾਮ ਕਰਨ ਵਾਲਿਆਂ ਨਾਲੋਂ ਤਾਂ ਵੱਧ ਹਾਲ ਤਾਂ ਮਾਰਸ਼ਲ-ਲਾ ਵਿਰੁੱਧ ਲੜਨ ਵਾਲਿਆਂ ਦਾ ਨਾਮ ਬਨਾਮ ਆਉਂਦਾ ਰਿਹਾ ਹੈ। ਉਹ ਲੱਖਾਂ ਲੋਕਾਂ ਦੇ ਮੁਜ਼ਾਹਰੇ ਉਹ ਸ਼ਾਨਦਾਰ ਤਹਿਰੀਰਾਂ, ਉਹ ਲੋਕ-ਰਾਜ ਲਈ ਜਲਸੇ, ਉਹ ਪੁਲਸ ਦੀਆਂ ਲਾਠੀਆਂ ਖਾਣ ਵਾਲੇ ਮਜ਼ਬੂਤ ਮੋਢੇ। ਉਹ ਗੋਲੀਆਂ ਖਾਣ ਵਾਲੇ ਚੌੜੇ ਸੀਨੇ, ਉਹ ਭਰੀਆਂ ਹੋਈਆਂ ਜੇਲ੍ਹਾਂ, ਉਹ ਦੇਸ਼-ਨਿਕਾਲੇ। ਉਹ ਕੈਦਾਂ ਕੋੜਿਆਂ ਦੀ ਭਿਆਨਕ ਪ੍ਰਕਿਰਿਆ। ਉਹ ਫਾਂਸੀਆਂ, ਉਹ ਸਿਆਸੀ ਕਤਲ। ਇੱਕ ਲੰਮੇ ਅਰਸੇ ਤੀਕ ਫੈਲਦਾ ਚਲਿਆ ਗਿਆ ਇਹ ਸਭ ਕੁਝ। ਤੁਸੀਂ ਉਸ ਵਕਤ ਕਿੱਥੇ ਸੀ ਦੁੱਗਲ ਸਾਹਿਬ? ਜਦ ਸਾਰੀ ਦੁਨੀਆ ਆਪਣੇ-ਆਪਣੇ ਮੀਡੀਏ ਉੱਤੇ ਬੋਲ ਰਹੀ ਸੀ, ਚੀਖ ਰਹੀ ਸੀ। ਜਦੋਂ ਕਲਮ ਉੱਤੇ ਸੈਂਸਰ ਸੀ ਤੇ ਸ਼ਹਿਰ ਉੱਤੇ ਜ਼ੁਬਾਨਬੰਦੀ ਦਾ ਕਾਨੂੰਨ ਲਾਗੂ ਸੀ ਤਾਂ ਉਸ ਵਕਤ ਤੁਸੀਂ ਕਿੱਥੇ ਸੀ? ਅਸਾਂ ਵਿਰੋਧ ਕੀਤਾ, ਲੋਕ-ਰਾਜ ਦੀ ਬਹਾਲੀ ਲਈ ਮੁਜਾਹਮਤੀ (ਵਿਰੋਧ ਦਾ) ਸਾਹਿਤ ਲਿਖਿਆ, ਜੋ ਦੁਨੀਆ ਵਿਚ ਮੰਨਿਆ ਗਿਆ। ਕੀ ਤੁਹਾਨੂੰ ਪਤਾ ਹੈ ਕਿ ਪਾਕਿਸਤਾਨ ਦਾ ਨਾਂ ਮੁਜ਼ਾਹਮਤੀ (Resistance Literature) ਲਿਖਣ ਵਾਲਿਆਂ ਦੀ ਸੂਚੀ ਵਿਚ ਕਿੱਥੇ ਕੁ ਆਉਂਦਾ ਹੈ? ਵੀਅਤਨਾਮ, ਈਰਾਨ ਤੇ ਫਲਸਤੀਨ ਦੇ ਪਿੱਛੋਂ ਅਸੀਂ ਹੀ ਹਾਂ, ਕਲਮ ਨਾਲ ਲੜਨ ਵਾਲੇ। ਤੁਸੀਂ ਸਾਨੂੰ ਨਹੀਂ ਜਾਣਦੇ, ਦੁੱਗਲ ਸਾਹਿਬ! ਤਾਂ ਕੀ ਤੁਸੀਂ ਸਾਡੇ ਲੋਕ-ਰਾਜ ਦੇ ਸ਼ਹੀਦਾਂ ਨੂੰ ਵੀ ਨਹੀਂ ਜਾਣਦੇ। ਤੁਸੀਂ ਜ਼ੁਲਫਕਾਰ ਅਲੀ ਭੁੱਟੋ ਦਾ ਨਾਮ ਨਹੀਂ ਸੁਣਿਆ? ਤੁਹਾਡੇ ਮੁਲਕ ਵਿਚ ਆਇਆ ਸੀ। ਉਹ ਸਾਡਾ ਵਜ਼ੀਰੇ-ਆਜ਼ਮ ਸੀ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਸਮਝੌਤਾ ਉਹੀ ਕਰ ਕੇ ਗਿਆ ਸੀ। ਉਸ ਦੀ ਫਾਂਸੀ ਨਾਲ ਦੁਨੀਆ ਹਿੱਲ ਗਈ ਸੀ ਤੇ ਫੇਰ ਵੀ ਉਸ ਦੇ ਪਿੱਛੋਂ ਮੁਜ਼ਾਹਮਤ ਦੀ ਲਹਿਰ ਦੱਬੀ ਨਹੀਂ, ਰੁਕੀ ਨਹੀਂ। ਫਾਸੀਆਂ ਦੇ ਸਿਲਸਿਲੇ ਲੰਮੇ ਹੋਏ ਤਾਂ ਜਵਾਨਾਂ ਤੋਂ ਲੰਘ ਕੇ ਬੱਚਿਆਂ ਤੀਕ ਪਹੁੰਚੇ, ਕਿਉਂਕਿ ਸਾਡੇ ਬੱਚੇ ਵੀ ਲੜ ਰਹੇ ਸੀ। ਅਦਰੀਸ ਤੂਤੀ ਦਾ ਨਾਂ ਤਾਂ ਸਾਰੀ ਦੁਨੀਆ ਵਿਚ ਗੂੰਜਿਆ ਸੀ। ਏਨੀ ਛੋਟੀ ਉਮਰ ਵਿਚ ਫਾਂਸੀ ਤੇ ਉਹ ਆਯਾਜ਼ ਸੰਮੂ, ਰਿਜ਼ਾਕ ਝਰਨਾ, ਉਹ ਜਵਾਨ ਰੁਮਾਨਾ ਤੇ ਉਹ ਵਿਧਵਾਵਾਂ, ਉਹ ਕੈਦੀ ਔਰਤਾਂ, ਨੁਸਰਤ ਭੁੱਟੋ, ਹਮੀਦਾ, ਘਾਂਹਰੂ ਜੇਹੀਆਂ ਔਰਤਾਂ"।



ਤੁਸੀਂ ਕੁਝ ਵੀ ਨਹੀਂ ਸੁਣਿਆ? ਕੀ ਕਰ ਰਹੇ ਸੀ ਤੁਸੀਂ ਉਹਨਾਂ ਦਿਨਾਂ ਵਿਚ? ਸ਼ਾਇਦ ਦਿੱਲੀ ਵਿਚ ਆਪਣੀ ਕੋਠੀ ਬਣਵਾ ਰਹੇ ਸੀ। ਜਾਂ ਦੂਸਰਾ ਇਸ਼ਕ ਕਰ ਰਹੇ ਸੀ? ਪਰ ਇਹ ਸੁਣ ਕੇ ਵੀ ਕਰਤਾਰ ਸਿੰਘ ਦੁੱਗਲ ਦੇ ਚਿਹਰੇ ਉੱਤੇ ਕੋਈ ਅਸਰ ਨਹੀਂ ਹੋਇਆ ਤਾਂ ਮੈਂ ਕੁਝ ਕਿਤਾਬਾਂ ਦਾ ਨਾਂ ਲਿਆ, ਜੋ ਉਸ ਦੌਰ ਵਿਚ ਲਿਖੀਆਂ ਗਈਆਂ। ਉਹ ਕਹਾਣੀਆਂ, ਦਾਸਤਾਨਾਂ, ਜ਼ੁਲਮ ਤੇ ਜਬਰ ਦੇ ਖਿਲਾਫ਼ ਲਿਖਣ ਵਾਲੇ ਸ਼ਾਇਰ ਦਾ ਕਤਲ। ਕਲਾਕਾਰ ਦੀ ਫਾਂਸੀ, ਸ਼ਾਮਲੋਂ ਦੀ ਕਹਾਣੀ ਤਾਂ ਮੈਂ ਹੀ ਲਿਖੀ ਸੀ। ਪੋਸਟ ਮਾਰਟਮ ਰਿਪੋਰਟ ਵੀ ਮੈਂ ਹੀ ਲਿਖੀ ਸੀ, ਨਿਹਮਤ ਅਹਿਮਦ ਨੇ ਲਿਖਿਆ ਸੀ

"ਅੱਜ ਸਾਡੀ ਪੈਲੀ ਬੰਨੇ ਬੰਦੂਕਾਂ ਉੱਗ ਆਈਆਂ। ਫ਼ਖ਼ਰ ਜ਼ਮਾਨ ਨੇ ਬੰਦੀਵਾਨ ਲਿਖਿਆ ਤੇ ਜੇਲ੍ਹ ਵਿਚ ਲਿਖਿਆ ਸੈਂਕੜੇ, ਹਜ਼ਾਰਾਂ ਨੇ ਲਿਖਿਆ ਤੇ ਉਹ ਕਿਤਾਬ ਜੋ ਫਾਂਸੀ ਦੀ ਕੋਠੜੀ ਵਿਚ ਲਿਖੀ ਗਈ। ਇਸ ਨੂੰ ਸਭ ਤੋਂ ਪਹਿਲਾਂ ਹਿੰਦੁਸਤਾਨ ਨੇ ਛਾਪਿਆ ਸੀ। ਮੇਰੇ 'ਕਤਲ ਕੇ ਬਾਅਦ' ਕਿਸ ਕਦਰ ਸੱਚ ਲਿਖਿਆ ਸੀ। ਉਹੋ ਕੁਝ ਹੋਇਆ ਸੀ ਤੇ ਹੁਣ ਤੀਕ ਹੁੰਦਾ ਚਲਿਆ ਜਾ ਰਿਹਾ ਹੈ। ਲੋਕਾਂ ਦੇ ਦਿਲ-ਦਿਮਾਗ ਦੀ ਮੁਕਤੀ ਦੀ ਘੜੀ ਹਾਲੀਂ ਨਹੀਂ ਆਈ। ਪਰ ਕਿਹੋ ਜਿਹੇ ਬੇਖ਼ਬਰ ਹੋ? ਕੈਸੇ ਕਲਮਕਾਰ ਹੋ? ਹੁਣ ਤਾਂ ਮੈਂਬਰ ਪਾਰਲੀਮੈਂਟ ਵੀ ਹੋ। ਕੀ ਭਾਰਤ ਦੀ ਲੋਕ-ਸਭਾ ਵਿਚ ਅਜਿਹੇ ਬੇਖ਼ਬਰ ਲੋਕ ਹੁੰਦੇ ਹਨ? ਮੇਰਾ ਗੁੱਸਾ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੋ ਰਿਹਾ ਸੀ। ਵੱਡੀਆਂ-ਵੱਡੀਆਂ ਗਾਲ੍ਹਾਂ ਕੱਢੀਆਂ ਸੀ ਉਹਨਾਂ ਨੇ। ਜਬਰ ਦੇ ਵਿਰੁੱਧ ਲੜਨ ਵਾਲਿਆਂ ਨੂੰ, ਨਾ ਜਾਨਣ ਦਾ ਇਹ ਮਤਲਬ ਤੇ ਨਹੀਂ ਕਿ ਸਭ ਨੂੰ ਜਬਰ ਦੇ ਪੁਜਾਰੀ ਕਹਿ ਦਿੱਤਾ ਜਾਵੇ ਤੇ ਇਹ ਬੇਅਦਬੀ ਇੱਕ ਅਜਿਹੇ ਆਦਮੀ ਵਲੋਂ ਹੋਵੇ, ਜੋ ਆਪਣੇ ਆਪ ਨੂੰ ਲੇਖਕ ਅਖਵਾਉਂਦਾ ਹੈ। ਜ਼ਿੰਦਗੀ ਤੋਂ ਕੱਟੇ ਹੋਏ ਅਦੀਬ (ਲੇਖਕ) ਅਜਿਹੇ ਹੀ ਹੁੰਦੇ ਹਨ। ਸ਼ਾਇਦ ਮੈਂ ਅਜੇ ਸੋਚ ਹੀ ਰਹੀ ਸੀ ਕਿ ਦੁੱਗਲ ਸਾਹਿਬ ਨੇ ਆਖਰੀ ਗੋਲੀ ਵੀ ਦਾਗ ਦਿੱਤੀ।

"ਤੁਹਾਡੇ ਮੁੱਲਾਂ, ਮੌਲਵੀ, ਤੁਹਾਡੇ ਆਤੰਕਵਾਦੀ ....... ਭਾਰਤ ਦੇ ਖ਼ਿਲਾਫ ਕੀ ਕੁਝ ਕਰਦੇ ਹਨ। ਤੁਸੀਂ ਇਹਨਾਂ ਨੂੰ ਕੁਝ ਨਹੀਂ ਕਹਿੰਦੇ?"

"ਅਸੀਂ ਇਹਨਾਂ ਨੂੰ ਕਿਵੇਂ ਕੁਝ ਕਹੀਏ। ਜਦੋਂ ਤੁਸੀਂ ਆਪਣੀ ਬੀ. ਜੇ. ਪੀ., ਵਿਸ਼ਵ ਹਿੰਦੂ ਪ੍ਰੀਸ਼ਦ, ਬਾਲ ਠਾਕਰੇ ਤੇ ਸ਼ਿਵ-ਸੈਨਾ ਨੂੰ ਕੁਝ ਨਹੀਂ ਕਹਿੰਦੇ।"

ਮੇਰੇ ਇਸ ਜਵਾਬ ਨਾਲ ਦੁੱਗਲ ਸਾਹਿਬ ਦੇ ਚਿਹਰੇ ਉੱਤੇ ਦੀ ਬੇਹਿਸੀ ਕੁਝ ਘਟ ਗਈ। ਉਹਨਾਂ ਨੇ ਪਾਸਾ ਬਦਲਿਆ ਅਤੇ ਮੈਨੂੰ ਇਕ ਛੋਟੇ ਮੈਦਾਨ ਵਿਚ ਲਿਆ ਕੇ ਸੁਲਾਹ ਦੀ ਪੇਸ਼ਕਸ਼ ਕਰਨ ਹੀ ਵਾਲੇ ਸਨ ਕਿ ਉਹਨਾਂ ਕੋਲੋਂ ਫਿਰ ਇਕ ਗਲਤੀ ਹੋ ਗਈ, ਬੋਲੇ

"ਸ਼ਿਵ ਸੈਨਾ ਪੰਜਾਬ ਵਿਚ ਤੇ ਨਹੀਂ ਹੈ ਨਾ। ਪਰ ਦੋਸਤੀ ਬੱਸ ਉੱਤੇ ਹਮਲਾ ਤਾਂ ਪੰਜਾਬ ਦੇ ਇਲਾਕੇ ਵਿਚ ਹੋਇਆ ਤੇ ਸ਼ਿਵ-ਸੈਨਾ ਨੇ ਉਹ ਹਮਲਾ ਕੀਤਾ। ਬੰਗਾਲ ਵਿਚ ਵੀ।" ਕਹਿੰਦੇ ਨੇ ਸ਼ਿਵ ਸੈਨਾ ਨਹੀਂ ਹੈ। ਪਰ ਕਲਕੱਤੇ ਵਿਚ ਪਾਕਿਸਤਾਨੀ ਟੀਮ ਨੂੰ ਪ੍ਰੇਸ਼ਾਨ ਕਿਸ ਨੇ ਕੀਤਾ? ਮੇਰੇ ਵਲੋਂ ਦਾਗੇ ਇਹਨਾਂ ਤੋਪ ਦੇ ਗੋਲਿਆਂ ਤੋਂ ਬਚਣ ਲਈ ਦੁੱਗਲ ਸਾਹਿਬ ਫਿਰ ਪੰਜਾਬ ਦੀ ਸ਼ਰਨ ਵਿਚ ਜਾਣ ਲੱਗੇ ਹੀ ਸਨ ਕਿ ਉੱਥੇ ਵੀ ਆਪਣੀ ਬੇਖ਼ਬਰੀ, ਲਾਇਲਮੀ ਤੇ ਬੇਹਿਸੀ ਦੇ ਖੋਭੇ ਵਿਚ ਫਸ ਗਏ।

ਪੰਜਾਬ ਦੇ ਬਾਰੇ ਵਿਚ ਤੁਸੀਂ ਜਾਣਦੇ ਹੀ ਕਿੰਨਾ ਕੁ ਹੋ? ਮੈਂ ਵੀ ਆਪਣੇ ਤੋਪਖਾਨੇ ਦਾ ਰੁਖ਼ ਬਦਲ ਲਿਆ। ਪੰਜਾਬ ਵਿਚ ਪੰਦਰਾਂ ਸਾਲ ਗੋਲੀ ਚੱਲਦੀ ਰਹੀ ਤੇ ਪੰਦਰਾਂ ਲੱਖ (ਅੰਕੜੇ ਠੀਕ ਨਹੀਂ - ਅਨੁਵਾਦਕ) ਤੋਂ ਜ਼ਿਆਦਾ ਨੌਜਵਾਨ ਮਾਰੇ ਗਏ। ਸ਼ਾਇਦ ਏਨੇ ਹੀ ਬਾਹਰ ਭੱਜ ਗਏ।" ਇਹ ਤਾਂ ਤੁਸੀਂ ਸੁਣੀ ਸੁਣਾਈ ਗੱਲ ਕਰ ਰਹੇ ਹੋ। ਉਹ ਕੁਝ ਬੇਬਸੀ ਵਿਚ ਮਿਣਮਿਣਾਏ। "ਸੁਣੀ ਸੁਣਾਈ" ਇਹ ਅਨੁਮਾਨ ਤਾਂ ਇੰਡੀਅਨ ਐਕਸਪ੍ਰੈੱਸ ਨੇ ਖ਼ੁਦ ਛਾਪੇ ਹਨ। ਮੈਂ ਕਿਹਾ "ਉਹ ਤਾਂ ...... ਉਹ ਤਾਂ ਪਾਕਿਸਤਾਨ ਦੀ ਸਾਜਿਸ਼" ਉਹ ਹਕਲਾਏ। ਪਰ ਮੈਂ ਬੱਸ ਨਹੀਂ ਕੀਤੀ ਤੇ ਨਵਾਂ ਸਵਾਲ ਦਾਗ ਦਿੱਤਾ।

ਤੁਸੀਂ ਜਾਣਦੇ ਹੋ ਕਿ ਅੱਜ ਪੰਜਾਬ ਦੀ ਕੀ ਹਾਲਤ ਹੈ। ਕੀ ਇਹ ਵੀ ਪਾਕਿਸਤਾਨ ਦੀ ਸਾਜ਼ਿਸ਼ ਹੈ ਕਿ ਚੜ੍ਹਦੇ ਪੰਜਾਬ ਦੀ ਆਬਾਦੀ ਤਬਦੀਲ ਕੀਤੀ ਜਾ ਰਹੀ ਹੈ। ਪੰਜਾਬੀ ਪੰਜਾਬ ਵਿਚ 'ਘੱਟ-ਗਿਣਤੀ' ਬਣ ਰਿਹਾ ਹੈ। ਬਿਹਾਰੀ ਤੇ ਰਾਜਸਥਾਨੀ (?) ਲੋਕਾਂ ਨੂੰ ਏਨੀ ਗਿਣਤੀ ਵਿਚ ਪੰਜਾਬ ਵਿਚ ਆਬਾਦ ਕੀਤਾ ਜਾ ਰਿਹਾ ਹੈ ਕਿ ਪੰਜਾਬ ਦਾ ਚਿਹਰਾ ਹੀ ਬਦਲ ਜਾਵੇ। ਸਗੋਂ ਬਦਲ ਹੀ ਚੁੱਕਾ ਹੈ। ਖੇਤ, ਫੈਕਟਰੀ ਤੇ ਸੜਕ ਤਿੰਨਾਂ ਥਾਵਾਂ ਉੱਤੇ ਇਹ ਬਿਹਾਰੀ ਆਬਾਦੀ ਦਾ ਕਬਜ਼ਾ ਹੋ ਚੁੱਕਾ। ਕਈ ਇੰਡਸਟਰੀਅਲ ਸ਼ਹਿਰ ਬਿਹਾਰੀ ਬਹੁ-ਗਿਣਤੀ ਦੇ ਸ਼ਹਿਰ ਬਣ ਚੁੱਕੇ। ਤੇ ਪੰਜਾਬ ਹੈ ਈ ਕਿੰਨਾ? ਹਰਿਆਣਾ ਤੇ ਹਿਮਾਚਲ ਕੱਟ ਲੈਣ ਤੋਂ ਪਿੱਛੋਂ ਬਚਿਆ ਹੀ ਕੀ? ਛੇ ਜ਼ਿਲੇ ਨਾ। ਤੇ ਉਹ ਵੀ ਅੱਧਾ ਸਿੱਖ, ਅੱਧਾ ਬਿਹਾਰੀ। ਮੇਰੇ ਨਾਨਕਿਆਂ ਦਾ ਸ਼ਹਿਰ ਲੁਧਿਆਣਾ ਤਾਂ ਹੁਣ ਛੋਟਾ ਪਟਨਾ ਹੈ।"

ਦੁੱਗਲ ਸਾਹਿਬ ਕਾਫ਼ੀ ਸਖ਼ਤਜਾਨ ਨਿਕਲੇ। ਸਿਰ ਪਰਨੇ ਡਿੱਗੇ, ਪਰ ਜ਼ੁਬਾਨ ਤੋਂ ਹਾਰ ਨਹੀਂ ਮੰਨੀ ਤੇ ਆਖ਼ਰੀ ਹਮਲਾ ਕਰ ਹੀ ਦਿੱਤਾ, "ਤੁਹਾਡੇ ਪੰਜਾਬ ਵਿਚ ਤਾਂ ਪੰਜਾਬੀ ਕਲਚਰ ਹੀ ਖ਼ਤਮ ਹੋ ਚੁੱਕਿਆ ਹੈ। ਸਭ ਉਰਦੂ ਹੀ ਉਰਦੂ ਹੋ ਗਿਆ ਹੈ। ਇਹ ਵਾਰ ਮੇਰੇ ਲਈ ਡੂੰਘਾ ਸੀ, ਪਰ ਮੈਂ ਦੌੜ ਲਗਾਉਣ ਤੋਂ ਪਹਿਲਾਂ ਏਨਾ ਜ਼ਰੂਰ ਕਿਹਾ, "ਠੀਕ ਹੈ, ਦੁੱਗਲ ਸਾਹਿਬ, ਦੇਸ਼ ਦੀ ਵੰਡ ਵਿਚ ਨੁਕਸਾਨ ਸਿਰਫ਼ ਪੰਜਾਬ ਦੀ ਤਕਦੀਰ ਬਣਿਆ ਸੀ, ਪਰ ਇਸ ਦੇ ਜ਼ਿੰਮੇਵਾਰ ਖ਼ੁਦ ਪੰਜਾਬੀ ਹੀ ਰਹੇ। ਕੁਝ ਬੇਖ਼ਬਰੀ ਵਿਚ, ਕੁਝ ਬਦਨੀਤੀ ਵਿਚ। ਪਰ ਕੁਝ ਪੰਜਾਬੀ ਤੀਸਰੀ ਪਾਰਟੀ ਦੇ ਵੀ ਹਨ। ਉਹ ਅਸੀਂ ਸਾਰੇ ਹਾਂ। ਜੋ ਲੋਕ-ਰਾਜ ਦੇ ਲਈ ਲੜ ਰਹੇ ਹਾਂ। ਪੰਜਾਬੀ ਜ਼ੁਬਾਨ ਤੇ ਸਭਿਆਚਾਰ ਦੇ ਲੋਕ-ਰਾਜੀ ਹੱਕਾਂ ਲਈ ਵੀ ਮੋਰਚਾਬੰਦ ਹਾਂ। ਗੱਲ ਪੰਜਾਬੀ ਅਖਵਾਉਣ ਦੀ ਨਹੀਂ। ਗੱਲ ਪੰਜਾਬ ਨੂੰ ਬਚਾਉਣ ਦੀ ਹੈ ਅਤੇ ਪੰਜਾਬ ਨਾਮ ਹੈ ਇਕ ਲੋਕਾਈ ਦਾ, ਇਲਾਕੇ ਦਾ, ਇੱਕ ਭਾਸ਼ਾ ਦਾ, ਇੱਕ ਸਭਿਆਚਾਰ ਦਾ ਅਤੇ ਇੱਕ ਇਤਿਹਾਸ ਦਾ ਵੀ। ਤੁਹਾਡੇ ਪੰਜਾਬ ਵਿਚ ਇਲਾਕੇ ਅਤੇ ਲੋਕ ਖ਼ਤਮ ਹੋ ਰਹੇ ਹਨ ਤੇ ਮੇਰੇ ਪੰਜਾਬ ਵਿਚ ਪੰਜਾਬੀ ਜ਼ੁਬਾਨ ਅਤੇ ਸਭਿਆਚਾਰ ਮਿਟ ਰਿਹਾ ਹੈ। ਤੁਸੀਂ ਬੇਖ਼ਬਰ ਤੇ ਬੇਹਿੱਸ ਹੋ। ਪਰ ਮੈਂ ਅਨੁਭਵਸ਼ੀਲ ਤੇ ਬਿਹਬਲ ਹਾਂ। ਤੁਸੀਂ ਆਪਣੀ ਸਥਾਪਤੀ ਦੇ ਨਾਲ ਜੁੜੇ ਹੋਏ ਹੋ। ਮੈਂ ਆਪਣੇ ਲੋਕਾਂ ਦੇ ਨਾਲ ਹਾਂ। ਤੁਸੀਂ ਅਮਨ ਤੇ ਖੁਸ਼ਹਾਲੀ ਦੀ ਜ਼ਿੰਦਗੀ ਦੇ ਮਜ਼ੇ ਲੁੱਟ ਰਹੇ ਹੋ। ਮੈਂ ਜੰਗ ਦੀ ਹਾਲਤ ਵਿਚ ਹਾਂ, ਕਲਮ ਨੂੰ ਤਲਵਾਰ ਬਣਾਈ, ਖਲੋਤੀ ਹਾਂ। ਤੁਸੀਂ ਸਰਕਾਰਾਂ ਤੋਂ ਪੁਰਸਕਾਰ ਤੇ ਅਹੁਦੇ ਲਏ। ਮੈਂ ਸਜ਼ਾ ਭੁਗਤੀ ਤੇ ਮਕਾਨ ਤੋਂ ਵਿਰਵੀ ਹਾਂ। ਪਰ ਮੇਰੀ ਹੈਸੀਅਤ ਬਹੁਤ ਵੱਡੀ ਹੈ। ਤੁਹਾਨੂੰ ਆਪਣੇ ਸੂਬੇ ਦਾ ਪਤਾ ਨਹੀਂ। ਮੈਂ ਤਾਂ ਪੰਜਾਬ ਤੋਂ ਬਿਨਾਂ ਆਪਣੇ ਸਿੰਧ, ਆਪਣੇ ਬਲੋਚਿਸਤਾਨ ਤੇ ਆਪਣੇ ਸਰਹੱਦ ਦੀ ਰੂਹ ਤੋਂ ਵੀ ਵਾਕਿਫ਼ ਹਾਂ। ਮੈਨੂੰ ਪਤਾ ਹੈ ਕਿ ਇਸ ਰੂਹ ਵਿਚ ਕਿੰਨੇ ਝੱਖੜ ਝੁੱਲਦੇ ਨੇ। ਤੇ ਮੈਂ ਚੜ੍ਹਦੇ ਪੰਜਾਬ ਦੇ ਦੁੱਖ ਤੋਂ ਵੀ ਕਦੀ ਦੂਰ ਨਹੀਂ ਰਹੀ। ਅੱਜ ਵੀ ਉਹ ਮੇਰੀ ਜਨਮ-ਭੂਮੀ ਹੋ ਕੇ ਮੇਰਾ ਦੇਸ਼ ਹੈ। ਤੇ ਹਾਂ, ਤੇ ਜੋ ਤੁਸੀਂ ਆਪਣੀ ਐਮਰਜੈਂਸੀ ਦਾ ਤੀਰ ਮਾਰਿਆ ਹੈ। ਇਸ ਦਾ ਜਵਾਬ ਵੀ ਹਾਜ਼ਰ ਹੈ। ਭਾਰਤ ਦੀ ਕੁੱਲ ਤਾਰੀਖ਼ ਵਿਚ ਇੱਕ ਐਮਰਜੈਂਸੀ ਲੱਗੀ ਸੀ। ਇੰਦਰਾ ਗਾਂਧੀ ਜਿਹੀ ਡੈਮੋਕਰੇਟਿਕ (ਲੋਕ-ਰਾਜੀ) ਲੀਡਰ ਨੇ ਹੀ ਆਪਣੇ ਇਕਤਦਾਰ (ਤਾਕਤ) ਦੇ ਇੱਕ ਦੌਰ ਵਿਚ ਲਗਾਈ ਤਾਂ ਸਾਰੇ ਬੁੱਧੀਜੀਵੀ ਝੱਗ ਵਾਂਗ ਬੈਠ ਗਏ। ਸਾਡੇ ਪਾਸੇ ਵੀ ਦਰਬਾਰੀ ਲੇਖਕਾਂ ਦੀ ਘਾਟ ਨਹੀਂ। ਪਰ ਲੋਕਾਂ ਦੇ ਪੱਖੀ ਤਿੰਨ ਮਾਰਸ਼ਲ-ਲਾ ਦੇ ਸਾਹਮਣੇ ਸੀਨਾ ਤਾਣ ਕੇ ਖਲੋਤੇ ਰਹੇ। ਪਰ ਤੁਹਾਨੂੰ ਤੇ ਪਤਾ ਹੀ ਨਹੀਂ। ਤੁਹਾਨੂੰ ਤੇ ਆਪਣੇ ਦੋਸਤ ਅਬਦੁੱਲਾ-ਮਲਕ ਦੀਆਂ ਲਿਖਤਾਂ ਦੇ ਬਾਰੇ ਵਿਚ ਵੀ ਕੁਝ ਪਤਾ ਨਹੀਂ। ਹੋ ਸਕੇ ਤਾਂ "ਇਹਤਸਾਬ" ਦੀਆਂ ਦੋ ਜਿਲਦਾਂ ਹੀ ਪੜ੍ਹ ਲਓ ਜੋ ਉਹਨਾਂ ਨੇ ਖ਼ੁਦ ਸੰਵਾਦ ਤੇ ਪੇਸ਼ ਕੀਤੀਆਂ ਸਨ।

ਤੇ ਮੁਆਫ਼ ਕਰਨਾ, ਦੁੱਗਲ ਸਾਹਿਬ ਮੈਂ ਤੇ ਸਿਰਫ਼ ਹੱਕਾਂ ਦੇ ਹਵਾਲੇ ਨਾਲ ਹੀ ਗੱਲ ਕੀਤੀ ਹੈ। ਜ਼ਾਤੀ ਤੌਰ ਉੱਤੇ ਤੁਹਾਡੀ ਜ਼ਾਤ ਦੇ ਬਾਰੇ ਕੁਝ ਵੀ ਨਹੀਂ ਆਖਿਆ। ਦੁੱਗਲ ਸਾਹਿਬ ਆਪਣੀ ਥਾਂ ਤੋਂ ਹਿੱਲੇ ਨਹੀਂ। ਉਹਨਾਂ ਦੀ ਬੀਵੀ ਮੈਨੂੰ ਗੇਟ ਤੀਕ ਛੱਡਣ ਆਈ। ☀ (ਗੁਜ਼ਰੇ ਥੇ ਹਮ ਜਹਾਂ ਸੇ" ਵਿਚੋਂ)



ਨਜ਼ਮ

## ਰੁਦਰਾਕਸ਼ ਰੋ ਰਿਹਾ ਹੈ

ਚਰਨ ਕੌਸ਼ਲ

ਉਸ ਦਾ ਟੁੱਟਿਆ ਦਿਲ
ਅੱਖਾਂ 'ਚ ਗ਼ਮ ਦੇ ਮੋਤੀ ਲੈ ਕੇ
ਵਕਤ ਦੇ ਦੁਸ਼ਮਣਾਂ ਨੂੰ ਤਲਾਸ਼ਦਾ
ਤੇ ਅਲਾਮਤਾਂ ਦਾ ਪਿੱਛਾ ਕਰਦਾ
ਟਿਕਾਣਾ ਲੱਭ ਰਿਹਾ ਹੈ
ਕਿਉਂਕਿ ਉਸਦਾ ਆਪਣਾ ਕੋਣ
ਘਰ ਦੀ ਖਿੜਕੀ ਉਖਾੜ ਰਿਹਾ ਹੈ?

ਉਸਦਾ ਹਾਰ ਖਾ ਚੁੱਕਿਆ
ਹਰ ਰੋਜ਼ ਸਰੀਰ ਹੁਣ
ਖੁਸ਼ਬੂ ਦਾ ਕਾਫ਼ਲਾ ਨਹੀਂ ਰਿਹਾ
ਜਿਸ ਕਰਕੇ ਉਸ ਦੀ ਔਕਾਤ ਨੇ
ਨੈਣ-ਨਕਸ਼ਾਂ ਨੂੰ ਲਹੂ-ਲੁਹਾਣ
ਕਰ ਦਿੱਤਾ ਹੈ।

ਮੈਂ ਉਸ ਦੇ ਹਨ੍ਹੇਰੇ ਸੰਸਾਰ ਨੂੰ
ਰੌਸ਼ਨ ਕਰਨ ਲਈ ਬਜ਼ਿੱਦ ਹਾਂ
ਕਿਉਂਕਿ ਸੜ ਚੁੱਕਿਆ ਲਿਬਾਸ
ਹੁਣ ਵਕਤ ਦੀ ਜ਼ਰੂਰਤ ਨਹੀਂ ਹੈ
ਇਸੇ ਕਰਕੇ ਤਾਂ ਮੈਂ
ਸ਼ਮ੍ਹਾਂ 'ਤੇ ਜਲ ਰਹੇ ਪ੍ਰਵਾਨਿਆਂ ਨੂੰ

ਉਹਨਾਂ ਦੀ ਸ਼ਹਾਦਤ ਦੀ ਭੂਮਿਕਾ ਦੱਸ
ਉੱਚੀ ਸੁਰ 'ਚ ਮੁਖਾਤਿਬ ਹਾਂ ਕਿ
ਤੁਸੀਂ ਵੀ ਉਸ ਦੇ ਬੁੱਲਾਂ 'ਤੇ ਹਮਲਾ ਕੀਤਾ ਹੈ
ਵਿਚਾਰੀ ਸ਼ਮ੍ਹਾਂ, ਤੁਹਾਡੇ ਨਾਲ
ਹੋਰ ਕੀ ਸਲੂਕ ਕਰਦੀ?

ਮੇਰਾ, ਤੇ ਉਸ ਦਾ ਵੀ
ਜ਼ਿੰਦਗੀ ਦਾ ਬੜਾ ਕਟੂ-ਅਨੁਭਵ ਹੈ
ਕਿ ਬਿਸਤਰ ਤੇ ਬਸਤਰ
ਕਦੇ ਇਕਰਾਰਨਾਮਾ ਨਹੀਂ ਹੁੰਦੇ
ਜੇ ਸਰੀਰ ਗਰਮ ਕਰਨਾ ਹੈ
ਤਾਂ ਧੂਣੀ ਆਪਣੀ ਹੀ ਬਾਲਣੀ ਪਵੇਗੀ
ਜੋ ਹਮੇਸ਼ਾ ਲਈ ਸੂਚੀ 'ਚ ਦਰਜ ਰਹੇਗੀ।

ਮੈਨੂੰ ਭਲੀ ਭਾਂਤ ਪਤਾ ਹੈ
ਕਿ ਉਸਦੇ ਹਾਲਾਤ ਨੇ
ਉਸਨੂੰ ਰਚਨਾਕਾਰ ਨਹੀਂ ਰਹਿਣ ਦਿੱਤਾ
ਤੇ ਅੱਜ ਕੱਲ ਅਤਰ ਵੀ
ਉਸ ਦੀ ਸੰਸਥਾ ਦੇ
ਕਹਾਣੀ - ਕਥਾ 'ਤੇ ਸੁਗੰਧੀਆਂ ਦੀ ਥਾਂ
ਤਲਵਾਰਾਂ ਚੁੱਕੀ ਫਿਰਦੇ ਹਨ।

ਹੁਣ ਉਹ ਰੂ-ਬ-ਰੂ ਹੋਣ ਤੋਂ ਪਹਿਲਾਂ
ਇੱਕ ਮੁਖੀਆ ਰੁਦਰਾਕਸ਼ ਧਾਰਨ ਦੀ
ਕਿਲਕਾਰੀ ਰੋਜ਼ ਮਾਰ ਰਿਹਾ ਹੈ
ਕਿ ਉਸਦਾ ਹਲਟ ਵਰਗਾ ਦਿਲ
ਟਿੰਡਾਂ ਦੇ ਪਾਣੀ ਤੋਂ ਬਾਅਦ ਸ਼ਾਂਤ ਹੋ ਜਾਵੇ
ਪਰ ਉਹ ਦੇਖ ਰਿਹਾ ਹੈ
ਸਿਰਫ਼ ਤੇ ਸਿਰਫ਼ ਰੁਦਰਾਕਸ਼ ਵੱਲ
ਜੋ ਖ਼ੁਦ ਵੀ ਰੋ ਰਿਹਾ ਹੈ।

●●●

ਗਲੀ ਨੰ. 7,
ਕੇ. ਸੀ. ਰੋਡ, ਬਰਨਾਲਾ
ਮੋਬ. 98148-31599

* * *

# ਨਜਮ ਹੁਸੈਨ ਸੱਯਦ ਦਾ ਕਲਾਮ : ਇੱਕ ਲੇਖਾ ਜੋਖਾ

ਹਰਭਜਨ ਸਿੰਘ ਹੁੰਦਲ

ਫ਼ਜਰ ਹੋਵੇ ਤੇ ਆਖੀਏ ਬਿਸਮਿੱਲਾ
ਅੱਜ ਦੌਲਤਾਂ ਸਾਡੇ ਘਰ ਆਈਆਂ ਨੇ।

**ਫ਼ੈਜ਼ ਅਹਿਮਦ ਫ਼ੈਜ਼**

1

ਨਜਮ ਹੁਸੈਨ ਸੱਯਦ ਦਾ ਨਾਂ ਦੋਹਾਂ ਪੰਜਾਬਾਂ ਦੇ ਆਰ-ਪਾਰ ਬੜੇ ਆਦਰ-ਮਾਣ ਨਾਲ ਲਿਆ ਜਾਂਦਾ ਹੈ। ਇਸ ਦਾ ਵੱਡਾ ਕਾਰਨ ਉਹਨਾਂ ਦੀ ਵਿਦਵਤਾ ਦੇ ਨਾਲ-ਨਾਲ ਉਹਨਾਂ ਦੀ ਸੁਹਿਰਦਤਾ ਅਤੇ ਅਤਿ ਦੀ ਨਿਰਮਾਣਤਾ ਹੈ। ਉਹ ਆਪਣੇ ਕੀਤੇ ਕੰਮ ਪੱਖੋਂ ਤਪੱਸਵੀ ਹਨ ਤੇ ਵਿਹਾਰ ਪੱਖੋਂ ਦਰਵੇਸ਼। ਇਹ ਦੋਵੇਂ ਗੁਣ ਅੱਜ ਦੇ ਸਵਾਰਥਾਂ ਭਰੇ ਯੁੱਗ ਵਿਚ ਦੁਰਲੱਭ ਹਨ। ਉਸ ਦਾ ਸੁਭਾਅ ਪੁਰਾਣੇ ਸੂਫੀ-ਸੰਤਾਂ ਨਾਲ ਮਿਲਦਾ ਹੈ। ਨਜਮ ਹੁਸੈਨ ਦੀ ਪ੍ਰਤਿਭਾ ਦੇ ਏਨੇ ਪੱਖ ਪ੍ਰਕਾਸ਼ਮਾਨ ਹੋ ਚੁੱਕੇ ਹਨ ਕਿ ਇਹ ਫੈਸਲਾ ਕਰਨਾ ਮੁਸ਼ਕਿਲ ਪ੍ਰਤੀਤ ਹੁੰਦਾ ਹੈ ਕਿ ਗੱਲ ਉਹਨਾਂ ਦੇ ਵੱਖਰੀ ਭਾਂਤ ਦੇ ਸਾਹਿਤਕ - ਮੁਹਾਵਰੇ ਵਾਲੀ ਆਲੋਚਨਾ ਦ੍ਰਿਸ਼ਟੀ ਦੀ ਕੀਤੀ ਜਾਵੇ, ਜਾਂ ਉਹਨਾਂ ਦੇ ਨਾਟਕਾਂ ਦੀ ਅਥਵਾ ਉਹਨਾਂ ਦੀ ਕਵਿਤਾ ਦੀ। ਹਾਲ ਦੀ ਘੜੀ ਮੈਂ ਆਪਣੇ ਆਪ ਨੂੰ ਉਹਨਾਂ ਦੀ ਕਵਿਤਾ ਤੀਕ ਹੀ ਸੀਮਤ ਰੱਖਾਂਗਾ।

ਨਜਮ ਹੁਸੈਨ ਸੱਯਦ ਨਾਲ ਮੇਰੀ ਪਹਿਲੀ ਮੁਲਾਕਾਤ ਨਵੰਬਰ 1968 ਵਿਚ ਮੇਰੀ ਨਨਕਾਣਾ ਸਾਹਿਬ ਦੀ ਯਾਤਰਾ ਸਮੇਂ ਹੋਈ, ਜਦੋਂ ਉਹ ਗੁਰਪੁਰਬ ਮੌਕੇ ਜਨਾਬ ਸ਼ਫ਼ਕਤ ਤਨਵੀਰ ਮਿਰਜ਼ਾ ਤੇ ਰਾਜਾ ਰਸਾਲੂ ਨਾਲ ਪੰਜਾਬੀ ਲੇਖਕਾਂ ਦੀ ਤਲਾਸ਼ ਤੇ ਮੁਲਾਕਾਤ ਲਈ ਗੁਰਦਵਾਰੇ ਅੰਦਰ ਆਏ ਸਨ। ਬਾਅਦ ਵਿਚ ਵਾਪਸੀ ਸਮੇਂ ਲਾਹੌਰ ਦੇ ਪਾਕ-ਟੀ-ਹਾਊਸ ਵਿਚ ਰਾਜਾ ਰਸਾਲੂ ਜੀ ਨੇ, ਸੱਯਦ ਸਾਹਿਬ ਦੇ ਦੋ ਕਾਵਿ-ਸੰਗ੍ਰਹਿ, 'ਕਾਫੀਆਂ' ਤੇ 'ਚੰਦਨ ਰੁੱਖ ਤੇ ਵਿਹੜਾ' ਮੈਨੂੰ ਦਿੱਤੇ ਸਨ। ਇਸ ਪਿੱਛੋਂ ਮੇਰੀ ਹਰ ਪਾਕ-ਫੇਰੀ ਸਮੇਂ ਉਹਨਾਂ ਦੀਆਂ ਨਵੀਆਂ ਛਪੀਆਂ ਪੁਸਤਕਾਂ ਮੈਨੂੰ ਲਗਾਤਾਰ ਮਿਲਦੀਆਂ ਰਹੀਆਂ ਹਨ। ਪਰ ਅਫ਼ਸੋਸ ਕਿ ਮੈਂ ਇਹਨਾਂ ਬਾਰੇ ਕਦੇ ਕੋਈ ਟਿੱਪਣੀ ਜਾਂ ਰੀਵੀਊ ਨਾ ਕਰ ਸਕਿਆ। ਤਅੱਜਬ ਇਹ ਵੀ ਹੈ ਕਿ ਹਰ ਮਿਲਣੀ ਵਿਚ ਸੱਯਦ ਸਾਹਿਬ ਨੇ ਕਦੇ ਮੈਨੂੰ ਇਹ ਨਹੀਂ ਜਤਾਇਆ ਕਿ ਮੈਂ ਉਹਨਾਂ ਬਾਰੇ ਕਦੇ ਕੋਈ ਟਿੱਪਣੀ ਕਿਉਂ ਨਹੀਂ ਕੀਤੀ।

ਟਿੱਪਣੀ ਨਾ ਕਰਨ ਦੇ, ਮੇਰੇ ਖ਼ਿਆਲ ਵਿਚ ਦੋ ਮੁੱਖ ਕਾਰਨ ਸਨ। ਪਹਿਲਾ ਇਹ ਕਿ ਉਹਨਾਂ ਦੇ ਸੰਗ੍ਰਹਿ ਉਰਦੂ ਲਿੱਪੀ ਵਿਚ ਹੁੰਦੇ ਸਨ ਤੇ ਇਹ ਲਿੱਪੀ ਵੀ ਜ਼ਰਾ ਟੇਢੇ ਢੰਗ ਨਾਲ ਛਾਪੀ ਹੁੰਦੀ ਸੀ। ਦੂਸਰੀ ਗੱਲ ਇਹ ਵੀ ਸੀ ਕਿ ਸੱਯਦ ਸਾਹਿਬ ਦੀ ਕਵਿਤਾ ਦੀ ਸ਼ਬਦਾਵਲੀ ਅਤੇ ਸ਼ੈਲੀ ਮੇਰੇ ਲਈ ਰੁਕਾਵਟ ਬਣ ਖਲੋਂਦੀ ਸੀ। ਸਿੱਟੇ ਵਜੋਂ ਮੈਂ ਇਹ ਕਿਤਾਬਾਂ ਬਾਵਜੂਦ ਕੋਸ਼ਿਸ਼ ਦੇ, ਅੱਧ-ਵਿਚਾਲੇ ਹੀ ਛੱਡ ਦਿੰਦਾ ਸੀ। ਪਰ ਮਨ ਹੀ ਮਨ ਵਿਚ ਇਹ ਗੱਲ ਹਮੇਸ਼ਾ ਰੜਕਦੀ ਰਹੀ ਕਿ ਮੈਂ, ਨਾ ਉਹਨਾਂ ਦੀ ਕਵਿਤਾ ਪੜ੍ਹ ਤੇ ਪੜਚੋਲ ਸਕਿਆ ਤੇ ਨਾ ਹੀ ਇਸ ਬਾਰੇ ਟਿੱਪਣੀ ਕਰ ਸਕਿਆ। ਅਖ਼ੀਰ ਜਦੋਂ ਡਾ. ਕਰਨੈਲ ਸਿੰਘ ਥਿੰਦ ਹੁਰਾਂ ਦੇ ਉੱਦਮ ਨਾਲ ਸੱਯਦ ਸਾਹਿਬ ਦਾ ਸਮੁੱਚਾ ਕਲਾਮ ਗੁਰਮੁਖੀ ਅੱਖਰਾਂ ਵਿਚ ਛਪਿਆ ਹੈ ਤਾਂ ਮੈਂ ਇਹ ਡਾ. ਥਿੰਦ ਹੁਰਾਂ ਕੋਲੋਂ ਮੰਗਵਾ ਕੇ ਪੜ੍ਹਿਆ ਹੈ ਤੇ ਸੱਯਦ ਸਾਹਿਬ ਦਾ ਉਲ੍ਹਾਮਾ ਲਾਹੁਣ ਦਾ ਯਤਨ ਕਰ ਰਿਹਾ ਹਾਂ। ਕਹਿ ਸਕਦੇ ਹਾਂ ਕਿ 'ਦੇਰ ਆਏ, ਦਰੁਸਤ ਆਏ'।

2



ਸੱਯਦ ਸਾਹਿਬ ਦਾ ਪਹਿਲਾ ਕਾਵਿ-ਸੰਗ੍ਰਹਿ 'ਕਾਫ਼ੀਆਂ' 1965 ਵਿਚ ਛਪਿਆ ਸੀ। ਹਾਲਾਤ ਦਾ ਮੌਕਾ ਮੇਲ ਕਿ ਮੇਰਾ ਪਹਿਲਾ ਕਾਵਿ-ਸੰਗ੍ਰਹਿ 'ਮਾਰਗ' ਵੀ 1965 ਵਿਚ ਛਪਿਆ ਸੀ। ਇੰਝ ਅਸੀਂ ਹਮਸਫ਼ਰ ਤੇ ਹਮਉਮਰ ਹੁੰਦੇ ਹੋਏ, ਲੋਕਾਂ ਨੂੰ ਸੰਬੋਧਨ ਹੋਣ ਦੇ ਬਾਵਜੂਦ ਸ਼ਾਇਰੀ ਵਿਚ ਵੱਖਰੇ-ਵੱਖਰੇ ਰਾਹਾਂ ਉੱਤੇ ਤੁਰਦੇ ਅੱਜ ਦੇ ਪੜਾਅ ਤੀਕ ਪਹੁੰਚੇ ਹਾਂ।

ਇਸ ਸੰਗ੍ਰਹਿ ਦੇ ਸਮਰਪਣ ਵਾਲੇ ਪੰਨੇ ਉੱਤੇ ਸ਼ਾਹ ਹੁਸੈਨ ਦੀ ਕਾਫ਼ੀ ਦੀ ਇਕ ਪੰਗਤੀ ਲਿਖੀ ਹੋਈ ਹੈ -

**ਆਵੋ ਆਵੋ ਸ਼ੌਹ ਅਨਾਇਤ ਸਾਈਂ**
**ਪਰ ਵੇਖੀਂ ਸਾਨੂੰ ਰਾਈਆਂ ਵਾਲੇ ਹੱਥ ਨਾ ਲਾਈਂ।**

ਕਾਵਿ-ਸੰਗ੍ਰਹਿ ਦੇ ਨਾਂ ਅਤੇ ਉਕਤ ਪੰਗਤੀ ਤੋਂ ਪਾਠਕ ਦਾ ਇਹ ਤਸੱਵਰ ਬਣਦਾ ਹੈ ਕਿ ਇਸ ਸੰਗ੍ਰਹਿ ਵਿਚ ਸੂਫ਼ੀਆਂ ਦੇ ਹਰਮਨ ਪਿਆਰਾ ਕਾਵਿ-ਰੂਪ ਕਾਫ਼ੀ ਹੋਵੇਗੀ। ਪਰ ਸੰਗ੍ਰਹਿ ਦੀ ਪਹਿਲੀ ਕਵਿਤਾ ਦਾ ਸਿਰਲੇਖ ਹੈ ਗ਼ਜ਼ਲ ਤੇ ਗ਼ਜ਼ਲ ਵੀ ਉਹ ਜਿਸ ਦਾ ਸਿਰ ਪੈਰ ਹੀ ਕੋਈ ਨਹੀਂ। ਨਾ ਰਦੀਫ਼, ਨਾ ਕਾਫੀਆ, ਨਾ ਮਕਤਾ, ਨਾ ਮਤਲਾ, ਹਾਂ ਇੱਕ ਦੋ ਥਾਈਂ ਬੈਂਤ ਛੰਦ ਦੀਆਂ ਪੰਗਤੀਆਂ ਹਨ। ਤੁਸੀਂ ਵੀ ਗ਼ਜ਼ਲ ਦਾ ਰੰਗ ਵੇਖੋ ਤੇ ਦੱਸਿਓ, ਭਈ ਇਹ ਗੱਲ ਕੀ ਬਣੀ -

**ਤੁਸਾਂ ਏਸ ਕੰਢੇ ਨਹੀਂ ਆਵਣਾ ਜੇ**
**ਅਸਾਂ ਓਸ ਕੰਢੇ ਨਹੀਂ ਜਾਵਣਾ ਜੇ**
**ਮੱਛੀ ਮਾਰ ਕੇ ਕੱਟਣਾ ਅਸੀਂ ਵੇਲਾ**
**ਪੀਘਾਂ ਝੂਟ ਕੇ ਤੁਸਾਂ ਲੰਘਾਵਣਾ ਜੇ।**

ਇੰਝ ਆਪਣੀ ਪਹਿਲੀ ਕਵਿਤਾ ਰਾਹੀਂ ਨਜਮ ਹੁਸੈਨ ਨੇ ਗ਼ਜ਼ਲ ਕਾਵਿ-ਰੂਪ ਤੇ ਇਸ ਦੇ ਕਾਵਿ-ਸ਼ਾਸਤਰ ਨੂੰ ਇੱਕ ਤਰ੍ਹਾਂ ਭੰਗ ਕਰ ਦਿੱਤਾ ਹੈ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਸ ਰਵਾਇਤੀ ਕਾਵਿ-ਰੂਪ ਨੂੰ ਤਹਿਸ-ਨਹਿਸ ਕਰਕੇ ਉਸ ਨੇ ਜਿਹੜਾ ਨਵਾਂ ਰੂਪ ਸਿਰਜਿਆ ਹੈ ਕੀ ਉਹ ਸਮੇਂ ਦੇ ਅਨੁਕੂਲ ਅਤੇ ਲੋਕਾਂ ਵਿਚ ਵਧੇਰੇ ਪ੍ਰਚਲਤ ਅਤੇ ਹਰਮਨ ਪਿਆਰਾ ਹੋ ਗਿਆ ਹੈ। ਸਾਡਾ ਰਾਕ-ਗਾਰਡਨ ਦਾ ਸੰਚਾਲਕ ਕਲਾਕਾਰ ਨੇਕ-ਚੰਦ ਟੁੱਟੀਆਂ ਭੱਜੀਆਂ ਚੀਜ਼ਾਂ ਨੂੰ ਜੋੜ ਕੇ ਨਵੀਂ ਕਲਾਤਮਿਕ ਸਿਰਜਣਾ ਕਰਦਾ ਹੈ ਤੇ ਉਸ ਦੀ ਇਸ ਕਲਾ ਨੂੰ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਸਵੀਕ੍ਰਿਤੀ ਪ੍ਰਾਪਤ ਹੋਈ ਹੈ।

ਐਪਰ ਇਸ ਸੰਗ੍ਰਹਿ ਵਿਚ ਬਹੁਤ ਕੁਝ ਐਸਾ ਹੈ, ਜੋ ਸਾਡਾ ਧਿਆਨ ਖਿੱਚਦਾ ਹੈ। ਜ਼ਿਆਦਾ ਨਜ਼ਮਾਂ ਨਿੱਕੀਆਂ ਹਨ। ਨਿੱਕੇ-ਨਿੱਕੇ ਖ਼ਿਆਲ, ਜੋ ਆਮ ਜੀਵਨ ਵਿਚ ਵਿਚਰਦਿਆਂ ਬੰਦੇ ਦੇ ਦਿਮਾਗ਼ ਵਿਚ ਆਉਂਦੇ ਹਨ ਜਾਂ ਜਦੋਂ ਕਦੇ ਕਵੀ ਦਾ ਹੋਰ ਲੋਕਾਂ ਨਾਲ ਸੰਪਰਕ ਜੁੜਦਾ ਹੈ ਤਾਂ ਕਵੀ ਇਹਨਾਂ ਸਾਧਾਰਨ ਗੱਲਾਂ ਵਿਚੋਂ ਵਿਕੋਲਿਤਰੇ ਅਤੇ ਨਵੇਂ ਅਰਥ ਕੱਢਦਾ ਹੈ। ਬਹੁਤ ਸਾਰੀਆਂ ਐਸੀਆਂ ਵੀ ਨਜ਼ਮਾਂ ਹਨ ਜਿਹਨਾਂ ਬਾਰੇ ਸੰਭਵ ਹੈ, ਹੋਰ ਸਮਕਾਲੀ ਕਵੀ ਕਦੇ ਚੇਤੰਨ ਹੀ ਨਾ ਹੋਏ ਹੋਣ। ਕਈ ਵਾਰ ਕਵੀ ਨਿੱਕੀ ਨਜ਼ਮ ਵਿਚੋਂ ਬੜੇ ਡੂੰਘੇ ਅਤੇ ਸਾਰਥਕ ਅਰਥ ਕੱਢ ਲੈਂਦਾ ਹੈ। ਅਜਿਹੀਆਂ ਕਵਿਤਾਵਾਂ ਹਨ, 'ਜਿਹੜੀ ਆਖੋ ਖੱਲ ਵਿਖਾਵੇ', 'ਮਨਸੂਰ', 'ਲੋਰੀ', 'ਦਿਨ ਮੁਨਕਰ ਤੇ ਰਾਤ ਲਕੀਰ' ਇੱਕ ਹੋਰ ਲਿਖਣ ਵਾਲਾ।

'ਜਿਹੜੀ ਆਖੋ ਖੱਲ ਵਿਖਾਵਾਂ' ਨਜ਼ਮ ਵਿਚਲਾ ਸੂਖ਼ਮ ਵਿਅੰਗ ਏਨਾ ਡੂੰਘਾ ਤੇ ਕਾਟਵਾਂ ਹੈ ਕਿ ਪਾਠਕ ਹੈਰਾਨ ਹੋ ਜਾਂਦਾ ਹੈ। ਦੁਕਾਨਦਾਰ ਗਾਹਕ ਨੂੰ ਖੱਲਾਂ ਵਿਖਾ ਰਿਹਾ ਹੈ ਤੇ ਗਾਹਕ ਨੂੰ ਚੋਣ ਕਰਨ ਲਈ ਸੂਖ਼ਮ ਸੁਝਾ ਦਿੰਦਾ ਆਖਦਾ ਹੈ -

**ਜਿਹੜੀ ਪੂਰੀ ਆਵੇ ਪਾ ਲੌ**
**ਬਾਕੀ ਜੇ ਆਖੋ ਤੇ ਖੋਤੇ ਦੀ ਵੀ ਕੱਢ ਵਿਖਾਵਾਂ।**

**ਐਵੇਂ ਵੇਖਣ ਲਈ**
**ਤੁਹਾਨੂੰ ਪੂਰੀ ਕਿਥੋਂ ਆਉਣੀ ਏ**
**ਇਹਨੂੰ ਆਪਣੇ ਆਪ ਤੇ ਕੋਈ ਕੋਈ ਪਾਉਂਦਾ ਏ।**
**ਉਂਝ ਪਾਉਣ ਨੂੰ ਸਾਰੇ ਪਾ ਲੈਂਦੇ ਨੇ**
**ਹੰਢਦੀ ਬੜਾ ਏ ਨਾ ਜੀ - (ਪੰਨਾ 36)**

'ਲੋਰੀ' ਨਾਂ ਦੀ ਕਵਿਤਾ ਦੀ ਬਣਤਰ ਇੱਕ ਗੀਤ ਵਰਗੀ ਹੈ। ਇਸ ਵਿਚਾਲੇ ਲੈਅ ਤਾਲ ਤੇ ਕਿਤੇ-ਕਿਤੇ ਕਾਫੀਆ-ਬੰਦੀ, ਇਸ ਦੇ ਪ੍ਰਭਾਵ ਤੇ ਹੁਸਨ ਵਿਚ ਵਾਧਾ ਕਰਦੇ ਹਨ।

**ਉੱਠ ਵੇ ਕੁੱਤਿਆ ਜੰਗਲ ਸੁੱਤਿਆ**
**ਜੰਗਲ ਪਈ ਲੜਾਈ।**
**ਇੱਕ ਦੂਜੇ ਨੂੰ ਛਾਂਗ ਦਰੱਖਤਾਂ**
**ਕੁਰਸੀ ਮੇਜ਼ ਘੜਾਈ।**
**ਉੱਠ ਵੇ ਕੁੱਤਿਆ ਜੰਗਲ ਸੁੱਤਿਆ**
**ਜੰਗਲ ਹੋ ਗਈ ਚੋਰੀ।**
**ਬਾਘ ਬਘੇਲੇ ਸ਼ਹਿਰ 'ਚ ਵੜ ਗਏ**
**ਲੁਕਦੇ ਮੋਰੀਓ ਮੋਰੀ।**
**ਉੱਠ ਵੇ ਕੁੱਤਿਆ ਜੰਗਲ ਸੁੱਤਿਆ**
**ਆ ਵੱਸ ਘਰ ਦੇ ਬੂਹੇ।**
**ਭੁੱਬਲ ਵਿਚ ਤੰਦੂਰ ਦੀ ਸੌਂ ਜਾ**
**ਵਾਲ ਤੇਰੇ ਜਿਸ ਲੂਹੇ। (ਪੰਨਾ 23)**

ਉਂਝ ਇਸ ਕਾਵਿ-ਸੰਕਲਨ ਦੀਆਂ ਵਧੇਰੇ ਆਜ਼ਾਦ ਨਜ਼ਮਾਂ ਵਿਚ ਕਵੀ ਕਿਤੇ ਨਾ ਕਿਤੇ ਕਾਫੀਆ ਬੰਦੀ ਕਰਕੇ ਇਹ ਅਹਿਸਾਸ ਤਾਂ ਕਰਵਾ ਦਿੰਦਾ ਹੈ ਕਿ ਉਹ ਜੇ ਚਾਹੇ ਤਾਂ ਛੰਦ-ਬੱਧ ਨਜ਼ਮ ਵੀ ਆਸਾਨੀ ਨਾਲ ਲਿਖ ਸਕਦਾ ਹੈ। ਪਹਿਲਾ ਸੰਗ੍ਰਹਿ ਹੋਣ ਕਾਰਨ ਕਵੀ ਜੋ ਖੁੱਲ੍ਹਾਂ ਅਚੇਤ ਹੀ ਲੈ ਲੈਂਦਾ ਹੈ, ਉਹ ਅਣਡਿੱਠ ਕਰਨ ਯੋਗ ਹਨ। ਸੰਗ੍ਰਹਿ ਵਿਚ 63 ਕਵਿਤਾਵਾਂ ਹਨ।

3

'ਚੰਦਨ ਰੁੱਖ ਤੇ ਵਿਹੜਾ' ਕਵੀ ਦਾ ਦੂਜਾ ਕਾਵਿ-ਸੰਗ੍ਰਹਿ ਹੈ। ਜੋ 1968 ਵਿਚ ਛਪਿਆ ਸੀ। ਇਸ ਦੇ ਪਹਿਲੇ ਪੰਨੇ ਉੱਤੇ ਸ਼ਾਹ ਹੁਸੈਨ ਦੀ ਇੱਕ ਪੰਗਤੀ ਦਰਜ ਹੈ।

**ਚੰਦਨ ਰੁੱਖ ਲੱਗਾ ਵਿਚ ਵਿਹੜੇ।**
**ਰੋਜ਼ ਧਿੰਗਾਣੇ ਖਹੀਏ।**
**ਨਾਲ ਸੱਜਣ ਦੇ ਰਹੀਏ।**

ਇਸ ਸੰਗ੍ਰਹਿ ਵਿਚ ਕੁੱਲ 42 ਨਜ਼ਮਾਂ ਹਨ। ਇਸ ਵਿਚ ਵੀ ਕਵੀ ਨੇ ਦੋ ਨਵੇਂ ਤਜਰਬੇ (ਪ੍ਰਯੋਗ) ਕੀਤੇ ਹਨ। ਉਹਨਾਂ ਨੇ 'ਵਾਰ' ਤੇ 'ਜੰਗਨਾਮਾ' ਦੇ ਪ੍ਰਵਾਨਤ ਤੇ ਪੱਕੇ-ਠੱਕੇ ਚੋਖਟੇ ਅਥਵਾ ਕਾਵਿ-ਰੂਪ ਨੂੰ ਤੋੜ ਕੇ ਨਵਾਂ ਕੁਝ ਕਰਨ ਦਾ ਯਤਨ ਕੀਤਾ ਹੈ। ਸਪੱਸ਼ਟ ਹੈ ਕਿ ਜੰਗਨਾਮਾ ਪੰਜਾਬੀ ਕਵਿਤਾ ਦਾ ਉਹ ਰੂਪ ਹੈ, ਜਿਸ ਵਿਚ ਦੋ ਧਿਰਾਂ ਦੀ ਜੰਗ ਅਥਵਾ ਹਥਿਆਰ-ਬੰਦ ਟੱਕਰ ਨੂੰ ਸਿਲਸਿਲੇਵਾਰ ਬਿਰਤਾਂਤ ਰਾਹੀਂ ਤੇ ਛੰਦ-ਬੱਧ ਕਾਵਿ-ਰੂਪ ਰਾਹੀਂ ਕਲਮਬੰਦ ਕੀਤਾ ਹੁੰਦਾ ਹੈ। ਆਓ ਪਹਿਲਾਂ ਸੱਯਦ ਹੋਰਾਂ ਦੇ ਲਿਖੇ ਜੰਗਨਾਮੇ ਨੂੰ ਵਾਚੀਏ।

**ਸਭ ਦਮਾਂ ਦੇ ਵੱਟ ਵੱਟ ਸੰਗਲ**
**ਪੱਟਣ ਓਸ ਹੁਸੈਨ ਨੂੰ ਜਿਹੜਾ ਜੰਮਦਾ ਮੋਇਆ**



**ਜਿਸ ਦੀ ਲੋਥ ਦਾ ਖਪਨ (ਖੱਫਣ) ਸਾਡਾ ਪਿੰਡ ਹੋਇਆ**
**ਹੁਣ ਕਰਬਲ ਤਾਕੀ ਖੋਲ੍ਹ ਕੇ ਕੱਢ ਰੱਤੇ ਜੋੜੇ।**
**ਰੱਤੇ ਜੋੜੇ ਪਹਿਨ ਕੇ, ਚੜ੍ਹ ਜਾਓ ਖਾਲੀ ਘੋੜੇ।**
**ਖਾਲੀ ਘੋੜਾ ਫੇਰ ਕੇ, ਘਰ ਆਵੋ ਰਾਤੀਂ**
**ਲਾੜਿਆਂ ਬਾਝੋਂ ਢੁੱਕਦੀਆਂ ਵੇਖੋ ਕਿਵੇਂ ਬਾਰਾਤੀ**
**ਮੱਟ ਬਖੋਰੇ ਲਾ ਕੇ ਵੰਡੋ ਦੂਧਲ ਪਾਣੀ**
**ਬੋੜੋ ਓਸ ਯਜ਼ੀਦ ਨੂੰ ਜਿਹਨੇ ਰਮਜ਼ ਪਛਾਣੀ।**

ਇਸ ਇੱਕੋ ਬੰਦ ਵਿਚ ਸਾਰਾ ਜੰਗਨਾਮਾ ਖ਼ਤਮ ਹੋ ਜਾਂਦਾ ਹੈ। ਹੈ ਕਿ ਨਾ ਕਮਾਲ! ਮੈਂ ਇਸ ਮੁਕੰਮਲ ਜੰਗਨਾਮੇ ਦੇ ਕਈ ਵਾਰੀ ਪਾਠ ਕਰਨ ਦੇ ਬਾਅਦ ਵੀ ਸਮਝ ਨਹੀਂ ਸਕਿਆ ਕਿ ਇਹ ਜੰਗਨਾਮਾ ਕਾਹਦੇ ਬਾਰੇ ਹੈ। ਸ਼ਾਇਦ ਕੋਈ ਮੁਸਲਮਾਨ ਭਰਾ ਇਸ ਦੇ ਗੁੱਝੇ ਅਰਥਾਂ ਦੀ ਘੁੰਡੀ ਖੋਲ੍ਹ ਸਕੇ। ਮੇਰੇ ਖ਼ਿਆਲ ਵਿਚ ਇਹ ਪ੍ਰਯੋਗ ਸਾਰਥਕ ਨਹੀਂ ਹਨ।

ਇਸ ਸੰਗ੍ਰਹਿ ਵਿਚ ਦੋ ਲੰਮੀਆਂ ਵਾਰਾਂ ਦਰਜ ਹਨ। ਇੱਕ ਹੈ 'ਤੰਦੂਰ' ਅਥਵਾ 'ਕਾਦਰ ਦੀ ਵਾਰ' ਤੇ ਦੂਸਰੀ ਹੈ 'ਰਾਗੀ ਮੁੰਡੇ ਦੀ ਵਾਰ. ਜੋ ਰੇਡੀਓ ਤੋਂ ਸੁਣੀ ਇੱਕ ਕਲਪਤ ਬਾਲ ਕਹਾਣੀ। ਸਪੱਸ਼ਟ ਹੈ ਕਿ ਵਾਰ ਵੀ ਅਜਿਹਾ ਕਾਵਿ-ਰੂਪ ਹੈ। ਜਿਸ ਵਿਚ ਨੇਕੀ ਤੇ ਬਦੀ ਦੀ ਟੱਕਰ ਜਾਂ ਦੋ ਦੁਸ਼ਮਣ ਤਾਕਤਾਂ ਦੀ ਜੰਗ ਨੂੰ ਮੂਰਤੀਮਾਨ ਕੀਤਾ ਜਾਂਦਾ ਹੈ। ਵਾਰ ਦਾ ਤਾਂ ਛੰਦ ਵੀ ਨੀਯਤ ਹੁੰਦਾ ਹੈ। ਪਰ ਸੱਯਦ ਦੇ ਇਹ ਦੋਵੇਂ ਪ੍ਰਯੋਗ ਵੀ ਗੰਭੀਰ ਭਾਂਤ ਦੇ ਤਜਰਬੇ ਨਹੀਂ ਹਨ ਤੇ ਨਾ ਹੀ ਪ੍ਰਭਾਵਸ਼ਾਲੀ ਯਤਨ। ਇਹ ਸਿਰਫ਼ ਪ੍ਰਯੋਗ ਖ਼ਾਤਰ ਪ੍ਰਯੋਗ ਹਨ।

ਕਾਦਰ ਦੀ ਵਾਰ ਤਾਂ ਇੱਕ ਪਾਤਰ ਦੀ ਵਾਰਤਾਲਾਪ ਹੈ। ਜਿਸ ਵਿਚ ਕਦੇ ਕਦਾਈਂ, ਕਿਤੇ ਕਿਤੇ ਦੋ ਸਤਰਾਂ ਦਾ ਕਾਫੀਆ ਜੁੜ ਵੀ ਜਾਂਦਾ ਹੈ, ਜਿਵੇਂ -

ਓ ਜੀ ਕਿੱਥੇ ਨਿੱਘ ਤੰਦੂਰ ਦਾ ਤੇ ਰੋਟੀ ਦੀ ਖ਼ੁਸ਼ਬੂ
ਕਿੱਥੇ ਸਰੀਏ ਵਾਂਗੂੰ ਪਸਲੀਆਂ ਤੇ ਲੱਤ ਵੀ ਬੁਝਿਆ ਚੋ।

ਇਹ ਇੱਕ ਜ਼ਖ਼ਮੀ ਹੋਏ ਚੌਕੀਦਾਰ ਦੀ ਪੀੜਾਂ-ਭਰੀ ਕਹਾਣੀ ਜਾਂ ਮਨ-ਬਚਨੀ ਵਰਗੀ ਗੁਫ਼ਤਗੂ ਹੈ ਤੇ ਇਸ ਦੇ ਕੁੱਲ ਸਵਾ ਛੇ ਸਫੇ ਹਨ। ਇਹ ਕਵਿਤਾ ਨਹੀਂ, ਵਾਰਤਕ ਦੀ ਰਚਨਾ ਹੈ। ਇੰਝ ਹੀ 'ਰਾਗੀ ਮੁੰਡੇ ਦੀ ਵਾਰ' ਇੱਕ ਲੰਮੀ ਕਲਪਿਤ ਸੁਪਨ-ਕਹਾਣੀ ਵਰਗੀ ਕੋਈ ਵਾਰਤਕ ਰਚਨਾ ਹੈ। ਇਹ ਨੌਂ ਛਪੇ ਸਫਿਆਂ ਵਿਚ ਫੈਲੀ ਵਾਰਤਕ ਲਿਖਤ ਹੈ ਤੇ ਬਹੁਤ ਹੀ ਜਾਦੂ-ਮਈ, ਕਲਪਿਤ ਕਹਾਣੀ ਹੈ। ਇਸ ਦੀ ਹਰ ਦੂਜੀ ਚੌਥੀ ਪੰਗਤੀ ਵਿਚ, ਕਿਤੇ-ਕਿਤੇ ਤੁਕਾਂਤ ਮੇਲਣ ਦਾ ਹਾਸੋ-ਹੀਣਾ ਯਤਨ ਹੈ। ਮੇਰੇ ਖ਼ਿਆਲ ਵਿਚ ਨਜਮ ਹੁਸੈਨ ਸੱਯਦ ਵਰਗੇ ਗੰਭੀਰ ਕਵੀ ਦਾ ਇਹ ਯਤਨ ਵੀ ਅਜੀਬ ਕਿਸਮ ਦਾ ਇੱਕ ਪ੍ਰਯੋਗ ਹੀ ਸਮਝਣਾ ਚਾਹੀਦਾ ਹੈ, ਜਿਸਦੇ ਕੋਈ ਸਾਰਥਕ ਅਰਥ ਨਹੀਂ ਨਿਕਲਦੇ ਪ੍ਰਤੀਤ ਹੁੰਦੇ।

ਮੈਂ ਇਸ ਸੰਗ੍ਰਹਿ ਦੀ ਬਥੇਰੀ ਵਾਰ ਫਰੋਲਾ-ਫਰਾਲੀ ਕੀਤੀ ਹੈ ਕਿ ਸ਼ਾਇਦ ਕੋਈ ਛੋਟੀ ਕਵਿਤਾ ਦਾ ਐਸਾ ਨਮੂਨਾ ਮਿਲ ਜਾਵੇ ਜਿਹੜਾ ਹਵਾਲਾ-ਯੋਗ ਹੋਵੇ। ਕਾਫੀ ਖੋਜ ਪੜਤਾਲ ਬਾਅਦ ਮੈਂ ਇੱਕ ਛੋਟੀ ਕਵਿਤਾ ਤਲਾਸ਼ ਕੀਤੀ ਹੈ। ਜੋ ਇਸ ਪ੍ਰਕਾਰ ਹੈ -

**ਲਾਹੌਰ ਦਾ ਇੱਕ ਲਿਖਾਰੀ**
**ਅਸੀਂ ਸੜਕ ਪਾਰ ਪਏ ਕਰਦੇ ਸਾਂ।**
**ਉਹ ਭਜਦਾ ਭਜਦਾ ਆਇਆ**
**ਕਰੜ ਬਰੜ ਉਹਦੀ ਦਾਹੜੀ ਸੀ**
**ਤੇ ਸਿਰ ਤੇ ਰੋਮੀ ਟੋਪੀ**
**ਹੱਥ ਵਿਚ ਸੋਟੀ, ਕਾਲੀ ਟਾਈ**

**ਤੇ ਨਿੱਕਰ ਪਾਈ ਹੋਈ ਸੀ।**
**ਘੜੀ ਦੀ ਘੜੀ ਉਹ ਭੁੰਜੇ ਬੈਠਾ**
**ਕੋਲੇ ਨਾਲ ਕੁਝ ਲਿਖਿਆ**
**ਬੱਤੀ ਹਰੀ ਹੋਈ ਤੇ ਕੋਲਾ**
**ਭੁੰਜੇ ਮਾਰ ਕੇ ਟੁਰ ਗਿਆ**
**ਅਖੇ, ਹੱਕੀ ਗੱਲ ਸੁਣਾ ਚੱਲਿਆ ਜੇ**
**ਮੁੱਕਦੀ ਗੱਲ ਮੁਕਾ ਚੱਲਿਆ ਜੇ**
**ਪੜ੍ਹੋ ਤੇ ਝੱਖੜ ਬਣ ਕੇ ਜ਼ਿਮੀਂ ਤੇ ਝੁੱਲੋ**
**ਫੇਰ ਬੁੱਲਾ ਹੋ ਕੇ ਜਾ ਲੱਗੋ ਅਸਮਾਨੀਂ**
**ਦਸਤਖ਼ਤ ਜੇਹੇ ਕੁਝ ਕੀਤੇ ਹੋਏ ਸਨ**
**ਪੜ੍ਹੇ ਨਹੀਂ ਸਨ ਜਾਂਦੇ।** (ਪੰਨਾ 75)

ਪਾਠਕ ਕਹਿ ਸਕਦੇ ਹਨ ਕਿ ਸੰਭਵ ਹੈ ਕਿ ਇਹ ਕਵਿਤਾ, ਮਾਰਸ਼ਲ-ਲਾਅ ਦੇ ਸਮੇਂ ਸੰਕੇਤਕ ਭਾਸ਼ਾ ਵਿਚ ਲਿਖੀ ਗਈ ਹੋਵੇ, ਜਿਸ ਵਿਚ ਕਵੀ ਆਖਦਾ ਹੈ ਕਿ ਪੜ੍ਹੋ ਤੇ ਝੱਖੜ ਬਣ ਕੇ ਧਰਤੀ ਉੱਤੇ ਝੁੱਲ ਜਾਓ ਤੇ ਫੇਰ ਹਵਾ ਦਾ ਬੁੱਲਾ ਬਣ ਕੇ ਅਸਮਾਨ ਨੂੰ ਜਾ ਛੋਹੋ। ਪਰ ਮੇਰੇ ਖ਼ਿਆਲ ਵਿਚ ਇਹ ਸੰਕੇਤਕ ਅਰਥ ਏਨੇ ਕਮਜ਼ੋਰ ਹਨ ਕਿ ਬਿੰਬ ਦਾ ਰੂਪ ਧਾਰ ਕੇ ਕੋਈ ਬਲਵਾਨ ਗੱਲ ਨਹੀਂ ਕਰਦੇ ਪ੍ਰਤੀਤ ਹੁੰਦੇ। ਉਂਝ ਮੇਰੀ ਦਿਲੀ ਤਮੰਨਾ ਤਾਂ ਇਹੀ ਹੈ ਕਿ ਇਸ ਪ੍ਰਤੀਕਮਈ ਕਾਵਿ ਰਚਨਾ ਦੇ ਕੋਈ ਡੂੰਘੇ ਅਤੇ ਰਾਜਸੀ ਅਰਥ ਨਿਕਲਣ।

ਇਸ ਤੋਂ ਵੱਧ ਕੋਈ ਹੋਰ ਮਹੱਤਵਪੂਰਨ ਕਾਵਿ-ਰਚਨਾ ਮੈਨੂੰ ਨਹੀਂ ਲੱਭੀ, ਜੋ ਪੇਸ਼ ਕਰਨ ਯੋਗ ਹੋਵੇ। ਉਂਝ ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਸੱਯਦ ਦੀ ਕਾਵਿ-ਬੋਲੀ ਬੜੀ ਸਾਦਗੀ ਭਰੀ ਤੇ ਆਮ ਲੋਕਾਂ ਦੀ ਬੋਲੀ ਦੇ ਬਹੁਤ ਹੀ ਨਜ਼ਦੀਕ ਹੈ, ਪਰ ਅਖ਼ੀਰ ਨੂੰ ਗੱਲ ਤਾਂ ਇਸ ਵਿਚਲੇ ਕਾਵਿਕ-ਸੰਦੇਸ਼ ਉੱਤੇ ਹੀ ਨਿਰਭਰ ਹੁੰਦੀ ਹੈ। ਸ਼ਾਇਦ ਅਜਿਹੇ ਹੀ ਅਜੀਬ ਪ੍ਰਯੋਗਾਂ ਕਾਰਨ ਹੀ ਤੇ ਨਾਲ ਹੀ ਲਿੱਪੀ ਦੀ ਮਾੜੀ ਮੋਟੀ ਰੁਕਾਵਟ ਕਾਰਨ, ਮੈਥੋਂ ਇਹ ਰਚਨਾ ਤਿੰਨ ਦਹਾਕੇ ਵਿਚ ਰੂਹ ਨਾਲ ਪੜ੍ਹ ਨਹੀਂ ਹੋਈ। ਇਸ ਪੁਸਤਕ ਦੀ ਛਪਾਈ ਖ਼ੂਬਸੂਰਤ ਹੈ।

4

ਤੀਸਰਾ ਕਾਵਿ-ਸੰਗ੍ਰਹਿ "ਬਾਰ ਦੀ ਵਾਰ" ਹੈ, ਜੋ ਅੱਠ ਸਾਲ ਦੀ ਵਿੱਥ ਬਾਅਦ ਛਪਿਆ ਹੈ ਤੇ ਇਸ ਦੇ ਸਮਰਪਣ ਦੀਆਂ ਪੰਗਤੀਆਂ ਹਨ -

**ਭੁੱਲਿਆ ਰੱਬ ਕਹੋ ਨਾ ਕਹੋ**
**ਆਦਿ-ਸੁਰਤੋਂ ਸੱਚਾ ਰਹੋ।**

ਇਹਨਾਂ ਪੰਗਤੀਆਂ ਤੋਂ ਸੰਕੇਤ ਮਿਲਦਾ ਹੈ ਕਿ ਕਵੀ ਸੂਫ਼ੀ ਕਾਵਿ-ਧਾਰਾ ਤੋਂ ਢੇਰ ਪ੍ਰਭਾਵਿਤ ਹੈ ਤੇ ਉਹ ਇਸ ਕਾਵਿ-ਵਿਰਾਸਤ ਨੂੰ ਅਜੋਕੇ ਪ੍ਰਸੰਗਾਂ ਵਿਚ ਵਰਤ ਕੇ ਕੋਈ ਨਵੀਂ ਗੱਲ ਕਰਨੀ ਚਾਹੁੰਦਾ ਹੈ। ਇਹਨਾਂ ਵਰ੍ਹਿਆਂ ਵਿਚ ਪਾਕਿਸਤਾਨ ਦੇ ਲੋਕਾਂ ਨੂੰ ਫ਼ੌਜੀ ਰਾਜ ਅਧੀਨ ਬੜੇ ਜ਼ੁਲਮ ਸਹਿਣੇ ਪਏ ਹਨ। ਇਸਲਾਮੀ ਨੀਹਾਂ 'ਤੇ ਉਸਰੇ ਇਸ ਦੇਸ਼ ਨੇ ਆਪਣੇ ਲੋਕਾਂ ਉੱਤੇ ਜੋ ਕਹਿਰ ਢਾਹੇ ਹਨ, ਉਹਨਾਂ ਦਾ ਵਰਨਣ ਪੰਜਾਬੀ ਕਵਿਤਾ ਵਿਚ ਘਟ ਹੋਇਆ ਹੈ। ਸਾਡੇ ਤੀਕ ਸਿਰਫ਼ ਅਹਿਮਦ ਸਲੀਮ ਦੀਆਂ ਹੀ ਖ਼ਬਰਾਂ ਪਹੁੰਚਦੀਆਂ ਰਹੀਆਂ ਹਨ, ਭਾਵੇਂ ਕਿ ਅਸੀਂ ਅਨੁਮਾਨ ਹੀ ਲਾ ਸਕਦੇ ਹਾਂ ਕਿ ਸਾਰੀ ਪਾਕ ਧਰਤੀ ਫ਼ੌਜੀ ਬੂਟਾਂ ਦੀਆਂ ਅੱਡੀਆਂ ਹੇਠ ਕਰਾਹੁੰਦੀ ਰਹੀ ਹੈ। ਪਾਕਿਸਤਾਨ ਵਿਚ ਹਜ਼ਾਰਾਂ ਏਕੜਾਂ ਦੇ ਮਾਲਕ ਜਾਗੀਰਦਾਰਾਂ ਦੀਆਂ ਜ਼ਮੀਨਾ ਸਰੱਖਿਅਤ ਹਨ। ਫ਼ੌਜੀ ਅਫ਼ਸਰਾਂ ਨੇ ਦੇਸ਼ ਦੀ ਲੁੱਟ ਕਰਨ ਤੋਂ ਕੋਈ ਸੰਕੋਚ ਨਹੀਂ ਕੀਤਾ। ਮੁੱਲਾਂ-ਮੁਲਾਣਿਆਂ ਦਾ ਪ੍ਰਭਾਵ ਤੇ ਤਾਕਤ ਵਧੀ ਹੈ। ਨਵੇਂ ਪੂੰਜੀਪਤੀ



ਘਰਾਣੇ ਵਿਕਸਿਤ ਹੋਏ ਨੇ। ਪਰ ਇਸ ਸਾਰੇ ਕੁਝ ਦਾ ਅਕਸ ਉੱਥੋਂ ਦੀ ਪੰਜਾਬੀ ਕਵਿਤਾ ਵਿਚ ਘੱਟ ਮਿਲਦਾ ਹੈ। ਹਾਂ ਕਿਤੇ-ਕਿਤੇ ਹਬੀਬ ਜਾਲਿਬ, ਉਸਤਾਦ ਦਾਮਨ, ਸਾਈਂ ਅਖ਼ਤਰ ਲਾਹੌਰੀ ਤੇ ਬਾਬਾ ਨਜਮੀਂ, ਅਹਿਮਦ ਸਲੀਮ ਦੀਆਂ ਕਵਿਤਾਵਾਂ ਵਿਚੋਂ, ਉੱਠੀ ਰੋਹ ਦੀ ਆਵਾਜ਼ ਸਾਨੂੰ ਧੀਰਜ ਬੰਨਾਉਂਦੀ ਰਹੀ ਹੈ। ਨਜਮ ਹੁਸੈਨ ਸੱਯਦ ਦੀ ਹੋਰ ਵੀ ਮਜਬੂਰੀ ਸੀ। ਉਹ ਉੱਚ ਸਰਕਾਰੀ ਅਹੁੱਦੇ ਉੱਤੇ ਸੁਸ਼ੋਭਤ ਸੀ, ਜਿਸ ਸਦਕਾ ਉਹ ਉਕਤ ਦਿੱਤੇ ਕਵੀਆਂ ਵਾਂਗ ਪੂਰੀ ਤਰ੍ਹਾਂ ਖੁੱਲ ਕੇ ਗੱਲ ਨਹੀਂ ਸੀ ਕਰ ਸਕਦਾ। ਪਰ ਸੱਚਾ-ਸੁੱਚਾ ਕਲਾਕਾਰ, ਕਦੇ ਚੁੱਪ ਵੀ ਨਹੀਂ ਰਹਿ ਸਕਦਾ। ਉਹ ਕਿਸੇ ਨਾ ਕਿਸੇ ਢੰਗ ਨਾਲ, ਭਾਵੇਂ ਸੰਕੇਤਕ ਜਾਂ ਪ੍ਰਤੀਕਮਈ ਹੀ ਸਹੀ, ਆਪਣੀ ਗੱਲ ਕਹਿ ਜਾਂਦਾ ਹੈ।

ਬਹੁਤ ਹੀ ਮੱਧਮ ਸੁਰ ਵਿਚ, ਕਵੀ ਆਪਣੀ ਕਵਿਤਾ 'ਕਰਫਿਓ ਰਾਤ' (1969) ਵਿਚ ਅਜਿਹਾ ਧੁੰਦਲਾ ਜਿਹਾ ਸੰਕੇਤ ਦਿੰਦਾ ਪ੍ਰਤੀਤ ਹੁੰਦਾ ਹੈ-

**ਵੀਹ ਵਰ੍ਹੇ ਅਸੀਂ ਲਾਹੌਰ ਸ਼ਹਿਰ ਦੀਆਂ ਸੜਕਾਂ ਉੱਪਰ**
**ਪੋਰੀ ਪੋਰੀ ਆਪਣੇ ਪੈਰ ਵਿਛਾਏ।**
**ਵੀਹ ਵਰ੍ਹੇ ਅਸਾਂ ਮਨ ਹਰਾਮ ਦਿਹਾੜੀਦਾਰਾਂ ਵਾਂਗਰ**
**ਹੌਲੀ ਹੌਲੀ ਇੱਕ ਇੱਕ ਇੱਟ ਉਖੇੜੀ**
**ਮੁੜ ਕੇ ਓਸੇ ਖੋੜ 'ਚ ਲਾਈ।** (ਪੰਨਾ 130)

ਸੰਭਵ ਹੈ, ਮੇਰੇ ਦਿੱਤੇ ਅਰਥਾਂ ਨਾਲੋਂ, ਕਵੀ ਦੇ ਅਰਥ ਕੁਝ ਹੋਰ ਹੋਣ। ਹਰ ਕੋਈ ਹਬੀਬ ਜਾਲਿਬ ਵਾਂਗ ਗੱਲ ਨਹੀਂ ਕਰ ਸਕਦਾ। ਨਾ ਹੀ ਹਰ ਸ਼ਾਇਰ ਦਾਮਨ ਵਾਂਗ ਆਪਣਾ ਰੋਸ ਖੁੱਲ ਕੇ ਬਿਆਨ ਕਰ ਸਕਦਾ ਹੈ।

**'ਜਾਲਿਬ' ਸਾਈਂ ਕਦੀ ਕਦਾਈਂ ਚੰਗੀ ਗੱਲ ਕਹਿ ਜਾਂਦਾ ਹੈ।**
**ਲੱਖ ਪੂਜੋ ਚੜ੍ਹਦੇ ਸੂਰਜ ਨੂੰ, ਆਖ਼ਰ ਇਹ ਲਹਿ ਜਾਂਦਾ ਹੈ।**

ਹਥਲੇ ਸੰਗ੍ਰਹਿ ਵਿਚ ਦੋ ਲੰਮੇਰੀਆਂ ਕਾਵਿ-ਰਚਨਾਵਾਂ ਹਨ, 'ਮੁਲਤਾਨ ਸ਼ਹਿਰ ਦੀ ਵਾਰ', ਤੇ 'ਬਾਰ ਦੀ ਵਾਰ'। ਕਵੀ ਦੀਆਂ ਵਾਰਾਂ ਬਾਰੇ ਪਹਿਲਾਂ ਗੱਲ ਹੋ ਚੁੱਕੀ ਹੈ। ਵਾਰਾਂ ਦਾ ਰੂਪ ਵੀ ਨਿਸ਼ਚਿਤ ਹੁੰਦਾ ਹੈ ਅਤੇ ਛੰਦ ਵੀ। ਮੈਂ ਇਹਨਾਂ ਨੂੰ ਆਜ਼ਾਦ ਨਜ਼ਮਾਂ ਆਖਦਾ ਹਾਂ, ਛੰਦ ਮੁਕਤ ਕਾਵਿ-ਕਿਰਤਾਂ ਅਤੇ ਇਹ ਗੱਲ ਉਸ ਦੀਆਂ ਗ੍ਰੰਥਾਵਲੀ ਵਿਚਲੀਆਂ, ਸਮੁੱਚੀਆਂ ਵਾਰਾਂ ਉੱਤੇ ਲਾਗੂ ਹੁੰਦੀ ਹੈ।

ਨਜਮ ਹੁਸੈਨ ਦੀ ਇੱਕ ਹੋਰ ਕਾਵਿ-ਵੱਖਰਤਾ ਉਸ ਦੀ ਕਾਵਿ-ਸ਼ੈਲੀ ਕਾਰਨ ਵੀ ਹੈ। ਉਸ ਦੀਆਂ ਕਵਿਤਾਵਾਂ ਵਿਚ ਇੱਕ ਰਹੱਸਮਈ ਵਾਤਾਵਰਨ ਹੁੰਦਾ ਹੈ, ਜੋ ਕਵੀ ਦੀ ਕਹੀ ਗੱਲ ਨੂੰ ਪਾਠਕ ਤੀਕ ਸੰਪੂਰਨ ਰੂਪ ਵਿਚ ਅੱਪੜਨ ਨਹੀਂ ਦਿੰਦਾ। ਮੈਂ ਇਸ ਨੂੰ ਜਟਿਲਤਾ ਨਹੀਂ ਕਹਿੰਦਾ। ਜਟਿਲ ਕਵਿਤਾ ਅਖ਼ੀਰ ਉੱਤੇ ਆਪਣੇ ਅਰਥਾਂ ਨੂੰ ਬਹੁਤੀ ਵਾਰ ਲੁਕਾਉਂਦੀ ਨਹੀਂ। ਪਰ ਸੱਯਦ ਦੀਆਂ ਕਵਿਤਾਵਾਂ ਰੁਬਾਈਆਂ ਵਰਗੀਆਂ ਨਹੀਂ, ਸਗੋਂ ਬਾਲ-ਬੁਝਾਰਤਾਂ ਵਰਗੀਆਂ ਹਨ। ਸ਼ਾਇਦ ਇਸ ਦਾ ਇੱਕ ਕਾਰਨ ਇਹ ਹੋਵੇ ਕਿ ਕਵੀ ਪੂਰੀ ਗੱਲ ਕਹਿਣ ਲੱਗਿਆ ਕੋਈ ਔਕੜ ਅਨੁਭਵ ਕਰਦਾ ਹੈ ਜਾਂ ਉਹ ਗੱਲ ਨੂੰ ਅਣਕਹੀ ਅਥਵਾ ਅਧੂਰੀ ਛੱਡ ਦਿੰਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਕਵਿਤਾ ਦਾ ਸੰਚਾਰ ਅਧੂਰਾ ਰਹਿ ਜਾਂਦਾ ਹੈ। ਠੀਕ ਹੈ ਸਾਰੀ ਕਵਿਤਾ ਵਿਚੋਂ ਕੁਝ ਕੁ ਪੰਗਤੀਆਂ ਹੀ ਸਮਝ ਪੈਂਦੀਆਂ ਹਨ ਤੇ ਬਾਕੀ ਦੀਆਂ ਪਾਠਕ ਵਿਚਾਲੇ ਅਣ-ਸਮਝੀਆਂ ਜਾਂ ਅਣ-ਪੜ੍ਹੀਆਂ ਛੱਡ ਅੱਗੇ ਨਿਕਲ ਜਾਂਦਾ ਹੈ। ਇੰਝ ਪ੍ਰਗਟ ਕੀਤਾ ਸਮੁੱਚੀ ਕਾਵਿ-ਅਨੁਭਵ ਪਾਠਕ ਦਾ ਅਨੁਭਵ ਨਹੀਂ ਬਣਦਾ। ਮੈਂ ਖ਼ੁਦ ਵੀ ਅਜਿਹੀ ਔਕੜ ਜਾਂ ਰੁਕਾਵਟ ਅਨੁਭਵ ਕੀਤੀ ਹੈ।

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਕਵੀ ਦੀ ਵਧੇਰੇ ਸ਼ਬਦਾਵਲੀ ਗੂੜ੍ਹ-ਗਿਆਨ ਵਾਲੀ ਤੇ ਇਸਲਾਮੀ ਮਿਥਿਹਾਸਕ ਪ੍ਰਸੰਗਾਂ ਜਾਂ ਬਿੰਬਾਵਲੀ ਵਾਲੀ ਨਹੀਂ, ਪਰ ਕਿਤੇ ਕੋਈ ਰੁਕਾਵਟ ਅਥਵਾ ਖ਼ਾਮੀ ਜ਼ਰੂਰ ਹੈ ਜੋ ਅਰਥ-ਸੰਚਾਰ ਦੇ ਰਾਹ ਵਿਚ ਰੋੜਾ ਬਣਦੀ ਹੈ। ਮਿਸਾਲ ਵਜੋਂ ਮੁਲਤਾਨ ਸ਼ਹਿਰ ਦੀ

ਵਾਰ ਕਵਿਤਾ ਪੇਸ਼ ਕੀਤੀ ਜਾ ਸਕਦੀ ਹੈ। ਇਸ ਵਿਚ ਕਵੀ ਪਾਕਿਸਤਾਨ ਦੇ ਪ੍ਰਸਿੱਧ ਇਤਿਹਾਸਕ ਸ਼ਹਿਰ ਮੁਲਤਾਨ ਦੀ ਮਹਿਮਾ ਗਾਉਂਦਾ ਹੈ। ਵਿਚ ਸ਼ਮਸ ਦਾ ਜ਼ਿਕਰ ਆਉਂਦਾ ਹੈ। ਉਸ ਬਾਰੇ ਕੁਝ ਕਾਵਿ-ਪੰਗਤੀਆਂ ਵਿਚਾਰ-ਗੋਚਰੇ ਹਨ।

**ਮਨ ਘਨ ਮਨ ਘਨ ਮੈਂ ਸ਼ਮਸ ਮੈਂ ਆਪੇ ਸ਼ਮਸ**
**ਕੁੱਕੜ ਖੇਹ ਤਾਲੀਮ ਮਦਰੱਸੇ**
**ਬਾਂਗ ਡਕਾਰ ਮਤੇ ਮਨਸੂਬੇ**
**ਅੱਖ ਅਠਰਾਹ ਸਭ ਝਿੱਲੀ ਉੱਲੀ।**
**ਦਿਲ ਦਰਿਆ ਰੱਤ ਰੇਤ ਕਦੂਰਤ**
**ਨਾੜੀ ਫਿਰੇ ਅਕਾਅ**
**ਮੈਂ ਬੁੱਝ ਗਈ ਤਾਂ ਖੁੱਲ ਵੀ ਫਾਹੀ**
**ਫਾਤੇ ਸਾਧੂ ਠੱਗ ਸਿਪਾਹੀ**
**ਡਰਿਆ ਤਾਂ ਚੜ੍ਹਿਆ ਚਰਚੇ ਮਮਟੀ**
**ਡਰ ਵੜਿਆ ਗੁੱਠ ਸ਼ਰਮ-ਹਜ਼ੂਰੀ।** (ਪੰਨਾ 137)

ਉਪਰਲੇ ਬੰਦ ਤੋਂ ਮੈਨੂੰ ਤਾਂ ਕੁਝ ਪਤਾ ਨਹੀਂ ਲੱਗਦਾ ਕਿ ਮਾਜਰਾ ਕਿਆ ਹੈ। ਬਾਰ-ਬਾਰ ਪੜ੍ਹਨ ਬਾਅਦ ਪਤਾ ਲੱਗਦਾ ਹੈ ਕਿ ਸ਼ਮਸ ਤਬਰੇਜ਼ ਦੀ ਖੱਲ ਲਾਹੁਣ ਵਾਲੀ ਘਟਨਾ ਮੁਲਤਾਨ ਨਾਲ ਸਬੰਧਤ ਹੈ। ਇਹ ਵਾਰ ਪੁਸਤਕ ਦੇ ਪੰਦਰਾਂ ਸਫ਼ਿਆਂ 'ਤੇ ਫੈਲੀ ਹੋਈ ਹੈ। ਹੌਲੀ-ਹੌਲੀ ਬੜਾ ਧੁੰਦਲਾ ਜਿਹਾ, ਪਤਾ ਲੱਗਦਾ ਹੈ ਕਿ ਵਾਰ ਸ਼ਮਸ ਤਬਰੇਜ਼ ਦੀ ਸ਼ਹੀਦੀ ਬਾਰੇ ਹੈ। ਇਹ ਵਿਸ਼ਾ ਬੜਾ ਹੀ ਮਹੱਤਵਪੂਰਨ ਹੈ, ਪਰ ਕਵੀ ਦਾ ਕਾਵਿਕ-ਬਿਰਤਾਂਤ ਇਸ ਨੂੰ ਪੂਰੀ ਭਾਂਤ ਪਾਠਕ ਦੇ ਮਨ ਵਿਚ ਸਪੱਸ਼ਟ ਤਰ੍ਹਾਂ ਉਘੜਨ ਨਹੀਂ ਦਿੰਦਾ।

ਇੰਝ ਹੀ ਇਸ ਸੰਗ੍ਰਹਿ ਵਿਚ 'ਬਾਰ ਦੀ ਵਾਰ' ਇੱਕ ਹੋਰ ਲੰਮੇਰੀ ਕਾਵਿ-ਰਚਨਾ ਹੈ। ਇਹ ਵੀ ਇੱਕ ਬਿਰਤਾਂਤਕ ਕਥਾ ਦਾ ਹੀ ਕਾਵਿਕ-ਬਿਆਨ ਹੈ। ਇਹ ਰਚਨਾ 11 ਸਫ਼ੇ ਲੰਮੀ ਹੈ। ਇਸ ਵਿਚ ਦੋ ਕਲਾ-ਪ੍ਰੇਮੀ ਅਥਵਾ ਲੋਕ-ਧਾਰਾ ਦੇ ਮਤਵਾਲੇ ਇੱਕ ਲਾਖੀ ਨਾਂ ਦੇ ਪੁਰਾਣੇ ਬਜ਼ੁਰਗ ਦੇ ਡੇਰੇ ਉੱਤੇ ਜਾ ਢੋਲੇ ਇਕੱਠੇ ਕਰਦੇ ਹਨ। ਪਰ ਸਾਰੇ ਬਿਰਤਾਂਤ ਵਿਚ ਕਾਫ਼ੀ ਕੁਝ ਅਸਪੱਸ਼ਟ ਤੇ ਧੁੰਦਲਾ-ਧੁੰਦਲਾ ਰਹਿ ਜਾਂਦਾ ਹੈ। ਇਸ ਸੰਗ੍ਰਹਿ 'ਚ ਨਿੱਕੀਆਂ ਤੇ ਲੰਮੀਆਂ ਤੇਰਾਂ ਨਜ਼ਮਾਂ ਹਨ। ਪਿੱਛੇ ਵਿਚਾਰੇ ਗਏ ਤਿੰਨਾਂ ਕਾਵਿ-ਸੰਗ੍ਰਹਿਆਂ ਵਿਚ ਕਵੀ ਦੀ ਵਿਸ਼ਿਆਂ ਦੀ ਚੋਣ, ਬਿੰਬਾਵਲੀ ਤੇ ਸਮੁੱਚੀ ਕਾਵਿ-ਸ਼ੈਲੀ ਵਿਚ ਮੈਨੂੰ ਕੋਈ ਉਘੜਵਾਂ ਵਿਕਾਸ ਹੋਇਆ ਵਿਖਾਲੀ ਨਹੀਂ ਦਿੰਦਾ।

5

"ਰੁੱਤ ਦੇ ਕੰਮ" ਕਵੀ ਦਾ ਚੌਥਾ ਕਾਵਿ-ਸੰਗ੍ਰਹਿ ਹੈ। ਇਹ 'ਬਾਰ ਦੀ ਵਾਰ' ਦੇ ਨਾਲ ਹੀ 1976 ਵਿਚ ਛਪਿਆ ਸੀ। ਸਮਰਪਣ ਦੇ ਪੰਨੇ ਉੱਤੇ ਕਵੀ ਖਵਾਜਾ ਗੁਲਾਮ ਫ਼ਕੀਰ ਦੀ ਪੰਗਤੀ ਦਰਜ ਹੈ -

**ਆਈਆਂ ਪੀਲੂੰ ਚੁਣਨ ਦੇ ਸਾਂਗੇ**
**ਓੜਕ ਥੀਆ ਫਰੀਦਣ ਵਾਂਗੇ।**

ਇਸ ਸੰਗ੍ਰਹਿ ਵਿਚ ਨੌਂ ਗਾਉਣ ਅਥਵਾ ਗੀਤ ਹਨ ਤੇ ਦੋ ਵਾਰਾਂ ਹਨ। ਇਹਨਾਂ ਗੀਤਾਂ ਦੀ ਕੋਈ ਨਿਯਮਤ ਬਣਤਰ ਤੇ ਸਰੂਪ ਨਹੀਂ। ਇਹਨਾਂ ਵਿਚ ਵੀ ਕਵੀ ਨੇ ਮਨਮਰਜ਼ੀ ਦੀਆਂ ਤਕਨੀਕੀ ਖੁੱਲ੍ਹਾਂ ਲਈਆਂ ਹਨ। ਜੇ ਉੱਤੋਂ ਸਿਰਲੇਖ ਕੱਟ ਦੇਈਏ ਤਾਂ ਇਹ ਕਵਿਤਾਵਾਂ ਹੀ ਜਾਪਦੀਆਂ ਹਨ। ਪਤਾ ਨਹੀਂ ਨਜਮ ਹੁਸੈਨ ਸੱਯਦ ਵਰਗਾ ਚਿੰਤਕ ਕਵੀ ਏਨੀਆਂ ਖੁੱਲ੍ਹਾ ਕਿਉਂ ਲੈ ਰਿਹਾ ਹੈ। ਉਹ ਅਚੇਤ ਹੀ ਇੰਝ ਨਹੀਂ ਕਰ ਰਿਹਾ, ਸਗੋਂ ਸੁਚੇਤ ਹੋ ਕੇ ਅਥਵਾ ਜਾਣ-ਬੁੱਝ ਕੇ (Deconstruction) ਵਿਭਾਜਨ ਕਰ ਰਿਹਾ ਹੈ। ਗੀਤ ਦੇ ਕਈ ਰੂਪ ਹੋ ਸਕਦੇ ਹਨ, ਪਰ ਪਹਿਲੀਆਂ ਦੋ ਜਾਂ ਇੱਕ ਪੰਗਤੀ 'ਮੁਖੜਾ'



ਅਖਵਾਉਂਦੀ ਹੈ। ਬਾਕੀ ਦੇ ਬੰਦਾਂ ਦੀ ਆਖ਼ਰੀ ਪੰਗਤੀ ਦਾ ਕਾਫੀਆ ਮੁੱਖੜੇ ਦੇ ਕਾਫੀਏ ਨਾਲ ਮਿਲਦਾ ਹੁੰਦਾ ਹੈ। ਕੀ ਸੱਯਦ ਇਹ ਮੁੱਢਲੀਆਂ ਗੱਲਾਂ ਜਾਂ ਪਾਬੰਦੀਆਂ ਤੋਂ ਅਣਜਾਣ ਹੈ? ਇਹ ਤੇ ਇਹੋ ਜਿਹੇ ਹੋਰ ਕਈ ਪ੍ਰਸ਼ਨ ਉੱਠਦੇ ਹਨ। ਉਸ ਦੀ ਗੀਤਾਂ ਦੀ ਸਭ ਤੋਂ ਕਮਜ਼ੋਰ ਬੰਦਸ਼ ਤੋਂ ਗੱਲ ਸ਼ੁਰੂ ਕਰਦੇ ਹਾਂ। ਲਿਖਦੇ ਨੇ-

**ਮੀਂਹ ਆਉਂਦਾ ਏ**
**ਮੈਨੂੰ ਕਰਦਾ ਏ ਕੱਲਿਆਂ**
**ਜਿਵੇਂ ਸਮੁੰਦਰ ਹੋਂਦਾ ਏ ਕੱਲਾ**
**ਜਿਵੇਂ ਪਹਾੜ ਦਿਆਰਾਂ ਅੰਦਰ ਫਿਰੇ ਹਵਾ**
**ਡਲ੍ਹਕਣ ਜਿਵੇਂ ਢੇਰ ਦੁਰਾਡੇ ਤਾਰੇ ਦਾ**
**ਮੁੜ ਆਪੇ ਮੀਂਹ ਆਂਹਦਾ ਏ**
**ਮੈਂ ਤੇ ਪਾਣੀ ਆਂ।** (ਪੰਨਾ 175)

ਗੀਤ ਗਾਉਣ ਵਾਲੀ ਰਚਨਾ ਹੁੰਦੀ ਹੈ। ਕੀ ਉਕਤ ਬੰਦ ਗਾਇਆ ਜਾ ਸਕਦਾ ਹੈ? ਇਹ ਖੁੱਲ੍ਹਾਂ ਇਹ ਭੰਨ-ਤੋੜ, ਇਹ ਅਰਾਜਕਤਾਂ, ਸਾਹਿਤ ਵਿਚ ਅਨਾਰਕਿਸਟਾਂ ਦਾ ਕੰਮ ਹੁੰਦਾ ਹੈ, ਸੱਯਦ ਵਰਗੇ ਤਰੱਕੀ ਪਸੰਦ ਤੇ ਗੰਭੀਰ ਲੇਖਕਾਂ ਤੇ ਚਿੰਤਕਾਂ ਦਾ ਨਹੀਂ। ਆਓ ਹੁਣ ਕੁਝ ਬਿਹਤਰ ਕੋਸ਼ਿਸ਼ ਦਾ ਜ਼ਿਕਰ ਕਰੀਏ। ਸਿਰਲੇਖ ਹੈ,

**ਸਿਆਲੇ ਦੀਆਂ ਝੜੀਆਂ ਵਿਚ ਟੱਪਰੀਵਾਸਾਂ ਦਾ ਗਾਉਣ**

**ਚੱਟੀ ਜਾਂਦੀਆਂ, ਪੁਰਾਣੀਆਂ ਛੱਤਾਂ**
**ਨਿਆਣੇ ਹੱਥ ਕਣੀਆਂ ਦੇ।**
**ਚੱਟੀ ਜਾਂਦੇ ਨੇ ਚੁਬਾਰੇ ਕੱਲਰੇ**
**ਨਿਆਣੇ ਹੱਥ ਕਣੀਆਂ ਦੇ।**
**ਚੱਟੀ ਜਾਂਦੀਆਂ ਨਿਆਣੇ ਹੱਥ ਕਣੀਆਂ ਦੇ**
**ਇਸ਼ਤਿਹਾਰ ਸ਼ਿੰਗਾਰੀਆਂ ਕੰਧਾਂ**
**ਚੱਟੀ ਜਾਂਦੇ ਨੇ ਨਵੇਂ ਸੱਤ ਮੰਜ਼ਲੇ**
**ਨਿਆਣੇ ਹੱਥ ਕਣੀਆਂ ਦੇ।** (ਪੰਨਾ 176)

ਉਕਤ ਗੀਤ ਵਿਚ ਵੀ ਪੈਰ-ਪੈਰ ਉੱਤੇ ਰਦੀਫ਼ ਤੇ ਕਾਫੀਆ ਦਾ ਉਲੰਘਣ ਸਾਧਾਰਨ ਪਾਠਕ ਨੂੰ ਵੀ ਵਿਖਾਲੀ ਦੇ ਦਿੰਦਾ ਹੈ। ਬਿਹਤਰ ਹੁੰਦਾ ਜੇ ਇਹਨਾਂ ਦਾ ਸਿਰਲੇਖ ਨਜ਼ਮ ਵਰਗਾ ਰੱਖ ਲਿਆ ਜਾਂਦਾ ਤਾਂ ਪਾਠਕ ਲਈ ਸਾਰੇ ਪਰਦੇ ਕੱਜੇ ਜਾਣੇ ਸਨ।

'ਮੁਨਸ਼ੀ ਨੂਰੇ ਦੀ ਵਾਰ' ਅਤੇ 'ਅੰਗਰੇਜ਼ ਰਾਜ ਦੇ ਸਮੇਂ ਇੱਕ ਨਾਬਰ ਸ਼ਾਇਰ ਗੁਲਾਮ ਰਸੂਲ ਦੀ ਵਾਰ' ਦੋ ਵਾਰਾਂ ਹਨ। ਇਹਨਾਂ ਦੀ ਬਣਤਰ ਵਿਚ ਉਹੀ ਉਲੰਘਣਾਵਾਂ ਹਨ, ਜਿਨ੍ਹਾਂ ਦਾ ਜ਼ਿਕਰ ਅਸੀਂ ਪਹਿਲੇ ਸੰਗ੍ਰਹਿਆਂ ਦੀਆਂ ਵਾਰਾਂ ਬਾਰੇ ਕਹਿ ਆਏ ਹਾਂ। ਇਹ ਵਾਰਾਂ, ਨਹੀਂ ਵਾਰਤਾਲਾਪ ਹਨ, ਜਾਂ ਕਈਆਂ ਕਾਵਿ-ਰੂਪਾਂ ਦਾ ਮਿਲਗੋਬਾ ਅਥਵਾ ਸਤਨਾਜਾ ਹਨ। 'ਮੁਨਸ਼ੀ ਨੂਰੇ ਦੀ ਵਾਰ' ਦੀਆਂ ਪਹਿਲੀਆਂ ਪੰਗਤੀਆਂ ਇੰਝ ਹਨ :

**ਨਾਂ ਕੀ ਲਈਦਾ ਏ ....... ਰੁੜ੍ਹਿਆ**
**ਤੇਰੇ ਘਰ ਵੀ ਹੋ ਗਿਆ ਏ ਮੁੰਡਾ।**
**ਵਧੀ ਜਾਓ ....... ਪੈਦਾਵਾਰ ਹਵਾ ਦੀ**
**ਮੇਰਾ ਕੁਝ ਨਹੀਂ ਖੁੱਸਣਾ।**

**ਆਵੀ ਜਾਓ ਡਾਰਾਂ ਬੰਨ੍ਹ ਕੇ ਰੱਤੀਆਂ ਚੁੰਜਾਂ ਵਾਲਿਓ। (ਪੰਨਾ 206)**

ਇਹ ਸਤਰਾਂ ਪੜ੍ਹ ਕੇ ਇਸ ਬਾਰੇ ਹੋਰ ਟਿੱਪਣੀ ਕਰਨ ਦੀ ਲੋੜ ਪ੍ਰਤੀਤ ਨਹੀਂ ਹੁੰਦੀ। ਗੁਲਾਮ ਰਸੂਲ ਦੀ ਵਾਰ ਵੀ ਇੰਝ ਹੀ ਬੇਤਰਤੀਬੀ ਵਾਲੀ ਰਚਨਾ ਹੈ -

**ਮਨ ਗੁਲਾਮ ਰਸੂਲ ਦੀਏ ਮਾਏ**
**ਮੈਂ ਜਾਣਨਾਂ**
**ਇਹ ਸਿੱਧ ਸਾਧ ਨਹੀਂ ਕੋਈ ਛੋਹਿਰ ਤੇਰਾ।**

'ਚੇਤਰ ਬਹਾਰ ਦੇ ਪਾਤਰ' ਇੱਕ ਅਲੋਕਾਰ ਤੇ ਨਵੇਂ ਵਿਸ਼ੇ ਬਾਰੇ ਕਵਿਤਾ ਹੈ। ਇਸ ਵਿਚ ਬਹਾਰ ਦੀ ਰੁੱਤ ਦੇ ਚਾਰ ਪਾਤਰ ਕੋਈ ਟਿੱਡੇ ਜਾਂ ਕੀਟ-ਪਤੰਗੇ ਹਨ। 'ਹਸਪਤਾਲੋਂ ਨਿਕਲਦੇ ਬਾਬੇ ਦੀਆਂ ਬੋਲੀਆਂ' ਇੱਕ ਬਜ਼ੁਰਗ ਦੇ ਠੀਕ ਹੋ ਕੇ ਘਰ ਜਾਣ ਦੀ ਖੁਸ਼ੀ ਬਾਰੇ ਜੋੜੇ ਟੱਪੇ ਹਨ। 'ਉਡਤੀ' ਇੱਕ ਘਰ-ਵਿਹੂਣੇ ਬੱਚੇ ਦਾ ਰੇਖਾ ਚਿੱਤਰ ਹੈ।

6

'ਖੱਪੇ' ਇਸ ਕਾਵਿ-ਲੜੀ ਦਾ ਪੰਜਵਾਂ ਕਾਵਿ-ਸੰਗ੍ਰਹਿ ਹੈ। ਜੋ 1986 ਵਿਚ ਪ੍ਰਕਾਸ਼ਿਤ ਹੋਇਆ ਸੀ। ਸਮਰਪਣ ਦੀ ਟੂਕ ਵਿਚ ਦਰਜ ਹੈ।

**ਜਿਹੜੇ ਅਸੀਂ ਬਹੁੜ ਨਾ ਸਕੇ**
**ਸਾਡੀ ਹਾਜ਼ਰੀ ਖੱਪੇ ਨੇ।**

ਸੱਯਦ ਸਾਹਿਬ ਦੇ ਕਾਵਿ ਸੰਗ੍ਰਹਿਆਂ ਬਾਰੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਉਹਨਾਂ ਕਿਸੇ ਵੀ ਸੰਗ੍ਰਹਿ ਦੀ ਭੂਮਿਕਾ ਲਈ ਚਾਰ ਸ਼ਬਦ ਨਾ ਆਪ ਲਿਖੇ ਹਨ, ਨਾ ਕਿਸੇ ਤੋਂ ਲਿਖਵਾਏ ਹਨ। ਆਪਣੀ ਕਿਰਤ ਬਾਰੇ ਇਸ ਤਰ੍ਹਾਂ ਦਾ ਬੇਨਿਆਜ਼ ਬੰਦਾ ਮਿਲਣਾ ਮੁਸ਼ਕਿਲ ਹੈ। 'ਖੱਪੇ' ਸੰਗ੍ਰਹਿ ਵਿਚ ਕੁਝ ਰਾਸ਼ਟਰੀ ਚੇਤਨਾ ਵਾਲੀਆਂ ਨਜ਼ਮਾਂ ਵੀ ਸਾਡਾ ਧਿਆਨ ਖਿੱਚਦੀਆਂ ਹਨ। ਉਂਝ ਤਾਂ ਉਹਨਾਂ ਦੀ ਸਮੁੱਚੀ ਰਚਨਾ ਦੀ ਪਹੁੰਚ ਜਨਵਾਦੀ, ਮਨੁੱਖ-ਹਿਤੈਸ਼ੀ ਤੇ ਤੰਦਰੁਸਤ ਕਦਰਾਂ-ਕੀਮਤਾਂ ਦੀ ਅਨੁਆਈ ਹੈ, ਪਰ ਉਹ ਦੇਸ਼ ਦੀਆਂ ਰਾਜਸੀ ਸਥਿਤੀਆਂ ਦੇ ਅਨੁਸਾਰ ਖੁੱਲ ਕੇ ਤੇ ਸਪੱਸ਼ਟ ਭਾਂਤ ਗੱਲ ਨਹੀਂ ਕਰਦੇ। ਮੈਂ ਖ਼ਾਸ ਤੌਰ 'ਤੇ ਨੋਟ ਕੀਤਾ ਹੈ ਕਿ ਇਸ ਸੰਗ੍ਰਹਿ ਵਿਚ ਕੁਝ ਅਜਿਹੀਆਂ ਨਜ਼ਮਾਂ ਹਨ ਜਾਂ ਕਿਤੇ-ਕਿਤੇ ਅਜਿਹੇ ਬੰਦ ਹਨ, ਜਿਨ੍ਹਾਂ ਤੋਂ ਉਹਨਾਂ ਦੀ ਕਾਵਿ-ਦ੍ਰਿਸ਼ਟੀ ਤੇ ਨਜ਼ਰੀਆ ਸਾਫ ਦਿਸ ਪੈਂਦਾ ਹੈ।

**ਇੱਟ ਖੜੱਕੇ ਨਿਬੜਣ ਝਗੜੇ**
**ਮਾੜੇ ਜੁੜਨ ਤਾਂ ਭੁਰਦੇ ਤਗੜੇ**
**ਓੜਕ ਸੱਚੀ ਕਰ ਸੱਚਿਆ।**
**ਹੀਣੇ ਹੱਥਲ ਨਿਮਾਣੇ ਟੁਰ ਪਏ**
**ਪੱਟਣ ਪੁਰਾਣੇ ਠਾਣੇ ਟੁਰ ਪਏ**
**ਜੱਦਣ ਅਜੋਕਾ ਸੱਚ ਪਚਿਆ (ਪੰਨਾ 219)**
**ਜਾਂ**
**ਢੋਲ ਨਿਆਂ ਦੇ ਅੱਜ ਸਿਰਾਂ 'ਤੇ ਗੱਜੇ ਨੇ.**
**ਕਰਣਹਾਰ ਕਿਉਂ ਸੌਂ ਗਿਆ ਭੁੱਖਾ।**
**ਵਿਹਲੜ ਜਗੋ ਕਿਉਂ ਰੱਜੇ ਨੇ।**
**ਜਾਂ**
**ਚਿੱਕੜ ਸੌੜੀਆਂ ਗਲੀਆਂ ਵਿਚੋਂ**
**ਕੱਲਰ ਚੱਟੀਆਂ ਪੈਲੀਆਂ ਵਿਚੋਂ**



**ਚੜ੍ਹਸੀ ਕਟਕ ਨਿਮਾਣਿਆਂ ਦਾ**
**ਏਕਾ ਤਾਣ ਨਿਤਾਣਿਆਂ ਦਾ। (ਪੰਨਾ 221)**
**ਜਾਂ**
**ਚਿੜੀਆਂ ਰਹਿਣਗੀਆਂ**
**ਚੰਬਾ ਚੰਬਾ ਰੁੱਖਾਂ ਉੱਪਰੋਂ ਲਹਿਣਗੀਆਂ**
**ਸਾਦ ਮੁਰਾਦੀਆਂ ਕੁੜੀਆਂ ਵਾਂਗਣ**
**ਜੋ ਮੂੰਹ ਆਈ ਕਹਿਣ ਗੀਆਂ। (ਪੰਨਾ 250)**

ਇਸ ਸੰਗ੍ਰਹਿ ਵਿਚ ਵੀ ਕੁਝ ਗੀਤ ਹਨ, ਜੋ ਪਹਿਲੇ ਜ਼ਿਕਰ ਕੀਤੇ ਬੇਤਰਤੀਬੇ ਗੀਤਾਂ ਦੇ ਟਾਕਰੇ ਉੱਤੇ ਬਿਹਤਰ ਹਨ। ਇਹਨਾਂ ਵਿਚ ਤਾਲ ਤੇ ਛੰਦ ਦਾ ਪੂਰਾ-ਪੂਰਾ ਤੇ ਨਹੀਂ, ਪਰ ਕਾਫ਼ੀ ਹੱਦ ਤੀਕ ਖ਼ਿਆਲ ਰੱਖਿਆ ਗਿਆ ਹੈ। 'ਝੂੰਮਰ ਨਾਚ ਦਾ ਗੀਤ', 'ਪਰਹਾਈਆਂ ਦਾ ਗਾਉਣ', 'ਵਿਸਾਖੀ ਦਾ ਗਾਉਣ', 'ਧਮਾਲ ਗਾਉਣ', 'ਚੂਹੜਿਆਂ ਦਾ ਗਾਉਣ', 'ਭੰਗੜਾ', 'ਰੰਗ', 'ਨਜ਼ਾਮ ਲੁਹਾਰ ਦਾ ਗਾਉਣ' ਆਦਿ ਨੌਂ ਗੀਤ ਹਨ। ਜਿਹਨਾਂ ਵਿਚ ਪ੍ਰਗੀਤਾਂ ਦੇ ਕਾਵਿ-ਸ਼ਾਸਤਰ ਦਾ ਕੁਝ ਖ਼ਿਆਲ ਰੱਖਿਆ ਗਿਆ ਹੈ। ਥੋੜ੍ਹੀ ਬਹੁਤੀ ਪੋਚਾ-ਪਾਚੀ ਨਾਲ ਇਹ ਗੀਤ ਵਧੀਆ ਕਾਵਿ-ਕਿਰਤਾਂ ਬਣ ਸਕਦੀਆਂ ਹਨ।

**ਅੱਜ ਭਿੱਟਿਆਂ ਨਾਲ ਨੱਚ**
**ਨੀ ਦਿਲ ਦੀਏ ਬਾਹਮਣੀਏ।**
**ਵੱਟ ਲੈ ਝੂਠ ਦਾ ਸੱਚ**
**ਨੀ ਦਿਲ ਦੀਏ ਬਾਹਮਣੀਏ।**

**ਕੁੱਲੀਆਂ ਜੁੜੀਆਂ ਤਾਂ ਬਣਸੀ ਬਸਤੀ**
**ਜਿੱਥੇ ਪ੍ਰੀਤ, ਹਵਾ ਜਿਹੀ ਸਸਤੀ**
**ਇਕੱਲਵਾਜੇ ਭਰਸੀ ਤੇਰਾ**
**ਧੌਲਰ ਚੂਨੇ ਗੱਚ**
**ਨੀ ਦਿਲ ਦੀਏ ਬਾਹਮਣੀਏ। (ਪੰਨਾ 223)**

ਇੰਝ ਹੀ 'ਨਜ਼ਾਮ ਲੁਹਾਰ ਦਾ ਗਾਉਣ' ਇਸ ਸੰਗ੍ਰਹਿ ਦੀ ਪ੍ਰਾਪਤੀ ਹੈ।

**ਅਸਾਂ ਕੀਤਾ ਨਾ ਮਨਜ਼ੂਰ**
**ਜੀਊਣਾ ਇਸ ਰੰਗ ਦਾ**
**ਭੋਏਂ ਭਾਂਡਾ ਜਦ ਵੱਖਰਾ ਹੋਵੇ**
**ਪੀੜ ਦਿਲਾਂ ਨੂੰ ਕੀਕਣ ਪੋਹਵੇ**
**ਮੈਂ ਕੋਲੋਂ ਮੈਂ ਦੂਰ**
**ਜੀਊਣਾ ਇਸ ਰੰਗ ਦਾ**
**ਅਸਾਂ ਕੀਤਾ ਨਾ ਮਨਜ਼ੂਰ। (ਪੰਨਾ 228)**

'ਨੂਰੀ ਦੀ ਬੋਲੀ', 'ਸ਼ੇਰਾਂ ਦਾ ਬਿਆਨ', 'ਸਰਕਾਰੀ ਸਕੂਲ', 'ਚੀਜ਼ ਗਵਾਚੀ', 'ਅਸਮਾਨ ਤੇ ਲਾਲੀ', 'ਪਹਾੜ ਦੀ ਵਾਰ' ਇਸ ਸੰਗ੍ਰਹਿ ਦੀਆਂ ਹੋਰ ਚੰਗੀਆਂ ਨਜ਼ਮਾਂ ਹਨ। 'ਪਹਾੜ ਦੀ ਵਾਰ' ਵਾਰ ਰਚਨਾ ਦੇ ਕਾਵਿ-ਸ਼ਾਸਤਰ ਨੂੰ ਕਵੀ ਦੀਆਂ ਬਾਕੀ ਵਾਰਾਂ ਵਾਂਗ ਉਲੰਘਦੀ ਹੈ। ਵਾਰ ਦੀ ਥਾਂ ਜੇ ਕਵਿਤਾ ਦਾ ਨਾਂ ਉੱਤੇ ਲਿਖ ਦਿੱਤਾ ਜਾਂਦਾ ਹੈ ਤਾਂ ਕੋਈ ਫਰਕ ਨਹੀਂ ਸੀ ਪੈਣਾ। ਕਿਉਂਕਿ ਇਸ

ਕਵਿਤਾ ਦਾ ਵਿਸ਼ਾ-ਸਮੱਗਰੀ ਕਿਸੇ ਪੱਖੋਂ ਵੀ ਵਾਰ ਦੀ ਪਰਿਭਾਸ਼ਾ ਦੇ ਅਨੁਸਾਰੀ ਨਹੀਂ। ਇਸ ਵਾਰ ਵਿਚ ਗੱਲ ਤੇ ਸਿਰਫ਼ ਏਨੀ ਸੀ ਕਿ ਇਸ ਦੇ ਪਾਤਰ ਪਹਾੜ ਦੀ ਸੈਰ ਨੂੰ ਜਾਂਦੇ ਹਨ। ਉੱਥੇ ਬੱਸ-ਅੱਡੇ ਉੱਤੇ ਉਹਨਾਂ ਨੂੰ ਇੱਕ ਕੁਲੀ ਮਿਲ ਜਾਂਦਾ ਹੈ, ਜੋ ਰੋਜ਼ ਉਹਨਾਂ ਦੇ ਹੋਟਲ ਅੱਗੇ ਆ ਕੇ ਬਹਿ ਜਾਂਦਾ ਹੈ ਤੇ ਆਖਦਾ ਹੈ, ਮੈਂ ਹੀ ਤੁਹਾਡੇ ਸਾਮਾਨ ਦੇ ਸਾਰੇ ਨਗ ਅੱਡੇ ਉੱਤੇ ਲੈ ਕੇ ਜਾਵਾਂਗਾ। ਕਵੀ ਨੇ ਇਸ ਨਿੱਕੀ ਜਿਹੀ ਘਟਨਾ ਨੂੰ ਕਿਤਾਬ ਦੇ ਸੱਤ ਸਫਿਆਂ ਵਿਚ ਨਜਿੱਠਿਆ ਹੈ।

'ਸ਼ੇਰਾਂ ਦਾ ਬਿਆਨ' ਭੰਡਾਂ ਦੀ ਵਿਅੰਗ-ਵਿਧੀ ਅਨੁਸਾਰ ਨਿਭਾਇਆ ਹੈ। ਇਸ ਵਿਚ ਸਰਕਾਰੀ ਬੱਬਰ-ਸ਼ੇਰ ਸਰਕਾਰ ਦੇ ਪੂਛਾਂ-ਕੱਟੇ ਚਮਚੇ ਹਨ, ਜੋ ਆਪਣੇ ਆਪ ਨੂੰ ਫੰਨੇ-ਖਾਂ ਸਮਝ ਰਹੇ ਹਨ। ਸਿਆਸੀ ਭਾਂਤ ਦੀ ਇਸ ਕਵਿਤਾ ਨੂੰ ਵਿਅੰਗ ਦੀ ਵਿਧੀ ਅਨੁਸਾਰ ਨਿਭਾਇਆ ਗਿਆ ਹੈ।

**ਲਿੱਸਾ ਦਿਸੇ ਤਾਂ ਆਕੜ ਜਾਈਏ**
**ਡਾਢਾ ਦਿਸੇ ਤਾਂ ਨਿੱਸਲ ਜਾਈਏ**
**ਬਾਕੀ ਵੇਲਾ ਪਹਿਲੀ ਦੀ**
**ਜਾਂ ਦੂਜੀ ਗੱਲ ਦੀ ਤਿਆਰੀ**
**ਹਾਂ ਜੀ, ਬੱਬਰ ਸ਼ੇਰ ਸਰਕਾਰੀ।** (ਪੰਨਾ 234)

ਰਾਜਨੀਤਿਕ / ਸਮਾਜਿਕ ਰੰਗਣ ਵਾਲੀਆਂ ਨਿਰੋਈਆਂ, ਨਿੱਗਰ, ਨਜ਼ਮਾਂ ਕਾਰਨ ਇਹ ਸੰਗ੍ਰਹਿ ਕਵੀ ਦੀ ਕਾਵਿ-ਚੇਤਨਾ ਨੂੰ ਨਵਾਂ ਪਾਸਾਰ ਦਿੰਦਾ ਹੈ ਅਤੇ ਸਮੁੱਚੀ ਪਾਕਿਸਤਾਨੀ ਪੰਜਾਬੀ ਕਵਿਤਾ ਵਿਚ ਉਸਦੇ ਬਿੰਬ ਨੂੰ ਖ਼ੂਬ ਉਜਾਗਰ ਕਰਦਾ ਹੈ। ਅਸਲ ਵਿਚ ਜਦੋਂ ਕਦੇ ਵੀ ਪਾਕਿਸਤਾਨ ਵਿਚ ਮਾਰਸ਼ਲ-ਲਾਅ ਹਟਣ ਤੋਂ ਬਾਅਦ ਥੋੜ੍ਹੇ ਸਮੇਂ ਲਈ ਲੋਕ-ਰਾਜ ਕਾਇਮ ਹੁੰਦਾ ਸੀ, ਤਾਂ ਕਿਸੇ ਨੂੰ ਵੀ ਇਹ ਯਕੀਨ ਨਹੀਂ ਸੀ ਆਉਂਦਾ ਕਿ ਇਹ ਪੱਕੇ ਪੈਰੀਂ ਤੇ ਦੇਰ ਤੀਕਰ ਰਹੇਗਾ। ਲੋਕਾਂ ਵਿਚ ਸੈਨਿਕ ਤਸ਼ੱਦਦ ਦਾ ਖ਼ੌਫ਼ ਹੀ ਏਨਾ ਹੁੰਦਾ ਸੀ ਕਿ ਕਲਾਕਾਰ ਗੱਲ ਕਰਨ ਲੱਗੇ ਸੌ ਵਾਰ ਸੋਚਦੇ ਸਨ। ਇਸ ਸਥਿਤੀ ਨੇ ਸਾਹਿਤ ਤੇ ਕਲਾ ਉੱਤੇ ਬਹੁਤ ਨਿਰਾਸ਼ਾਮਈ ਪ੍ਰਭਾਵ ਪਾਇਆ ਅਤੇ ਅਦਬ ਵਿਚ ਨਰੋਏ ਰੁਝਾਨਾਂ ਨੂੰ ਪਨਪਣ ਨਹੀਂ ਦਿੱਤਾ।

7

'ਸ਼ੀਸ਼ ਮਹੱਲ ਦੀ ਵਾਰ' ਕਵੀ ਦੀ ਛੇਵੀਂ ਪੁਸਤਕ ਹੈ। ਜੋ 1993 ਵਿਚ ਪ੍ਰਕਾਸ਼ਿਤ ਹੁੰਦੀ ਹੈ। ਉਸ ਦੇ ਪਹਿਲੇ ਸਫ਼ੇ ਉੱਤੇ ਹੇਠ ਲਿਖੀ ਤੁਕ ਦਰਜ ਹੈ -

**ਸਚਹੁ ਉਰੈ ਸਭੁ ਕੋ**
**ਉਪਰਿ ਸਚੁ ਆਚਾਰ** (ਸ੍ਰੀ ਗੁਰੂ ਨਾਨਕ ਦੇਵ ਜੀ)

ਇਸ ਸੰਗ੍ਰਹਿ ਵਿਚ ਕੁਝ ਨਿੱਕੀਆਂ ਨਜ਼ਮਾਂ ਤੋਂ ਸਿਵਾਏ, ਇੱਕ ਲੰਮੀ ਕਾਵਿ-ਕਥਾ ਬਿਆਨ ਕੀਤੀ ਹੈ। ਵਾਰ ਦੇ ਕਾਵਿ-ਸ਼ਾਸਤਰ ਦੀ ਭੰਨ-ਤੋੜ ਬਾਰੇ ਪਹਿਲਾਂ ਹੀ ਕਾਫੀ ਕੁਝ ਕਿਹਾ ਜਾ ਚੁੱਕਾ ਹੈ। ਫੇਰ ਵੀ 'ਸ਼ੀਸ ਮਹੱਲ ਦੀ ਵਾਰ' ਦੇ ਵਿਸ਼ੇ ਦਾ ਸੰਖੇਪ ਵਰਨਣ ਕਰਨਾ ਬਣਦਾ ਹੈ। ਇਸ ਵਾਰ ਦੇ ਵੀਹ ਸਫ਼ੇ ਹਨ। ਇਸ ਵਿਚ ਇੱਕ ਪਾਤਰ 'ਸ਼ੀਸ਼ ਮਹੱਲ' ਦੇ ਬਾਰੇ ਦੱਸਦਾ, ਸਾਰਾ ਇਤਿਹਾਸ ਸਾਰੀ ਰਾਜਨੀਤੀ ਫੋਲ ਮਾਰਦਾ ਹੈ। ਸ਼ੀਸ਼ ਮਹੱਲ ਵਿਚ ਭੂਤਨੀਆਂ ਦਾ ਵਾਸਾ ਹੈ। ਇਹ ਵਹਿਮ ਕੱਢਣ ਲਈ, ਉਹ ਸੌ ਹਵਾਲੇ ਦਿੰਦਾ ਹੈ। ਪਰ ਸੋਚਣ ਵਾਲੀ ਗੱਲ ਹੈ ਕਿ ਇਹ ਵਾਰ ਕਿਵੇਂ ਬਣ ਗਈ? ਇਸ ਦੇ ਸਮਾਜਿਕ ਅਰਥ ਕੀ ਹੋਏ? ਇਹ ਕਾਹਦੇ ਲਈ ਲਿਖੀ ਗਈ ਹੈ। ਏਨੀ ਲੰਮੀ ਕਥਾ, ਏਨਾ ਲੰਮਾ ਪ੍ਰਵਚਨ। ਯਾ ਖ਼ੁਦਾ!

ਇਸ ਸੰਗ੍ਰਹਿ ਵਿਚ ਕੁਝ ਕੱਵਾਲੀ - ਗੀਤ ਵੀ ਹਨ। ਗਾਉਣ, ਇੱਕ ਤਰਾਨਾ, ਤੇ ਕੁਝ ਕੱਵਾਲੀ ਗੀਤ ਰਲ ਕੇ ਅੱਠ ਨੌਂ ਬਣ ਜਾਂਦੇ ਨੇ। ਇਹਨਾਂ ਗੀਤਾਂ ਵਿਚ ਬਿਹਤਰੀ ਦੇ ਕੁਝ ਸੰਕੇਤ ਮਿਲਦੇ ਹਨ। ਤਾਲ ਤੇ ਲੈਅ ਵਾਲੇ। ਇੱਕ ਮਿਸਾਲ ਪੇਸ਼ ਹੈ -



**ਅਸੀਂ ਅਜਬ ਨੇ ਮਹਿਲ ਉਸਾਰੇ**
**ਹੇਠ ਨੇ ਪੇਚੋ ਪੇਚ ਡਿਉੜੀਆਂ**
**ਉੱਪਰ ਦਰਸ਼ ਦਵਾਰੇ**
**ਕੰਨੋ ਕੰਨ ਆਵਾਜ਼ ਨਹੀਂ ਕੋਈ**
**ਨਿਗਰ ਨੇ ਗੁੰਬਦ ਸਾਰੇ।**

ਇਸ ਬੰਦ ਤੋਂ ਪ੍ਰਮਾਣਿਤ ਹੁੰਦਾ ਹੈ ਕਿ ਸੱਯਦ ਸਾਹਿਬ ਲਈ ਛੰਦ-ਬੱਧ ਰਚਨਾ ਕਰਨੀ ਕੋਈ ਔਖੀ ਨਹੀਂ।

ਸਮੁੱਚੇ ਤੌਰ 'ਤੇ ਇਹ ਸੰਗ੍ਰਹਿ ਕਮਜ਼ੋਰ ਹੈ। ਬੱਸ 'ਸ਼ੀਸ਼ ਮਹੱਲ ਦੀ ਵਾਰ' ਨੇ ਸਾਰੀ ਪੁਸਤਕ ਮੱਲੀ ਹੋਈ ਹੈ।

8

'ਆਮ ਦਿਨਾਂ ਦੇ ਨਾਂ' ਸੱਤਵਾਂ ਸੰਗ੍ਰਹਿ ਹੈ। ਜੋ 1994 ਵਿਚ ਛਪਿਆ ਸੀ। ਸਮਰਪਣ ਦੀ ਜਗ੍ਹਾ ਇਕ ਸ਼ਲੋਕ ਹੈ -

**ਸਰਵਰ ਪੰਖੀ ਹੇਕੜੋ, ਫਾਹੀਵਾਲ ਪਚਾਸ**
**ਇਹ ਤਨ ਲਹਿਰੀਂ ਗੱਡ ਥੀਆ, ਸੱਚੇ ਤੇਰੀ ਆਸ।**

ਇਸ ਸੰਗ੍ਰਹਿ ਵਿਚ ਜ਼ਿਕਰਯੋਗ ਦੋ ਕਾਵਿ ਰਚਨਾਵਾਂ ਹਨ। 'ਕੰਪਨੀ ਬਾਗ ਦੀ ਵਾਰ' ਅਤੇ 'ਜੰਗਨਾਮਾ' ਵਾਰ ਦਸ ਸਫਿਆਂ ਉੱਤੇ ਫੈਲੀ ਰਚਨਾ ਹੈ। ਇਹ ਵੀ ਪਹਿਲੀਆਂ ਵਾਰਾਂ ਵਾਲਾ ਮੁਹਾਵਰਾ ਲੈ ਕੇ ਆਈ ਹੈ।

ਇਹ ਵਾਰ ਕੰਪਨੀ ਬਾਗ ਦੇ ਦ੍ਰਿਸ਼ ਪੇਸ਼ ਕਰਦੀ ਹੈ। ਛਾਬੜੀ ਵਾਲੇ, ਸਿਪਾਹੀ, ਲੁੱਚੇ ਬੰਦੇ, ਲੇਖਕ ਤੇ ਉਸਦਾ ਬੱਚਾ। ਪਰ ਇਹ ਵਾਰ ਅਖਵਾਉਣ ਦੇ ਬਿਲਕੁਲ ਹੀ ਕਾਬਿਲ ਨਹੀਂ।

ਜੰਗਨਾਮਾ ਕਵਿਤਾ ਵਿਚ ਦੋ ਮਿੱਤਰ ਘਰ ਬੈਠੇ ਅਖ਼ਬਾਰ ਪੜ੍ਹਦੇ ਨੇ। ਸਾਇਰਨ ਵੱਜਦਾ ਹੈ। ਉਹ ਅੰਦਰ ਚਲੇ ਜਾਂਦੇ ਨੇ, ਛੇਤੀ ਹੀ 'ਆਲ ਕਲੀਅਰ' ਹੋਣ 'ਤੇ ਉਹ ਬਾਹਰ ਆ ਬੈਠਦੇ ਨੇ ਤੇ ਜੰਗਨਾਮਾ ਖ਼ਤਮ।

ਪਰ ਸੱਯਦ ਦੀ ਸਿਫ਼ਤ ਇਹ ਹੈ ਕਿ ਉਹ ਨਵੀਆਂ ਗੱਲਾਂ, ਅਣਗੌਲੇ ਵਿਸ਼ਿਆਂ, ਉੱਤੇ ਵੀ ਨਜ਼ਮ ਲਿਖ ਸਕਦੇ ਨੇ। ਇੱਕ ਨਜ਼ਮ ਹੈ 'ਹੀਰ' ਇਸ ਵਿਚ ਖੋਤੇ ਚਾਰਦੀ ਇੱਕ ਟੱਪਰੀਵਾਸਾਂ ਦੀ ਕੁੜੀ ਹੈ। ਪੁਲਸ ਖੋਤੇ ਘੇਰ ਕੇ ਲੈ ਜਾਂਦੀ ਹੈ, ਪਰ ਕੁੜੀ ਰਤਾ ਨਹੀਂ ਡਰਦੀ। ਕਵੀ ਨੂੰ ਇਹ ਕੁੜੀ 'ਹੀਰ ਦੀ ਨਿਆਈਂ" ਜਾਪਦੀ ਹੈ, ਜੋ ਕਹਿੰਦੀ ਹੈ

**ਇਹ ਕੌਣ ਨੇ ਰੱਤ ਨੂੰ ਡੱਕਣ ਵਾਲੇ?**
**ਭੋਇੰ ਦੀ ਸੰਘੀ ਨੌਹ ਕਿਉਂ ਦਿੱਤੀ ਬੈਠੇ ਨੇ**
**ਕੋਠੀਆਂ ਚਾ ਕੇ ਸਿਰਾਂ 'ਤੇ ਕਿਉਂ ਨਹੀਂ ਧਰ ਲੈਂਦੇ।**

'ਘੁੱਟ ਪਾਣੀ ਦਾ' ਵੀ ਅਜਿਹੀ ਨਜ਼ਮ ਹੈ। ਜਿਸ ਵਿਚ ਲੇਖਕ ਦਾ ਪੜ੍ਹਾਈ ਛੱਡ ਕੇ ਗਏ ਇੱਕ ਜਮਾਤੀ ਦੀ ਸੰਸਾਰੀ ਸਿਆਣਪ ਦਾ ਬਿਰਤਾਂਤ ਹੈ-

**ਨਿੱਕੇ ਹੁੰਦਿਆਂ ਦੇ ਆਪਣੇ ਜਮਾਤੀ 'ਜਾਰੇ' ਦੀ**
**ਮੈਨੂੰ ਇੱਕ ਗੱਲ ਕਦੀ ਨਹੀਂ ਭੁੱਲਦੀ**
**ਪਿਓ ਮੋਚੀ ਸੀ**
**ਪਰ ਪੈਰੋਂ ਓਸ ਹਮੇਸ਼ਾ ਨੰਗਿਆਂ ਰਹਿਣਾ**
**ਨਾਲੇ ਕਿਤੋਂ ਨਾ ਕਿਤੋਂ ਹਮੇਸ਼ਾ ਉਹਦਾ**
**ਤੰਬੀ ਕੁੜਤਾ ਪਾਟਾ ਰਹਿਣਾ।**

ਸਾਧਾਰਨ ਗੱਲਾਂ ਵਿਚੋਂ ਨਿੱਤ ਪ੍ਰਤੀ ਵਾਪਰਦੀਆਂ ਨਿੱਕੀਆਂ-ਨਿੱਕੀਆਂ ਘਟਨਾਵਾਂ ਵਿਚੋਂ ਜਾਂ ਕਿਸੇ ਨਾਲ ਹੋਈ ਗੁਫ਼ਤਗੂ ਵਿਚੋਂ ਉਹ ਆਪਣੀਆਂ ਨਜ਼ਮਾਂ ਲਈ ਸਮੱਗਰੀ ਤਲਾਸ਼ਦੇ ਰਹਿੰਦੇ ਹਨ। ਏਸੇ ਤਲਾਸ਼ ਦਾ ਸਿੱਟਾ ਉਹਨਾਂ ਦੀ ਵਧੇਰੇ ਕਾਵਿ-ਰਚਨਾ ਹੈ। 'ਮਾਈ ਜੀਵਾਂ' ਉਸ ਦਾ ਇੱਕ ਸੰਖੇਪ ਜਿਹਾ ਰੇਖਾ ਚਿੱਤਰ ਹੈ -

**ਜੁੰਮੇਰਾਤ ਦੇ ਜੁੰਮੇਰਾਤ ਉਹ ਆਂਵਦੀ ਏ**
**ਮੈਨੂੰ ਵੇਖ ਕੇ ਮਾਵਾਂ ਵਾਂਗਰ ਖਿੜ ਪੈਂਦੀ ਏ**
**ਹੱਥ ਚੁੰਮਦੀ ਏ ਚਾਈਂ ਚਾਈਂ**
**ਸਿਰ 'ਤੇ ਹੱਥ ਫੇਰ ਕੇ, ਸੀਸਾਂ ਦੇਂਦੀ ਜਾਂਦੀ ਏ**
**ਜੁੰਮੇਰਾਤ ਦੇ ਜੁੰਮੇਰਾਤ**
**ਮੈਂ ਇੱਕ ਰੁਪਈਆ ਮਾਈ ਜੀਵਾਂ ਜੋਗਾ**
**ਸਾਂਭ ਕੇ ਰੱਖਣਾ**
**ਹਰ ਵਾਰੀ ਹੱਸ ਕੇ ਆਂਹਦੀ ਏ**
**ਰਹਿਣ ਦਿਓ ਕਿ**
**ਕਦੇ ਸਬੱਬੀਂ ਇੱਕ ਰੁਪਈਆ ਭੱਜਾ ਕੋਲ ਨਾ ਹੋਵੇ**
**ਉਹ ਬੂਹਾ ਪਈ ਖੜਕਾਂਵਦੀ ਏ**
**ਮੈਂ ਅੰਦਰੋਂ ਬਾਹਰ ਨਹੀਂ ਆਉਂਦਾ। (ਪੰਨਾ 321)**

'ਆਮ ਦਿਨਾਂ ਦੇ ਨਾਂ' ਸੰਗ੍ਰਹਿ ਵਿਚ ਕਵੀ ਦੀਆਂ ਵਧੇਰੇ ਨਜ਼ਮਾਂ ਆਮ-ਲੋਕਾਂ ਬਾਰੇ ਹਨ। ਸਭ ਤੋਂ ਹੇਠਲੇ ਤਬਕੇ ਦੇ ਦਲਿਤ ਤੇ ਲਿਤਾੜੇ ਲੋਕਾਂ ਬਾਰੇ। ਉਸ ਦੇ ਪਾਤਰ ਪਛੜੇ ਤੇ ਧਿਰਕਾਰੇ ਹੋਏ ਕਿਰਤੀ-ਕਾਮੇ ਹਨ। ਕਵੀ ਸੱਯਦ ਸਾਨੂੰ ਇੱਕ ਤਰ੍ਹਾਂ ਦੱਸ ਰਿਹਾ ਪ੍ਰਤੀਤ ਹੁੰਦਾ ਹੈ ਕਿ ਵੇਖੋ, ਭਲਿਓ ਲੋਕੋ, ਇਹ ਲੋਕ ਵੀ ਕਵਿਤਾਵਾਂ ਦੇ ਨਾਇਕ ਬਣਨ ਦੇ ਕਾਬਿਲ ਹਨ। 'ਚਿੜੀ ਦਾ ਦੇਸ਼' ਵੀ ਬਹੁਤ ਪਿਆਰੀ ਨਜ਼ਮ ਹੈ। ਜਿੰਨੀ ਛੋਟੀ, ਓਨੀ ਡੂੰਘੀ।

**9**

'ਕਾਲ ਬਾਲ' ਕਵੀ ਦਾ ਅੱਠਵਾਂ ਕਾਵਿ-ਸੰਗ੍ਰਹਿ ਹੈ ਤੇ ਇਸ ਗ੍ਰੰਥਾਵਲੀ ਦੀ ਆਖ਼ਰੀ ਰਚਨਾ। ਇਸ ਦੇ ਪਹਿਲੇ ਸਫ਼ੇ ਉੱਤੇ ਇਹ ਪੰਗਤੀ ਦਰਜ ਹੈ -

**ਯਾਰੜੇ ਦਾ ਸਾਨੂੰ ਸੱਥਰ ਚੰਗਾ**
**ਭੱਠ ਖੇੜਿਆਂ ਦਾ ਰਹਿਣਾ। (ਗੁਰੂ ਗੋਬਿੰਦ ਸਿੰਘ ਜੀ)**

ਸੱਯਦ ਕਵੀ ਦੀ ਆਖ਼ਰੀ ਪੁਸਤਕ ਹੋਣ ਕਾਰਨ, ਮੈਂ ਇਸ ਦੇ ਵਰਕੇ ਕਾਹਲੀ-ਕਾਹਲੀ ਫਰੋਲਦਾ ਹਾਂ ਤੇ ਆਸ ਕਰਦਾ ਹਾਂ ਕਿ ਇਹ ਸੰਗ੍ਰਹਿ ਉਸ ਦੀ ਕਵਿਤਾ ਦੀ ਸਿਖ਼ਰ ਹੋਵੇਗੀ। ਏਥੋਂ ਤੀਕ ਅੱਪੜਦੇ ਕਵੀ ਨੂੰ ਹੁਣ ਤੀਕ ਤੀਹ ਪੈਂਤੀ ਸਾਲ ਹੋ ਚੁੱਕੇ ਹਨ। ਪਰ ਮੈਨੂੰ ਇਹ ਵੇਖ ਕੇ ਨਿਰਾਸਤਾ ਹੁੰਦੀ ਹੈ ਕਿ ਕਵੀ ਦਾ ਇਹ ਸੰਗ੍ਰਹਿ ਪਹਿਲਿਆਂ ਨਾਲੋਂ ਰਤਾ ਵੀ ਵੱਖਰਾ ਅਤੇ ਪਰਪੱਕ ਨਹੀਂ। ਜੇ ਇਸ ਸੰਗ੍ਰਹਿ ਨੂੰ ਚੁੱਕ ਕੇ ਉਸ ਦੇ ਪਹਿਲੇ ਸੰਗ੍ਰਹਿ ਵਾਲੀ ਥਾਂ ਰੱਖ ਦੇਈਏ ਤਾਂ ਵੀ ਕੋਈ ਫ਼ਰਕ ਨਹੀਂ ਪੈਣ ਲੱਗਾ। ਉਸ ਦੇ ਵਿਸ਼ਿਆਂ ਦੀ ਚੋਣ, ਉਹਨਾਂ ਦਾ ਕਾਵਿਕ-ਨਿਭਾਅ, ਛੰਦ-ਪ੍ਰਬੰਧ ਤੇ ਬਿੰਬਾਵਲੀ, ਮੈਨੂੰ ਕੁਝ ਵੀ ਬਦਲਿਆ ਪ੍ਰਤੀਤ ਨਹੀਂ ਹੁੰਦਾ।

ਜੇ ਉਸ ਦੇ ਗੀਤ, ਜਿਸ ਨੂੰ ਉਹ 'ਗਾਉਣ' ਆਖਦਾ ਹੈ, ਵੇਖੀਏ ਤਾਂ ਰਤਾ ਵੀ ਫ਼ਰਕ ਨਹੀਂ ਲੱਭਦਾ। ਉਹੀ ਸਤਰਾਂ ਪੰਗਤੀਆਂ ਦੀ ਬੇਤਰਤੀਬੀ, ਛੰਦ ਤੇ ਲੈਅ ਪੱਖੋਂ ਉਹੀ ਪਹਿਲਾਂ ਵਾਲੀ ਲਾਪ੍ਰਵਾਹੀ ਜਾਂ ਬੇਨਿਆਜ਼ੀ। ਆਖ਼ਰ ਇਸ ਦੀ ਵਜ੍ਹਾ ਕੀ ਹੈ। ਉਹ ਕੋਈ ਸਾਧਾਰਨ ਕਵੀ ਨਹੀਂ ਹੈ। ਤਿੰਨ-ਚਾਰ ਆਲੋਚਨਾ ਦੀਆਂ ਪੁਸਤਕਾਂ ਦਾ ਲੇਖਕ, ਸਿਰੇ ਦਾ ਚਿੰਤਕ, ਸਿਵਿਲ ਸਰਵਿਸਿਜ਼ ਦਾ ਉੱਚ-ਕੋਟੀ ਦਾ



ਅਧਿਕਾਰੀ। ਪਰ ਉਸ ਦੀ ਸਮੁੱਚੀ ਸ਼ਾਇਰੀ ਵਿਚ ਵਿਕਾਸ ਦੇ ਸਪੱਸ਼ਟ ਸੰਕੇਤ ਨਹੀਂ ਲੱਭਦੇ। ਨਾ ਹੀ ਉਸਤਾਦਾਂ ਵਾਲੀ ਪਰਪੱਕਤਾ। ਇੰਞ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਉਸ ਲਈ ਸ਼ਾਇਰੀ ਕੋਈ ਗੰਭੀਰ ਭਾਂਤ ਦਾ ਕਲਾਤਮਿਕ ਕਾਰਜ ਨਹੀਂ ਹੈ। ਜਿਵੇਂ-ਜਿਵੇਂ ਉਸ ਨੂੰ ਉੱਘੜ-ਦੁੱਘੜੇ ਰੂਪ ਵਿਚ ਖ਼ਿਆਲ ਸੁੱਝਦੇ ਹਨ, ਉਹ ਉਸੇ ਰੂਪ ਵਿਚ ਹੀ ਰਹਿਣ ਦਿੰਦਾ ਹੈ। ਕਵਿਤਾ ਦਾ ਛਿਣ ਕਾਹਲੀ-ਕਾਹਲੀ ਪਕੜਨ ਤੋਂ ਬਾਅਦ ਹਰ ਕਵੀ ਬਾਅਦ ਦੇ ਸਮੇਂ ਵਿਚ, ਲਿਖੀ ਗਈ ਕਵਿਤਾ ਨੂੰ ਛਿੱਲਦਾ, ਤਰਾਸ਼ਦਾ, ਲਫ਼ਜ਼ਾਂ ਨੂੰ ਚੁੱਕ-ਥੱਲ ਕੇ ਵੇਖਦਾ, ਪੰਗਤੀਆਂ ਦੀ ਲੈਅ ਨੂੰ ਬੰਨਦਾ, ਛੰਦ ਤੇ ਵਜ਼ਨ ਦੀਆਂ ਕਮਜ਼ੋਰੀਆਂ ਨੂੰ ਦੂਰ ਕਰਦਾ ਆਪਣੀ ਕਾਰਗੁਜ਼ਾਰੀ (Crafts manship) (ਸ਼ਿਲਪਕਾਰੀ) ਸਦਕਾ ਸਮੁੱਚੀ ਕਵਿਤਾ ਨੂੰ ਸੋਧਦਾ ਹੈ ਅਤੇ ਉਮਰ ਦੇ ਬੀਤਣ ਨਾਲ ਉਸ ਦੀ ਇਹ ਯੋਗਤਾ ਵਧਦੀ ਤੁਰੀ ਜਾਂਦੀ ਹੈ। ਪਰ ਇਹ ਗੱਲਾਂ ਸ਼ਾਇਦ ਕਵੀ ਸੱਯਦ ਉੱਤੇ ਲਾਗੂ ਨਹੀਂ ਹੁੰਦੀਆਂ। ਉਸ ਵਿਚ ਸ਼ਾਇਰਾਨਾ ਅੰਦਾਜ਼ ਦੀ ਘਾਟ ਖਟਕਦੀ ਹੈ।

ਉਸ ਦੇ ਇੱਕ ਗੀਤ (ਗਾਉਣ) ਦੇ ਬੋਲ ਹਨ

**ਕੱਖ ਬਾਲ ਕੇ ਬਨੇਰਿਆ ਤੇ ਧਰੀਏ ਜੀ**
**ਕੱਖ ਬਾਲ ਕੇ**
**ਨਿੱਤ ਨਿਹਾਰੀਆਂ ਵਾਟਾਂ, ਜਿਹਨਾਂ ਨੂੰ ਹੋਈਆਂ ਓਪਰੀਆਂ**
**ਜਿਹੜੇ ਆ ਗਏ ਕਾਲ ਦੇ ਘੇਰੇ, ਸੁਖਾਲਿਆਂ ਦੀ ਜੂਹ ਭਾਲਦੇ**
**ਘੋਲ ਅੱਖਰ ਭੁਲਾਵਣਹਾਰੇ**
**ਜਿਹਨਾਂ ਨੂੰ ਪਵਾਏ ਵੈਰੀਆਂ**
**ਵਾਅ ਜਾਚ ਕੁਨਾਲੀਆਂ ਭਰੀਏ ਜੀ,**
**ਕੱਖ ਬਾਲ ਕੇ। (ਪੰਨੇ 382)**

ਪਾਠਕ ਵੇਖ ਸਕਦੇ ਹਨ ਕਿ ਉਪਰਲੇ ਗੀਤ ਦੀਆਂ ਸਤਰਾਂ ਦੇ ਵਜ਼ਨ ਤੋਲ ਵਿਚ ਕਿੰਨਾ ਫ਼ਰਕ ਹੈ। ਇਹ ਕਿਸੇ ਪਰਪੱਕ ਕਵੀ ਦੀ ਰਚਨਾ ਨਹੀਂ ਜਾਪਦੀਆਂ। ਇਸ ਗ੍ਰੰਥ ਦੀ ਭੂਮਿਕਾ ਵਿਚ ਡਾ. ਕਰਨੈਲ ਸਿੰਘ ਥਿੰਦ ਸੱਯਦ ਸਾਹਿਬ ਦੀ ਸੰਗੀਤਕ ਸੂਝ ਅਤੇ ਸ਼ੌਕ ਦਾ ਜ਼ਿਕਰ ਉਚੇਚੇ ਤੌਰ 'ਤੇ ਕਰਦੇ ਹਨ।

ਉਂਞ ਵੀ ਬਨੇਰੇ ਉੱਤੇ ਦੀਵਾ ਤਾਂ ਬਾਲ ਕੇ ਧਰੀਦਾ ਹੈ, ਕਦੇ ਕਿਸੇ ਨੇ ਕੱਖ ਬਾਲ ਕੇ ਧਰੇ ਨਹੀਂ ਵੇਖੇ। ਕੱਖ ਭਲਾ ਕਿੰਨਾ ਕੁ ਚਿਰ ਬਲਦੇ ਰਹਿ ਸਕਦੇ ਹਨ।

'ਇਹ' ਕਵਿਤਾ ਇਸ ਸੰਗ੍ਰਹਿ ਦੀ ਲੰਮੀ ਕਵਿਤਾ ਹੈ। ਜਿਸ ਦੇ ਟਾਈਟਲ ਥੱਲੇ ਲਿਖਿਆ ਹੈ - ਤਾਲ ਹੀਰ ਵਾਰਸ। ਪਾਠਕ ਸੋਚਦਾ ਹੈ ਕਿ ਇਹ ਰਚਨਾ ਵਾਰਸ ਸ਼ਾਹ ਦੀ ਹੀਰ ਦੀ ਤਰਜ਼ ਅਥਵਾ ਬੈਂਤ ਵਿਚ ਹੋਵੇਗੀ। ਪਰ ਸਾਰੀ ਕਵਿਤਾ ਪੜ੍ਹਦਿਆਂ ਕਿਤੇ ਚਾਰ ਪੰਗਤੀਆਂ ਵੀ ਬੈਂਤ ਛੰਦ ਦੇ ਵਜ਼ਨ ਵਿਚ ਨਹੀਂ ਹਨ

**ਆਪ ਪੁੱਛੇ ਤੇ ਤਾਂ**
**ਆਪ ਪੁੱਛਦਾ ਨਹੀਂ**
**ਲੰਗਰ ਕੀੜੀਆਂ ਕੋਲੋਂ ਛਵਾਂਵਦਾ ਏ**
**ਉੱਤੇ ਲਾਂਗਰੀ ਲਾਂਵਦਾ ਏ ਕਿਰਲੀਆਂ ਨੂੰ**
**ਲੋਕਾਂ ਜੋਗੇ ਮਖਾਣੇ ਈ ਬਚਣੇ ਨੇ**
**ਜਿਹੜੇ ਕਰਨ ਵਾਲੇ ਸੋਈ ਫੜਨ ਵਾਲੇ**
**ਕਦੀ ਘਰ ਵੇਖੋ**

**ਕਿਸੇ ਡਿਪਟੀ ਦਾ ਕੀਹ, ਵਜ਼ੀਰ ਦਾ ਕੀਹ** (ਪੰਨਾ 388)

ਮੇਰਾ ਜ਼ਾਤੀ ਤਜਰਬਾ ਹੈ ਕਿ ਬੈਂਤ ਛੰਦ ਲਿਖਣਾ ਬਹੁਤ ਆਸਾਨ ਕੰਮ ਹੈ ਤੇ ਇਹ ਪੰਜਾਬੀ ਜਨ-ਸਾਧਾਰਨ ਵਿਚ ਬਹੁਤ ਹਰਮਨ ਪਿਆਰਾ ਹੈ। ਲੰਮੀ ਹੇਕ ਵਿਚ ਗਾਉਣ ਵਾਲਾ ਇਹ ਛੰਦ ਜਦੋਂ ਵੀ ਕਦੇ ਗਾਇਆ ਜਾਂਦਾ ਹੈ ਤਾਂ ਪੰਜਾਬ ਦੇ ਲੋਕ ਸਾਹ ਰੋਕ ਕੇ ਸੁਣਨ ਲੱਗ ਪੈਂਦੇ ਹਨ। ਉਹ ਇਸ ਨੂੰ 'ਹੀਰ ਦੀ ਤਰਜ' ਦਾ ਨਾਂ ਦਿੰਦੇ ਹਨ।

'ਕਹਾਣੀ ਵਾਲੀ ਚਿੜੀ ਦੀ ਵਾਰ' ਇਸ ਸੰਗ੍ਰਹਿ ਦੀ ਸਭ ਤੋਂ ਲੰਮੀ ਕਵਿਤਾ ਹੈ। ਜੋ 19 ਸਫਿਆਂ 'ਤੇ ਫੈਲੀ ਹੋਈ ਹੈ। ਅਸਲ ਵਿਚ ਇਸ ਆਖ਼ਰੀ ਸੰਗ੍ਰਹਿ ਦਾ ਮੂੰਹ-ਮੱਥਾ ਏਸੇ ਕਵਿਤਾ ਸਦਕਾ ਹੀ ਬਣਦਾ ਹੈ। ਵਾਰ ਦੇ ਆਰੰਭਕ ਬੋਲ ਹਨ – (ਤਾਲ ਹੀਰ ਵਾਰਸ)

**ਵਾਰੀ ਭਲਾ ਹੋਵੇ ਜੀ**
**ਆਪੇ ਆਖਦੇ ਓ ਕਾਈ ਵਾਰ ਸੁਣਾ**
**ਨਾਲੇ ਪੁੱਛਦੇ ਓ ਵਾਰ ਇਹ ਹੋਂਦੀ ਕੀਹ ਏ।**
**ਵਾਰ ਉਹ ਜੋ ਵਰਤੀ**
**ਪਰ ਵਰਤੀ ਖਲਕਤ ਦੀ ਹੋਰ**
**ਸਾਈਆਂ ਡਾਢਿਆਂ ਦੀ ਹੋਰ**
**ਕਿਹੜੀ ਵਾਰ ਸੁਣਸੋ**
**ਸੁਣਨਾ ਉਹਾ ਏ ਤੁਸਾਂ ਜਿਹੜਾ ਵਾਰਾ ਖਾਵੇ।** (ਪੰਨਾ 392)
**ਚਲੋ ਵਾਰ ਛੱਡੋ, ਬਾਤ ਪਾਉਨੇ ਆਂ**
**ਚਿੜੀ ਚਿੜੇ ਦੀ**

ਸੋਚਣ ਵਾਲੀ ਗੱਲ ਹੈ ਕਿ ਵਾਰ ਦਾ ਅਰਥ ਜੰਗ-ਕਾਵਿ ਤੋਂ ਲੈਂਦਾ ਏ ਜਾਂ ਵਾਰਤਾ ਅਥਵਾ ਕਹਾਣੀ ਤੋਂ। ਤਿੰਨ ਸਫਿਆਂ ਤੋਂ ਫਿਰ ਕਾਵਿ-ਨਾਟਕ ਸ਼ੁਰੂ ਹੋ ਜਾਂਦਾ ਹੈ। ਪਹਿਲਾਂ ਚਿੜੀਆਂ ਦੀ ਗੱਲ, ਲਲਾਰੀ ਦੀ ਗੱਲ ਫਿਰ ਖੋਜੇ ਖੱਤਰੀ ਦੀ ਹੱਟੀ – ਰਾਣੀ ਦੀ ਗੋਲੀ ਦਾ ਹੱਟੀ ਤੋਂ ਸੌਦਾ ਲੈਣ ਆਉਣਾ, ਫਿਰ ਮਹੱਲਾਂ ਦੇ ਨੌਕਰਾਂ ਦੀ ਹੜਤਾਲ, ਬਾਦਸ਼ਾਹ ਵਲੋਂ ਆਜ਼ਾਦੀ ਦਾ ਐਲਾਨ। ਅਜੀਬ ਕਿਸਮ ਦੀ ਕਵਿਤਾ ਹੈ ਇਹ ਜਿਸ ਦਾ ਕੋਈ ਸਿਰਾ ਲੱਭਣਾ ਗੋਰਖਧੰਦਾ ਹੈ। ਇਹ ਵਾਰ ਹੈ ਕਿ ਵਾਰਤਾ, ਪਤਾ ਹੀ ਨਹੀਂ ਲੱਗਦਾ ਤੇ 'ਤਾਲ ਹੀਰ ਵਾਰਸ' ਕਿੱਥੇ ਰਹਿ ਗਿਆ ਹੈ।

'ਬਾਗੀਂ ਵਗ੍ਹੀਂ ਅਮਰੀਕਿਓਂ ਪਰਤੇ ਸੁਝਵਾਨ ਦਾ ਪਿੰਡ ਫੇਰਾ' ਇਸ ਸੰਗ੍ਰਹਿ ਦੀ ਇੱਕ ਹੋਰ ਜ਼ਿਕਰਯੋਗ ਕਵਿਤਾ ਹੈ। ਇਸ ਦਾ (ਤਾਲ ਹੀਰ ਵਾਰਸ) ਹੈ। ਪਤਾ ਨਹੀਂ ਸੱਯਦ ਸਾਹਿਬ ਨਜ਼ਮ ਤਾਂ ਆਜ਼ਾਦ ਅਥਵਾ ਛੰਦ-ਮੁਕਤ ਲਿਖਦੇ ਨੇ, ਪਰ ਉੱਤੇ 'ਤਾਲ ਹੀਰ ਵਾਰਸ' ਕਿਉਂ ਲਿਖ ਦਿੰਦੇ ਨੇ?

ਆਂਹਦੇ ਹੋਂਦੇ ਸੌ ਤੁਸੀਂ ਇਨਕਲਾਬ ਆਉਣਾ ਏ
ਅੰਦਰ ਬਾਹਰ ਸਭ ਇੱਕ ਹੋ ਜਾਵਣਾ ਏ
ਸੋਈਓ ਹੋ ਗਿਆ ਜੇ
ਆਂਹਦੇ ਹੋਂਦੇ ਸੌ ਤੁਸੀਂ
"ਸਾਡਾ ਕੰਮ ਕੀਹ ਏ
ਇਨਕਲਾਬ ਦੇ ਖ਼ਾਬ ਦੇਣਾ।" (ਪੰਨਾ 386)

**10 (ਅੰਤਿਕਾ)**

ਇਸ ਵਿਚ ਕੋਈ ਸੰਦੇਹ ਨਹੀਂ ਕਿ ਨਜਮ ਹੁਸੈਨ ਸੱਯਦ ਇੱਕ ਲੋਕਪੱਖੀ ਚਿੰਤਕ ਅਤੇ ਸਿਰਜਣਾਤਮਿਕ ਕਲਾਕਾਰ ਹੈ। ਉਸ ਦੀ ਲਗਨ, ਸੁਹਿਰਦਤਾ ਅਤੇ ਵਚਨ-ਬੱਧਤਾ ਉੱਤੇ ਕਿੰਤੂ ਕਰਨਾ ਸੰਭਵ ਹੀ ਨਹੀਂ। ਮੈਂ ਆਪਣੇ ਇਸ ਅਧਿਐਨ ਨੂੰ ਇੱਕ ਸ਼ਰਧਾਵਾਨ ਪਾਠਕ ਦੇ ਤੌਰ ਉੱਤੇ ਅਤੇ



ਮਿੱਤਰ ਭਾਵਨਾ ਨਾਲ ਆਰੰਭ ਕੀਤਾ ਸੀ। ਪਰ ਜਿਵੇਂ-ਜਿਵੇਂ ਮੈਂ ਇਸ ਪਾਠ ਦੀ ਡੂੰਘਾਈ ਵਿਚ ਲੀਨ ਹੁੰਦਾ ਗਿਆ, ਤਿਵੇਂ-ਤਿਵੇਂ ਮੈਂ ਆਪਣੇ ਕੱਢੇ ਸਿੱਟਿਆਂ ਬਾਰੇ ਖ਼ੁਦ ਵੀ ਹੈਰਾਨ ਤੇ ਕੁਝ ਪ੍ਰੇਸ਼ਾਨ ਵੀ ਹੁੰਦਾ ਗਿਆ ਅਤੇ ਮੇਰਾ ਇਹ ਕਾਰਜ ਮੇਰੇ ਆਪਣੇ ਲਈ ਵੀ ਇੱਕ ਪ੍ਰੀਖਿਆ ਦਾ ਰੂਪ ਧਾਰਦਾ ਗਿਆ। ਬਾਹਰਮੁਖੀ (Objective) ਅਧਿਐਨ ਕਰਦਿਆਂ ਤੁਹਾਨੂੰ ਆਪਣੇ ਨਿੱਜੀ ਸੰਪਰਕਾਂ ਤੇ ਦੋਸਤਾਨਾ ਭਾਵਨਾਵਾਂ ਨੂੰ ਅਵੱਸ਼ ਹੀ ਪਾਸੇ ਰੱਖਣਾ ਪੈਂਦਾ ਹੈ ਜਾਂ ਰੱਖਣਾ ਚਾਹੀਦਾ ਹੈ। ਮੈਂ ਇਹ ਵੀ ਆਸ ਰੱਖਾਂਗਾ ਕਿ ਮੇਰੇ ਇਸ ਖੋਜ-ਨਿਬੰਧ ਨੂੰ ਪੜ੍ਹ ਕੇ, ਲੇਖਕ ਸੱਜਣ ਆਪਣੀ ਰਾਏ ਲਿਖਣ ਅਤੇ ਜੇ ਦਰੁਸਤੀ ਦੀ ਲੋੜ ਭਾਸੀ ਤਾਂ ਮੈਂ ਆਪਣੇ ਕੱਢੇ ਸਿੱਟਿਆਂ ਨੂੰ ਸੋਧਣ ਵਿਚ ਗੁਰੇਜ਼ ਨਹੀਂ ਕਰਾਂਗਾ। ਕਵੀ ਸੱਯਦ ਸਾਡੇ ਲਈ ਪਰਾਏ ਦੇਸ਼ ਦਾ ਕੋਈ ਓਪਰਾ ਵਸਨੀਕ ਜਾਂ ਮਹਿਜ਼ ਸਾਧਾਰਨ ਬਾਸ਼ਿੰਦਾ ਨਹੀਂ ਹੈ। ਉਹ ਸਾਡਾ ਹੀ ਭਾਈ-ਬੰਦ ਹੈ, ਜੋ ਲਾਹੌਰ ਬੈਠਾ ਪੰਜਾਬੀ ਜ਼ਬਾਨ ਦੀ ਸੇਵਾ ਇੱਕ ਮਿਸ਼ਨਰੀ ਵਾਂਗ ਕਰ ਰਿਹਾ ਹੈ ਅਤੇ ਜਿਸ ਨੇ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦਾ 'ਸ਼੍ਰੋਮਣੀ ਕਵੀ' ਦਾ ਪੁਰਸਕਾਰ ਲੈਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਸੀ ਕਿ ਮੈਂ ਕਿਸੇ ਪੁਰਸਕਾਰ ਲੈਣ ਲਈ ਨਹੀਂ ਲਿਖਦਾ। ਅਜਿਹੇ ਕਵੀ ਦੀ ਰਚਨਾ ਦਾ ਅਧਿਐਨ ਮੇਰੇ ਲਈ ਇੱਕ ਸੁਭਾਗ ਮੌਕਾ ਸੀ। ਇੰਝ ਕਰਦਿਆਂ ਮੈਂ ਆਪਣੇ ਸਿਰ ਤੋਂ ਤੀਹ ਸਾਲਾਂ ਦਾ ਭਾਰ ਲਾਹ ਕੇ ਸੁਰਖ਼ਰੂ ਹੋਇਆ ਅਨੁਭਵ ਕਰਦਾ ਹਾਂ। •••

## ਗ਼ਜ਼ਲ

**ਬਾਬਾ ਨਜਮੀਂ**

ਜਿੱਧਰ ਵੇਖਾਂ ਗੁੰਝਲਾਂ ਪਈਆਂ ਹੋਈਆਂ ਨੇ।
ਅਸਲਾਂ ਦੀ ਤਾਂ ਨਕਲਾਂ ਪਈਆਂ ਹੋਈਆਂ ਨੇ।

ਹਿੰਮਤ ਵਾਲਾ ਅੰਦਰ ਦੀਵਾ ਬਾਲ ਤੇ ਸਹੀ,
ਕਦਮ ਕਦਮ ਤੇ ਮੰਜ਼ਿਲਾਂ ਪਈਆਂ ਹੋਈਆਂ ਨੇ।

ਮੈਂ ਨਹੀਂ ਕਹਿਣ ਕਸੀਦਾ ਜਾਣਾ ਚੁੱਕ ਲਵੇ,
ਕਾਗਜ਼ ਕਲਮ ਤੇ ਉਂਗਲਾਂ ਪਈਆਂ ਹੋਈਆਂ ਨੇ।

ਅੰਨ੍ਹੇ ਖੋਤੇ ਰੱਜੇ ਲੰਘੇ ਪੈਲੀ ਚੋਂ,
ਤਾਹੀਓਂ ਮਿੱਧੀਆਂ ਗੰਦਲਾਂ ਪਈਆਂ ਹੋਈਆਂ ਨੇ।

ਲਕ ਨਹੀਂ ਮੰਨੇ ਰੰਗਾਂ ਨਸਲਾਂ, ਮਜ਼ਹਬਾਂ ਦੇ,
ਆਦਮ ਜਾਈਆਂ ਸ਼ਕਲਾਂ ਪਈਆਂ ਹੋਈਆਂ ਨੇ।

ਕੋਈ ਵੀ ਸ਼ਿਅਰ ਨਵਾਂ ਨਹੀਂ, ਵੱਡਾ ਖ਼ਿਆਲ ਵੀ ਨਹੀਂ,
ਜਿੰਨੀਆਂ ਨਜ਼ਮਾਂ, ਗ਼ਜ਼ਲਾਂ ਪਈਆਂ ਹੋਈਆਂ ਨੇ।

ਜਿਹਨਾਂ ਦੀ ਮੈਂ ਜਿੱਤ ਤੇ ਭੰਗੜਾ ਪਾਉਂਦਾ ਹਾਂ,
ਮੇਰੀ ਵਾਰੀ ਦੰਦਲਾਂ ਪਈਆਂ ਹੋਈਆਂ ਨੇ।

# 'ਮਾਇਆ' ਇਕ ਅਧਿਐਨ

ਸੂਫ਼ੀ ਅਮਰਜੀਤ

'ਮਾਇਆ' ਕਵੀ ਤਰਸੇਮ ਦੀ ਇੱਕ ਲੰਬੀ ਕਵਿਤਾ ਹੈ। ਇਸ ਲੰਬੀ ਕਵਿਤਾ ਵਿਚ ਕਵੀ ਨੇ 'ਮਾਇਆ' ਦੀ ਵਿਆਖਿਆ ਕਰਨ ਲਈ ਇਸ ਨੂੰ ਕਈ ਕੋਣਾਂ ਤੋਂ ਦੇਖਿਆ ਅਤੇ ਵਿਸਥਾਰਿਆ ਹੈ। ਉਸ ਦੀ ਉਪਯੋਗੀ ਅਤੇ ਵਿਨਾਸ਼-ਸ਼ਕਤੀਆਂ ਨੂੰ ਵੀ ਵਿਚਾਰਿਆ ਹੈ।

ਉਹ ਮਾਇਆ ਨੂੰ ਅਨੇਕਾਂ ਅਰਥ ਦੇਣੇ ਚਾਹੁੰਦਾ ਹੈ। ਉਹ ਕਦੀ ਉਸ ਨੂੰ ਮਿੱਤਰਾਂ ਵਾਂਗ ਸੰਬੋਧਿਤ ਹੁੰਦਾ ਹੈ, ਕਈ ਵਾਰ ਵੈਰੀਆਂ ਵਾਂਗ ਲਲਕਾਰਦਾ ਹੈ, ਕਈ ਵਾਰ ਉਸ ਅੱਗੇ ਬੇਨਤੀਆਂ ਕਰਦਾ ਹੈ ਅਤੇ ਕਈ ਵਾਰ ਉਸ ਨੂੰ ਗੌਣ ਸਮਝ ਕੇ ਟਿੱਚ ਗਿਣਦਾ ਹੈ। ਇਸ ਤਰ੍ਹਾਂ ਕਵੀ ਦੀ ਇਹ ਰਚਨਾ ਬਹੁ ਕੇਂਦਰਤ ਅਤੇ ਬਹੁ-ਦਿਸ਼ਾਵੀ ਹੋਣ ਕਾਰਨ ਪਾਠਕ ਦੇ ਵਿਚਾਰਾਂ ਨੂੰ ਵੀ ਵਿਸਥਾਰ ਦੇਣ ਵਾਲੀ ਹੈ। ਸ਼ਾਇਦ ਇਹ ਮਾਇਆ ਦਾ ਭਰਮਤ ਸਰੂਪ ਹੈ ਜੋ ਮਿਥਿਹਾਸ ਨੇ ਉਸ ਨੂੰ ਸੰਚਾਰਤ ਕਰਕੇ ਸਥਾਪਤ ਕੀਤਾ ਹੈ ਜੋ ਆਪਣੇ ਆਪ ਹੀ ਪ੍ਰਗਟ ਹੋ ਆਉਂਦਾ ਹੈ। ਇਹ ਇਸ ਕਵਿਤਾ ਉਪਰ ਵਿਚਾਰ ਕਰਨ ਲਈ ਇਕ ਸਮੱਸਿਆ ਵੀ ਬਣ ਜਾਂਦਾ ਹੈ ਕਿ ਇਸ ਉੱਤੇ ਵਿਚਾਰ ਕਿੱਥੋਂ ਸ਼ੁਰੂ ਕੀਤਾ ਜਾਵੇ। ਇਸ ਸਮੱਸਿਆ ਦਾ ਕਾਰਨ ਇਸ ਦੀ ਕਵਿਤਾ ਨਹੀਂ ਹੈ, ਸਿਰਫ਼ ਕਵਿਤਾ ਵਿਚ ਦੇ ਵਿਚਾਰਾਂ ਦੀ ਤਰਤੀਬ ਦਾ ਨਾ ਹੋਣਾ ਹੈ।

ਭਾਰਤੀ ਅਧਿਆਤਮਿਕ ਦਰਸ਼ਨ ਵਿਚ ਮਾਇਆ ਨੂੰ ਨਕਾਰਆਤਮਿਕ ਦ੍ਰਿਸ਼ਟੀ ਤੋਂ ਦੇਖਿਆ ਗਿਆ ਹੈ, ਜਿਸ ਦੇ ਸੂਖਮ ਭਾਵ-ਬੋਧ ਦਾ ਪ੍ਰਭਾਵ ਕਵੀ ਦੇ ਅਚੇਤ ਮਨ ਵਿਚ ਬੈਠਾ ਹੋਇਆ, ਉਸ ਦੀ ਆਪਣੇ ਆਪ ਵਿਚ ਕੀਤੀ ਗੁਫ਼ਤਗੂ ਵਿਚ ਨਜ਼ਰ ਆ ਰਿਹਾ ਹੈ ਜੋ ਇਸ ਕਵਿਤਾ ਦਾ ਸਿਰਜਨ ਆਧਾਰ ਬਣਿਆ ਜਾਪਦਾ ਹੈ। ਇਹ ਪ੍ਰਭਾਵ ਕਵੀ ਉੱਪਰ ਹੀ ਨਹੀਂ ਹੈ ਸਗੋਂ ਸਾਡੇ ਸਮਾਜ ਦੇ ਬੜੇ ਵੱਡੇ ਹਿੱਸੇ ਉੱਪਰ ਵੀ ਬਣਿਆ ਹੋਇਆ ਦੇਖਿਆ ਜਾ ਸਕਦਾ ਹੈ। ਇਸ ਦਾ ਕਾਰਨ ਮਾਇਆ ਦੀ ਮਿੱਥ ਦੇ ਅਰਥਾਂ ਨੂੰ 'ਰਹੱਸ' ਬਣਾ ਦੇਣ ਵਿਚ ਲੁਕਿਆ ਹੋਇਆ ਹੈ।

ਮਾਇਆ ਦੇ ਭਾਰਤੀ ਦਰਸ਼ਨ ਦੇ ਇਸ ਸੰਕਲਪ ਨੇ, ਭਾਰਤੀ ਸਮਾਜ ਵਿਚ ਪਛੜੇਪਨ ਨੂੰ ਕਾਇਮ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਮਾਇਆ ਦਰਸ਼ਨ ਦੇ ਇਸ ਪ੍ਰਭਾਵ ਨੇ ਜਨ-ਸਮੂਹ ਨੂੰ ਰੂੜੀਵਾਦੀ-ਅੰਧਵਿਸ਼ਵਾਸਾਂ ਵਿਚ ਜਕੜ ਕੇ ਹਾਕਮ ਵਰਗਾਂ ਲਈ ਵਰਦਾਨ ਅਤੇ ਮਿਹਨਤਕਸ਼ ਵਰਗਾ ਲਈ ਸਰਾਪ ਪੱਲੇ ਪਾਏ ਹਨ।

ਭਾਰਤੀ ਸਮਾਜ ਮਾਇਆ ਦੇ ਪਦਾਰਥੀ ਰੂਪ ਵਿਚ ਜਿਉਂ ਕੇ ਵੀ ਮਾਇਆ ਨੂੰ ਅੱਜ ਤੱਕ ਬੰਧਨ ਸਮਝਦਾ ਰਿਹਾ ਹੈ। ਧਰਮ ਅਚਾਰੀਆ ਮਾਇਆ ਮੋਹ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦੇ ਰਹੇ। ਜਿਸ ਕਾਰਨ, ਇਹ ਵਿਚਾਰ ਜੀਵਨ ਦਰਸ਼ਨ ਹੀ ਬਣ ਗਿਆ ਸੀ। ਭਾਰਤੀ ਦਰਸ਼ਨ ਦੀ ਇਸ ਧਾਰਨਾ ਵਿਰੁੱਧ ਆਵਾਜ਼ ਉਠਾਉਣ ਵਾਲੇ 'ਚਾਰਵਾਕੀਏ' ਆਖੇ ਜਾਣ ਵਾਲੇ ਪਦਾਰਥਵਾਦੀ, ਹਾਕਮ ਵਰਗਾਂ ਨੂੰ ਕਦੇ ਵੀ ਪ੍ਰਵਾਨ ਨਹੀਂ ਹੋਏ ਸਨ। ਸਗੋਂ ਮਹਾਭਾਰਤ ਦੀ ਇਕ ਕਥਾ ਅਨੁਸਾਰ ਯੁੱਧ ਦਾ ਵਿਰੋਧ ਕਰਨ ਵਾਲੇ ਇਕ ਅਜਿਹੇ ਵਿਅਕਤੀ ਨੂੰ ਰਾਜਾ ਯੁਧਿਸ਼ਟਰ ਨੇ ਰਾਜ ਪੰਡਤ ਦੀ ਸਲਾਹ ਉਪਰ ਮੌਤ ਦੀ ਸਜ਼ਾ ਦਿੱਤੀ ਸੀ। ਇਸ ਲੰਬੀ ਕਵਿਤਾ ਵਿਚ ਤਰਸੇਮ, ਇਸ ਦਵੰਧ ਨੂੰ ਵਿਚਾਰਦਾ ਹੈ।



ਹਾਕਮ ਰਾਜੇ ਰਾਣੇ ਹੋਣ ਭਾਵੇਂ ਦੇਵੀ ਦੇਵਤੇ, ਉਹ ਲੋਕਾਂ ਉਪਰ ਯੁੱਧ ਅਤੇ ਕਰੋਪੀਆਂ ਹੀ ਲੱਦਦੇ ਹਨ। ਲੋਕ ਬੇਨਤੀਆਂ ਕਰਨ ਜਾਂ ਅਰਦਾਸਾਂ ਉਹਨਾਂ ਉੱਪਰ ਤੁਰਨਾ ਉਹਨਾਂ ਦੀ ਇੱਛਾ ਉੱਪਰ ਹੀ ਨਿਰਭਰ ਹੈ। ਲੋਕ ਮਾਨਸ ਵਿਚ ਇਹਨਾਂ ਦਾ ਸਥਾਨ ਸੱਤਾ ਸੰਪੰਨਤਾ ਵਾਲਾ ਹੀ ਹੈ। ਕਵੀ ਇਹਨਾਂ ਦੇ ਨਾਇਕ, ਖਲਨਾਇਕ ਰੂਪਾਂ ਨੂੰ ਮਾਇਆ ਦੇ ਰੂਪ ਵਿਚ ਵੇਖਦਾ ਹੈ:

**ਹੇ ਮਾਇਆ**
**ਤੂੰ ਹਿਟਲਰ / ਹਲਾਕੂ / ਡਾਇਰ / ਬਾਬਰ / ਜਹਾਂਗੀਰ**
**ਤੂੰ ਮੇਨਕਾ / ਰੰਬਾ**
...............
**ਤੂੰ ਰਾਧਾ ਰੁਕਮਣੀ, ਸੀਤਾ**
**ਤੂੰ ਸ਼ਕਤੀ / ਸਰਸਵਤੀ / ਲੱਛਮੀ / ਭਗਵਤੀ**
**ਤੂੰ ਯੋਗ ਮਾਇਆ / ਮਹਾ ਮਾਇਆ**

ਫਿਰ ਇਸ ਦੇ ਨਾਲ ਹੀ ਧਰਮ / ਮਜ਼ਹਬ ਦੇ, ਧਰਮ-ਤੰਤਰੀ ਰੂਪ ਦੇ ਚਿਨ੍ਹਾਂ ਉੱਪਰ ਉਂਗਲ ਉਠਾਉਂਦਾ ਹੋਇਆ ਕਹਿੰਦਾ ਹੈ –

**ਜਨੇਊ / ਤਿਰਸ਼ੂਲ / ਖੰਡਾ**
**ਨਿਸ਼ਾਨ ਨੇ ............**
**.......... ਰਹਿਣਗੇ ਹੀ**
**ਰਹਿੰਦੀ ਦੁਨੀਆ ਤੀਕ**
**ਪਰ ............**
**ਪਰ ਇਹਨਾਂ ਦੀ ਰੱਖਿਆ ਲਈ**
**ਮਰਨੇ ਨੇ ਆਮ ਲੋਕ**
**ਜੋ ਨਹੀਂ ਜਾਣਗੇ**
**ਇਹਨਾਂ ਦੀ ਪਰਿਭਾਸ਼ਾ**

**ਇਹ ਲੋਕ ਜਿਨ੍ਹਾਂ ਨੇ ਕੁਝ ਨਹੀਂ ਲੈਣਾ**
**ਧਰਮ ਤੋਂ / ਮਜ਼ਹਬ ਤੋਂ**
**ਲੋੜ ਹੈ / ਕੱਪੜੇ ਦੀ / ਮਕਾਨ ਦੀ / ਨੀਂਦ ਦੀ**
**ਜੋ ਆਪਣੀ ਹੋਵੇ**

ਤਰਸੇਮ ਧਰਮ ਤੰਤਰ ਦੇ ਪ੍ਰਤੀਕਾਂ ਦਾ ਜ਼ਿਕਰ ਕਰਦਾ ਹੋਇਆ, ਉਹਨਾਂ ਦੀ ਸਦੀਵਤਾ ਨੂੰ ਪਤਾ ਨਹੀਂ ਕਿਉਂ ਚੈਲੰਜ ਕਰਨ ਤੋਂ ਜਕਦਾ ਹੈ? ਉਹ ਜਕਦਾ ਤਾਂ ਪ੍ਰਤੱਖ ਦਿਸਦਾ ਹੈ ਪ੍ਰੰਤੂ ਉਸ ਨੂੰ ਇਸ ਸਦੀਵਤਾ ਵਿਚ ਸੰਦੇਹ ਪ੍ਰਤੀਤ ਹੁੰਦਾ ਹੈ। ਉਸ ਨੂੰ ਧਰਮ ਤੰਤਰ ਵਿਚ ਬੱਝੇ ਜਨ-ਸਮੂਹ ਨਾਲ ਹਮਦਰਦੀ ਵੀ ਹੈ, ਪਰ ਉਸ ਨੂੰ ਵੀ ਜਕੜ ਦੇ ਯਥਾਰਥ ਦਾ ਪ੍ਰਭਾਵ ਦੋ-ਟੁਕ ਫੈਸਲਾ ਨਹੀਂ ਕਰਨ ਦੇ ਰਿਹਾ ਜਾਪਦਾ, ਕਿ ਕੀ ਇਹ ਪ੍ਰਭਾਵ 'ਲੋਕ ਹਿੱਤਾਂ' ਸਗੋਂ ਮਨੁੱਖੀ ਹੋਂਦ ਅਤੇ ਸਮਝ ਨੂੰ ਖ਼ਤਰਾ ਬਣੇ ਹੋਣ ਦੇ ਬਾਵਜੂਦ, ਕਦੇ ਖ਼ਤਮ ਹੋ ਵੀ ਸਕਦਾ ਹੈ? ਇਥੇ ਉਸ ਨੂੰ ਆਪਣੇ ਅਧਿਐਨ ਨੂੰ ਬਾਹਰਮੁਖੀ-ਇਤਿਹਾਸਕ

ਪ੍ਰਕਿਰਿਆ ਨਾਲ ਜੋੜ ਕੇ ਵਿਸਥਾਰਨ ਦੀ ਲੋੜ ਹੈ। ਵੈਸੇ ਉਹ ਧਰਮ ਤੰਤਰ ਨੂੰ ਪੂਰੀ ਤਰ੍ਹਾਂ ਪ੍ਰਵਾਨ ਵੀ ਨਹੀਂ ਕਰਦਾ। ਇਸ ਦਾ ਸੰਕੇਤ ਉਸ ਦੇ ਅਗਲੇ ਵਾਕ ਦੇ ਇੱਕ ਸ਼ਬਦੀ 'ਪਰ..........' ਵਿਚ ਮੌਜੂਦ ਹੈ, ਜੋ ਕਿ ਉਸ ਦੇ ਇਸ ਗੰਭੀਰ ਅਤੇ ਪੇਚੀਦਾ ਵਿਸ਼ੇ 'ਮਾਇਆ' ਦੇ ਧਰਮ-ਰੂਪ ਦੇ ਅਧਿਐਨ ਵੱਲ ਰੁਚਿਤ ਹੋਣ ਦਾ ਸਬੂਤ ਦਿੰਦਾ ਹੈ।

ਉਹ ਲੋਕਾਂ ਦੇ ਵਿਸ਼ਵਾਸ-ਅੰਧਵਿਸ਼ਵਾਸਾਂ ਦੀ ਅਗਿਆਨਤਾ ਉੱਪਰ ਵੀ ਦੁੱਖ ਅਨੁਭਵ ਕਰਦਾ ਹੈ ਜੋ ਇਹਨਾਂ ਦੀ 'ਪਰਿਭਾਸ਼ਾ' ਨਹੀਂ ਜਾਣਦੇ। ਇਸ ਵਿਸ਼ੇ ਦੇ ਅਧਿਐਨ ਦੀ ਫਿਰ ਲੋੜ ਮਹਿਸੂਸ ਹੁੰਦੀ ਹੈ ਕਿ ਲੋਕਾਂ ਨੂੰ ਇਹਨਾਂ ਦੀ ਪਰਿਭਾਸ਼ਾ ਸਮਝਣ ਦੀ ਅਕਸਰ ਕਿਉਂ ਲੋੜ ਹੈ? ਜਦੋਂ ਕਿ ਇਸ ਦੀ ਪਰਿਭਾਸ਼ਾ, ਸਦੀਆਂ, ਦਹਿ-ਸਦੀਆਂ ਬੀਤਣ ਉਪਰੰਤ ਵੀ ਨਾ ਲੋਕਾਂ ਨੇ ਹੀ ਸਮਝਣੀ ਚਾਹੀ ਹੈ ਨਾ ਹੀ ਸਮਝਾਉਣ ਵਾਲਿਆਂ ਆਪ ਸਮਝੀ ਅਤੇ ਨਾ ਸਮਝਾਈ ਹੈ। ਏਸੇ ਲਈ ਇਹ ਲੋਕ ਮਾਨਸ ਦਾ ਅੰਗ ਨਹੀਂ ਬਣ ਸਕੀ। ਵੈਸੇ ਤਰਸੇਮ ਨੂੰ ਪਤਾ ਹੈ ਕਿ -

ਇਹ ਲੋਕ, ਜਿਨ੍ਹਾਂ ਨੇ ਕੁਝ ਨਹੀਂ ਲੈਣਾ / ਧਰਮ ਤੋਂ / ਮਜ਼ਹਬ ਤੋਂ

ਉਹ ਅੱਗੋਂ ਕਹਿੰਦਾ ਹੈ -

**ਉਸ ਨੂੰ ਲੋੜ ਹੈ / ਰੋਟੀ ਦੀ / ਕੱਪੜੇ ਦੀ / ਮਕਾਨ ਦੀ / ਨੀਂਦ ਦੀ**
**ਜੋ ਆਪਣੀ ਹੋਵੇ**

ਅਸਲ ਵਿਚ ਇਹ ਧਰਮ ਤੰਤਰ, ਸਮੇਤ ਇਸ ਚਿੰਨ੍ਹਾਂ ਦੇ, ਆਪਣੇ ਆਪ ਵਿਚ, ਮਾਇਆ ਸ਼ਬਦ ਦੀ ਮਿੱਥ ਦਾ ਵਿਸਥਾਰ-ਜਾਲ ਹੈ, ਜਿਹੜਾ ਲੋਕ ਮਾਨਸ ਨੂੰ ਇਸ ਤੋਂ ਮੁਕਤ ਨਹੀਂ ਹੋਣ ਦੇ ਰਿਹਾ ਹੈ। ਇਹ ਲੋਕ ਮਾਨਸ ਨੂੰ ਅੰਤਰ ਮੁਖਤਾ ਦੇ ਘੁਰਨੇ ਵਿਚ ਤੁਨ ਕੇ ਰੱਖ ਰਿਹਾ ਹੈ। ਗਿਆਨ-ਵਿਗਿਆਨ ਦੀ ਨਸ਼ਤਰੀ-ਸਮਝ ਤੋਂ ਬਿਨਾਂ ਇਸ ਨੂੰ ਕੱਟ ਕੇ ਮੁਕਤ ਹੋਣਾ ਸੰਭਵ ਨਹੀਂ ਹੈ। ਇਹ ਮਾਇਆ ਦਾ ਧਰਮ ਤੰਤਰੀ ਰੂਪ ਕਾਹਦਾ ਹੋਇਆ ਜੇ ਕਰ ਇਹ ਲੋਕ ਮਾਨਸ ਨੂੰ ਜਕੜਨ ਦੇ ਸਮਰੱਥ ਨਾ ਹੋਵੇ। ਉਹ ਇਸ ਦਰਜੇ ਤੱਕ ਪਰਪੰਚੀ ਅਤੇ ਸ਼ੈਤਾਨ ਹੈ ਕਿ ਆਪਣੀ ਜਕੜ ਨੂੰ ਆਧੁਨਿਕ ਬਣਾਉਣ ਲਈ, ਗਿਆਨ-ਵਿਗਿਆਨ ਦੀ ਸ਼ਬਦਾਵਲੀ ਨੂੰ ਆਪਣੀਆਂ ਮਿੱਥਾਂ ਨੂੰ ਅਤੇ ਉਕਰਨਾ ਨੂੰ ਵੀ ਸਹੀ ਠਹਿਰਾਉਣ ਲਈ ਵਰਤ ਰਿਹਾ ਹੈ।

ਧਰਮ / ਮਜ਼ਹਬ ਆਦਿ ਦੇ ਅਕੀਦੇ, ਰਹਿਤ, ਮਰਯਾਦਾ ਅਤੇ ਜਨੂੰਨੀ ਅੰਧਵਿਸ਼ਵਾਸਾਂ ਤੋਂ ਪਹਿਲਾਂ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਰੋਟੀ, ਕੱਪੜਾ, ਮਕਾਨ ਅਤੇ ਹੁਣ ਵਿੱਦਿਆ, ਸਿਹਤ ਸੰਭਾਲ ਦੀ ਆਪੂਰਤੀ ਵੀ ਜ਼ਰੂਰੀ ਹੋ ਗਏ ਹਨ। ਸਾਡਾ ਮਨੁੱਖੀ ਸਮਾਜ ਇੱਕੀਵੀਂ ਸਦੀ ਵਿਚ ਦਾਖਲ ਤਾਂ ਹੋ ਗਿਆ ਹੈ ਪ੍ਰੰਤੂ ਇਸ ਨੂੰ ਹਾਲੇ ਵੀ ਜੰਗਲੀ, ਮੱਧਯੁਗੀ ਅਤੇ ਸਾਮਾਂਤੀ ਸਮਾਜਾਂ ਦੇ ਸਭਿਆਚਾਰਾਂ, ਰਸਮਾਂ-ਰਿਵਾਜਾਂ ਆਦਿ ਨੇ ਜਕੜਿਆ ਹੋਇਆ ਹੈ। ਇਸ ਨੂੰ ਜਕੜਨ ਵਾਲੇ ਦੋ ਸ਼ਿਕੰਜੇ ਹਨ—ਮੂਲਵਾਦ ਅਤੇ ਪੂੰਜੀਵਾਦ। ਇਹ ਹੁਣ ਤੱਕ ਇਕ ਦੂਜੇ ਦੇ ਸਹਾਇਕ ਰਹੇ ਹਨ ਪ੍ਰੰਤੂ ਹੁਣ ਇਕ ਦੂਜੇ ਦੇ ਵੈਰੀ ਬਣ ਗਏ ਹਨ ਕਿਉਂਕਿ ਮੂਲਵਾਦ ਪੂੰਜੀਵਾਦ ਦੇ ਹੇਠ ਲੱਗ ਕੇ ਚੱਲਣ ਲਈ ਤਿਆਰ ਨਹੀਂ ਹੈ। ਇਸ ਸਮੇਂ ਇਹਨਾਂ ਦੋਵਾਂ ਦਾ ਦਵੰਧ ਯੁੱਧ ਸਿਖ਼ਰਾਂ ਉੱਤੇ ਹੈ। ਭਾਵੇਂ ਕੁਝ ਵੀ ਹੈ, ਪ੍ਰੰਤੂ ਮੂਲਵਾਦ ਦੇ ਰੂਪ ਵਿਚ ਧਰਮ ਲਈ, ਪੂੰਜੀਵਾਦ ਦਾ ਅੱਗੇ ਟਿਕਣਾ ਸੰਭਵ ਨਹੀਂ ਹੈ। ਜੇਕਰ ਦੋਵੇਂ ਮਿਲ ਕੇ ਨਾ ਚੱਲਦੇ ਤਾਂ ਇਹਨਾਂ ਦੀ ਥਾਂ ਲੈਣ ਵਾਲੇ ਸਮਾਜਵਾਦੀ ਪ੍ਰਬੰਧ ਨੇ ਅੱਗੇ ਆ ਜਾਣਾ ਸੀ। ਅਫਗਾਨਿਸਤਾਨ ਦੇ ਮੋੜ ਉੱਤੇ ਆ ਕੇ ਜਿੱਥੇ ਸਮਾਜਵਾਦ ਨੂੰ ਢਾਅ ਲੱਗ ਗਈ ਸੀ ਉੱਥੇ ਦੋਵੇਂ ਆਪਸ ਵਿਚ ਵੀ ਫਸ ਪਏ ਹਨ। ਦੋਵਾਂ ਨੇ ਇਕ ਦੂਜੇ ਦੇ ਖ਼ਾਤਮੇ ਦੇ ਅੰਤਮ ਯੁੱਧ ਦੇ ਐਲਾਨ ਕਰ ਦਿੱਤੇ ਹੋਏ ਹਨ।



ਇਸ ਇਤਿਹਾਸਕ ਪੜਾਅ ਉੱਪਰ ਤਰਸੇਮ 'ਮਾਇਆ' ਭਾਵ ਪੂੰਜੀਵਾਦ ਨਾਲ ਵਖਰੇਵਾਂ ਸਿਰਜਦਾ ਹੋਇਆ, ਇਕ ਲਕੀਰ ਕੱਢਦਾ ਹੈ। ਉਹ ਇਸ ਨੂੰ ਨਫਰਤਾਂ, ਵੰਡਾਂ ਅਤੇ ਫਸਾਦ ਪਾਉਣ ਵਾਲੀ ਸਮਝਦਾ ਹੈ। ਉਸ ਦੀ ਧਿਰ ਮਾਨਵ-ਸਮੂਹ ਦੀ ਹੈ। ਉਹ ਕਹਿੰਦਾ ਹੈ-

**ਤੂੰ ਮਾਇਆ**
**ਮੈਂ ਮਾਨਵ**

**ਉਹ ਅੱਗੇ ਫਿਰ ਕਹਿੰਦਾ ਹੈ-**
**ਹੇ ਮਾਇਆ**
**ਤੂੰ ਕੀ ਕੀ ਨਹੀਂ ਕਰਾਇਆ**
**ਮਾਨਵ ਤੋਂ**
**ਭੁੱਖ ਬਣ ਕੇ**
**ਦੁੱਖ ਬਣ ਕੇ**

ਉਸ ਨੂੰ ਭੁੱਖਾਂ, ਦੁੱਖਾਂ ਦਾ ਕਾਰਨ ਮਾਇਆ ਦੇ ਰੂਪ ਵਿਚ 'ਪੂੰਜੀ' ਦੇ ਪ੍ਰਬੰਧ ਵਿਚ ਨਜ਼ਰ ਆ ਗਿਆ ਹੈ। ਪੂੰਜੀ ਦਾ ਸਿਰਜਕ ਤਾਂ ਮਾਨਵ ਹੈ, ਪ੍ਰੰਤੂ ਮਾਇਆ ਬਣ ਕੇ ਉਹ ਮਾਨਵ ਨੂੰ ਛਲ ਜਾਂਦੀ ਹੈ। ਇਸ ਤੋਂ ਮੁਕਤੀ ਮਾਨਵ ਦੇ ਹੀ ਹੱਥ ਵੱਸ ਹੈ ਕਿਉਂਕਿ -

**ਆਦਮੀ**
**ਜੋ ਹਰਕਤ ਦਾ ਨਾਂ ਹੈ।**

ਆਦਮੀ ਹਰਕਤ ਦਾ ਸੋਮਾ ਹੈ। ਹਰਕਤ ਅਜਿਹੀ ਨਹੀਂ, ਜਿਵੇਂ ਹਵਾ ਨਾਲ ਪੱਤੇ ਹਿਲਦੇ ਹਨ ਜਾਂ ਕਿਸੇ ਮਸ਼ੀਨ ਦੀ ਹਰਕਤ ਹੁੰਦੀ ਹੈ। ਇਹ ਮਾਨਵ ਦੀ ਹਰਕਤ ਉਸ ਦੀ ਚੇਤਨਤਾ ਦੇ ਅਧੀਨ, ਇਕ ਅਨੁਸ਼ਾਸਨ ਵਿਚ ਕੰਮ ਕਰਕੇ, ਇਕ ਸਿਰਜਕ ਦੇ ਰੂਪ ਵਿਚ ਸਿਰਜਨਾ ਕਰਨ ਵਾਲੀ ਹਰਕਤ ਹੈ। ਪਰ ਇਸ ਤੋਂ ਬਿਨਾਂ ਆਦਮੀ ਕੇਵਲ ਆਦਮੀ ਹੀ ਨਹੀਂ ਹੈ। ਉਹ 'ਚੁਬਾਰੇ' ਦਾ ਮਾਲਕ ਹੈ ਜਾਂ 'ਚੁਲ੍ਹੇ' ਵਾਲਾ ਗਰੀਬ ਹੈ। ਸਾਰੀ ਪਦਾਰਥਿਕ ਸੰਪਤੀ ਇਹਨਾਂ ਵਿਚ, ਅਸਾਵੇਂ ਢੰਗ ਨਾਲ ਵੰਡੀ ਹੋਈ ਹੈ। ਇਕ ਇੱਟਾਂ ਪੱਥਦਾ, ਪਕਾਉਂਦਾ, ਢੋਂਦਾ ਅਤੇ ਚੁਬਾਰੇ ਉਸਾਰਦਾ ਹੈ। ਦੂਜੇ ਦੇ ਚੁਬਾਰੇ ਉਸਰਦੇ ਹਨ। ਉਹ ਉਸ ਵਿਚ ਮੌਜ ਮੇਲਾ ਕਰਦਾ ਹੈ। ਦੋਵਾਂ ਰੂਪਾਂ ਵਿਚ ਆਦਮੀ ਹਰਕਤ ਵਿਚ ਹੈ। ਇਕ ਦੀ ਹਰਕਤ ਉਸ ਨੂੰ ਚੁਬਾਰੇ ਵਾਲਾ ਬਣਾਉਂਦੀ ਹੈ। ਦੂਜੇ ਦੀ ਮਿਹਨਤ ਕੇਵਲ ਚੁਲ੍ਹੇ ਵਾਲੇ ਤੱਕ ਹੀ ਰਹਿਣ ਦਿੰਦੀ ਹੈ। ਇਕ ਦੇ ਚੁਬਾਰੇ ਲਈ ਲੱਖਾਂ ਇੱਟਾਂ, ਦੂਜੇ ਦੇ ਚੁੱਲ੍ਹੇ ਲਈ ਅੱਠ-ਦਸ ਇੱਟਾਂ। ਇਸ ਵਿਚ ਇੱਟਾਂ ਦਾ ਕਸੂਰ ਨਹੀਂ ਹੈ। ਇਹ ਤਾਂ ਸਮਾਜੀ ਪ੍ਰਬੰਧ ਦੀ ਬਣਤਰ ਹੈ ਜੋ ਇਹ ਫ਼ਰਕ ਪਾ ਕੇ, ਮਨੁੱਖ ਨੂੰ ਵਰਗਾਂ ਵਿਚ ਵੰਡ ਦਿੰਦਾ ਹੈ। ਉਸ ਉੱਪਰ ਮਾਇਆ ਜਾਲ ਅਚਿੰਤੇ ਬਾਜ਼ ਵਾਂਗ ਆਣ ਪੈਂਦਾ ਹੈ। ਉਹ ਕਹਿੰਦਾ ਹੈ -

**ਨਹੀਂ ਪਤਾ ਇੱਟਾਂ ਨੂੰ**
**ਕਿ ਲੱਗਣਾ ਹੈ**
**ਕਿਸੇ ਚੁਬਾਰੇ 'ਚ**
**ਜਾਂ ਬਣਨਾ ਹੈ**
**ਕਿਸੇ ਗ਼ਰੀਬ ਦਾ ਚੁੱਲ੍ਹਾ**

ਕਵੀ ਦੀ ਇਸ ਵਿਸ਼ਲੇਸ਼ਤ ਦ੍ਰਿਸ਼ਟੀ, ਵਰਗ ਵੰਡ ਦੀ ਵੀ ਨਿਸ਼ਾਨਦੇਹੀ ਕਰਦੀ ਹੈ, ਉਸ ਨੂੰ ਮਾਇਆ ਦੇ ਯਥਾਰਥ ਦੇ ਦਰਸ਼ਨ ਵੀ ਕਰਵਾਉਂਦੀ ਹੈ ਪ੍ਰੰਤੂ ਇਸ ਨੂੰ ਮੇਟਣ ਲਈ ਰਣ ਤੱਤੇ ਵਿਚ ਸਕਿਰਿਆ ਨਹੀਂ ਕਰਦੀ। ਫਿਰ ਵੀ ਵਰਗ ਵੰਡ ਦੀ ਪਛਾਣ ਵੀ ਕੋਈ ਘੱਟ ਮਹੱਤਤਾ ਨਹੀਂ ਰੱਖਦੀ ਕਿਉਂਕਿ ਇਸ ਪਛਾਣ ਤੋਂ ਬਿਨਾਂ ਜੂਝਣ ਲਈ ਕੋਈ ਤੁਰੇਗਾ ਵੀ ਕਿਵੇਂ? ਅਨੇਕਾਂ ਸ਼ਾਇਰ-ਲੇਖਕ ਹਨ ਜੋ ਇਸ ਪਛਾਣ ਤੋਂ ਵੀ ਕੋਰੇ ਹਨ। ਸਮਾਜ ਵਿਚ ਵੀ ਇਹ ਵਰਗ ਵੰਡ ਹੀ ਹੈ ਜੋ ਗਰੀਬੀ, ਅਮੀਰੀ, ਉੱਚਾ, ਨੀਵਾਂ, ਦੁੱਖਾਂ, ਭੁੱਖਾਂ, ਮਜ਼ਹਬੀ ਝਗੜਿਆਂ ਆਦਿ ਨੂੰ ਜਨਮ ਦਿੰਦੀ ਹੈ। ਇਸ ਨੂੰ ਮੇਟਣ ਦਾ ਇਕ ਰੂਪ ਮਨੁੱਖ ਦੀ ਹਰਕਤ ਭਾਵ ਸੰਘਰਸ਼ ਹੈ। ਸੰਘਰਸ਼ ਜ਼ਿੰਦਗੀ ਦਾ ਚਾਲਕ ਹੈ। ਕਵੀ ਨੇ ਇਸ ਦੀ ਵੀ ਪਛਾਣ ਕਰ ਲਈ ਹੈ, ਪਰ ਇਸ ਦੇ ਸਾਰੇ ਰੂਪਾਂ ਵਿਚ ਨਹੀਂ। ਜੇਕਰ "ਆਦਮੀ" / ਹਰਕਤ ਦਾ ਦੂਜਾ ਨਾਂ ਹੈ ਤਾਂ ਉਸ ਨੂੰ ਸਹੀ ਮਾਅਨਿਆਂ ਵਿਚ ਹਰਕਤ ਵਿਚ ਆਉਣਾ ਹੀ ਪਵੇਗਾ। ਇਸ ਤੋਂ ਬਿਨਾਂ ਉਸ ਨੂੰ ਚੁਫੇਰੇ ਵਿਆਪਤ, ਗੁਰਬਤ, ਭ੍ਰਿਸ਼ਟਾਚਾਰ, ਅਨੈਤਿਕਤਾ, ਨਾ-ਬਰਾਬਰੀ ਦਾ ਅਹਿਸਾਸ ਕਿਵੇਂ ਹੋਵੇਗਾ। ਉਹ ਆਪਣੇ ਆਪ ਨੂੰ ਦਾਸਤਾ, ਬੇਚਾਰਗੀ, ਤਾਬਿਆਦਾਰੀ ਆਦਿ ਦੇ ਇਤਿਹਾਸ ਦੀ ਜਕੜ ਤੋਂ ਕਿਵੇਂ ਮੁਕਤ ਕਰੇਗਾ। ਇਸ ਦੇ ਲਈ ਉਸ ਨੂੰ ਬੌਧਿਕ ਅਤੇ ਸਰੀਰਕ ਤੌਰ 'ਤੇ ਹਰਕਤ ਵਿਚ ਆਉਣਾ ਪਵੇਗਾ। ਹਰਕਤ ਦਾ ਉੱਚਤਮ ਰੂਪ ਸੰਘਰਸ਼ ਹੈ ਜੋ ਲੜਾਈ ਦਾ ਸਵੈ ਰੱਖਿਅਕ ਅਤੇ ਵਿਕਾਸ ਦਾ ਰੂਪਾਂਤਰਤ ਰੂਪ ਹੈ। ਇਸ ਅਹਿਸਾਸ ਦੀ ਕਵਿਤਾ ਵਿਚ ਥੁੜ ਅੱਖੜਦੀ ਹੈ। ਸ਼ਾਇਦ ਇਸ ਨੂੰ ਪੂਰਾ ਕਰਨ ਲਈ ਕਵੀ ਨੂੰ, ਮਾਇਆ ਨੂੰ, ਦੁਰਗਾ ਦੇ ਰੂਪ ਵਿਚ ਅਰਾਧਣਾ ਪੈਂਦਾ ਹੈ -

**ਹੇ ਮਾਇਆ**
**ਤੂੰ ਹੀ ਧਾਰ ਦੁਰਗਾ ਦਾ ਰੂਪ**
**ਨਸ਼ਟ ਕਰ ਕੇ ਪਸ਼ੂ ਬਿਰਤੀ ਰਾਕਸ਼ਾਂ ਨੂੰ**

ਇਹ ਪਸ਼ੂ ਬਿਰਤੀ ਰਾਕਸ਼ ਹੀ ਹਨ ਜੋ ਜ਼ਿੰਦਗੀ ਨੂੰ ਨਸ਼ਟ ਕਰ ਰਹੇ ਹਨ। ਇਹਨਾਂ ਨੂੰ ਮਿਥਿਹਾਸਕ ਹਸਤੀਆਂ ਨੇ ਨਹੀਂ, ਵਰਤਮਾਨ ਸਮੇਂ ਦੇ 'ਆਦਮੀ' ਨੇ 'ਹਰਕਤ' ਵਿਚ ਆ ਕੇ 'ਨਸ਼ਟ' ਕਰਨਾ ਹੈ। ਸੰਘਰਸ਼ ਨਿਆਂ ਲਈ ਲੜਾਈ ਦਾ ਦੂਜਾ ਨਾਂ ਹੈ।

ਲੜਾਈ ਤਬਾਹੀ ਤਾਂ ਲਿਆਉਂਦੀ ਹੀ ਹੈ, ਪਰ ਇਹ ਤਬਾਹੀ ਅਮਾਨਵੀ ਸ਼ਕਤੀਆਂ ਦੀ ਹੋਣੀ ਚਾਹੀਦੀ ਹੈ। ਨਹੀਂ ਤਾਂ, ਇਹ ਮਾਨਵੀ ਸ਼ਕਤੀਆਂ ਦੀ ਹੋ ਜਾਵੇਗੀ, ਸਗੋਂ ਮਾਨਵਤਾ ਦੀ ਹੋਵੇਗੀ। ਇੱਕ ਲੜਾਈ ਉਹ ਵੀ ਹੈ, ਜੋ ਪੂੰਜੀਪਤੀਆਂ ਦੀ ਆਪਸ ਵਿਚ ਲੁੱਟਾਂ ਵੰਡਣ ਲਈ ਹੁੰਦੀ ਹੈ ਜਿਵੇਂ ਪਹਿਲਾ ਅਤੇ ਦੂਜਾ ਵਿਸ਼ਵ ਯੁੱਧ ਸੀ ਅਤੇ ਦੂਜੀ ਸਿੱਧੀ ਲੁੱਟਾਂ-ਲੁੱਟਾਂ ਲਈ ਹੁੰਦੀ ਹੈ। ਜਿਵੇਂ ਹੁਣ ਇਰਾਕ ਦੀ ਹੈ। ਹਰ ਲੜਾਈ ਵਿਚ ਮਨੁੱਖੀ ਜਾਨਾਂ ਅਤੇ ਪਿੰਡਾਂ, ਸ਼ਹਿਰਾਂ ਦੀ ਤਬਾਹੀ ਹੁੰਦੀ ਹੈ। ਪ੍ਰੰਤੂ ਹੱਕ ਅਤੇ ਇਨਸਾਫ ਲਈ ਲੜਾਈ ਵਿਚ ਉਦੇਸ਼ ਮਨੁੱਖੀ ਵਿਕਾਸ ਦਾ ਹੁੰਦਾ ਹੈ। ਇਥੇ ਨੁਕਸਾਨ, ਕੁਰਬਾਨੀ ਅਤੇ ਬਹਾਦਰੀ ਦਾ ਪ੍ਰਤੀਕ ਬਣ ਜਾਂਦਾ ਹੈ, ਜਿਹੜਾ ਲੋਕਾਂ ਅਤੇ ਇਤਿਹਾਸ ਦੀ ਨਜ਼ਰ ਵਿਚ ਜਿੱਤ ਤੱਕ ਲੜਾਈ ਜਾਰੀ ਰੱਖਣ ਲਈ ਪ੍ਰੇਰਨਾ ਅਤੇ ਸਤਿਕਾਰ ਵਿਚ ਬਦਲ ਜਾਂਦਾ ਹੈ। ਇਸ ਤੀਜੀ ਕਿਸਮ ਦੀ ਲੜਾਈ ਦੀ ਜਿੱਤ ਹੀ ਲੁੱਟਾਂ ਅਤੇ ਲੜਾਈਆਂ ਦਾ ਅੰਤ ਕਰ ਸਕਦੀ ਹੈ -

ਜਦੋਂ ਤਰਸੇਮ ਕਹਿੰਦਾ ਹੈ ਕਿ -
**ਹੇ ਮਾਇਆ**
**ਲੜਾਈ ਮਾੜੀ ਹੁੰਦੀ ਹੈ**

ਇਸ ਤਰ੍ਹਾਂ ਉਹ ਨਾ ਤਾਂ ਪਹਿਲੀਆਂ ਦੋਵੇਂ ਕਿਸਮ ਦੀਆ ਲੜਾਈਆਂ ਦੀ ਗੱਲ ਕਰ ਰਿਹਾ ਹੁੰਦਾ



ਹੈ। ਉਹ ਘਰੇਲੂ ਕਿਸਮ ਦੀਆਂ ਪਰਿਵਾਰਕ, ਕਲੇਸ਼, ਕਪਟ ਪੈਦਾ ਕਰਕੇ ਖੁਸ਼ੀ ਅਤੇ ਵਿਕਾਸ ਨੂੰ ਰੋਕਣ ਤੋਂ ਲੈ ਕੇ ਮਹਾਭਾਰਤ ਅਤੇ ਕਿਸੇ ਸੀਮਾ ਆਦਿ ਉੱਤੇ ਹੋਣ ਵਾਲੀਆਂ ਲੜਾਈਆਂ ਦੀ ਗੱਲ ਕਰਕੇ ਇਸ ਦੇ ਅਰਥਾਂ ਨੂੰ ਵਿਸਥਾਰ ਤਾਂ ਦੇ ਰਿਹਾ ਹੈ ਪਰ ਸਾਮਰਾਜ ਦੀਆਂ ਸੰਸਾਰ ਨੂੰ ਗੁਲਾਮ ਬਣਾਉਣ ਅਤੇ ਇਸ ਵਿਰੁੱਧ ਵਿਭਿੰਨ ਰੂਪਾਂ ਵਿਚ 'ਵਰਲਡ ਸੋਸ਼ਲ ਫੋਰਮ' ਆਦਿ ਅਤੇ ਲਾਤੀਨੀ ਅਮਰੀਕਾ ਵਿਚ ਦੀਆਂ ਜਨਤਕ ਜੰਗਾਂ ਦੇ 'ਪ੍ਰਤੀਕ' ਨੂੰ ਨਹੀਂ ਸਿਰਜਦਾ ਹੈ। ਸ਼ਾਇਦ ਇਸ ਦਾ ਕਾਰਨ ਉਸ ਦੇ ਧਿਆਨ ਦਾ, ਖੇਤਰੀ ਅਤੇ ਕੌਮੀ ਪੱਧਰ ਉੱਤੇ ਵਧੇਰੇ ਕੇਂਦਰਤ ਹੋਣਾ ਹੈ ਜਾਂ ਫਿਰ ਉਹ ਲੜਾਈ ਨੂੰ ਬਹੁਤ ਹੀ ਸੀਮਿਤ ਰੂਪ ਵਿਚ ਲੈ ਰਿਹਾ ਹੈ। ਇਥੇ ਫਿਰ ਕਵਿਤਾ ਵਿਸ਼ੇ ਦੇ ਅਧਿਐਨ ਦੀ ਭੁੱਖ ਮਹਿਸੂਸ ਕਰਦੀ ਪ੍ਰਤੀਤ ਹੁੰਦੀ ਹੈ।

ਜਦੋਂ ਉਹ ਹਰ ਕਿਸਮ ਦੀ ਲੜਾਈ ਨੂੰ ਰੱਦ ਕਰਦਾ ਹੈ, ਉਸ ਸਮੇਂ ਉਹ ਸੱਚੇ ਮਨੋ ਇਕ ਬੋਧ-ਗਿਆਨੀ ਦੀ ਭਾਵਨਾ ਅਨੁਸਾਰ ਕੇਵਲ ਸ਼ਾਂਤੀ ਪਾਠ ਹੀ ਕਰ ਰਿਹਾ ਹੁੰਦਾ ਹੈ। ਉਹ ਬਾਬੇ ਨਾਨਕ ਦੇ ਸਰਬੱਤ ਦੇ ਭਲੇ ਦੀ ਅਰਦਾਸ ਕਰ ਰਿਹਾ ਹੁੰਦਾ ਹੈ। ਉਹ ਸਾਡੇ ਸਮੇਂ ਦਾ ਸ਼ੁੱਧ ਪ੍ਰਕਿਤੀਵਾਦੀ ਬਣ ਗਿਆ ਜਾਪਦਾ ਹੈ। ਕਿਉਂਕਿ ਉਹ ਖੁਸ਼ਹਾਲੀ ਦੇ ਜੀਵਨ-ਸੁਪਨੇ ਸਾਕਾਰ ਹੋਇਆ ਦੇਖਣ ਦਾ ਅਭਿਲਾਖੀ ਹੈ। ਉਸ ਦਾ "ਮਾਨਵੀ" ਅਹਿਸਾਸ ਪ੍ਰਕ੍ਰਿਤੀ ਦੇ ਰੰਗਾਂ ਦੀ ਸ਼ੋਖੀ, ਮਹਿਕ ਅਤੇ ਤਾਜ਼ਗੀ ਨੂੰ ਮਾਨਣ ਅਤੇ ਸਿਰਜਨ ਦੀਆਂ ਜੁਗਤਾਂ ਨਾਲ ਭਰਪੂਰ ਹੈ। ਬੇਸ਼ੱਕ ਉਸ ਨੂੰ ਇਹ ਪਤਾ ਹੈ ਕਿ 'ਪਰਿਵਰਤਨ' ਪ੍ਰਕ੍ਰਿਤੀ ਦਾ ਅਟੱਲ ਨਿਯਮ ਹੈ ਪ੍ਰੰਤੂ ਉਸ ਨੂੰ ਵਿਸ਼ਵਾਸ ਹੈ ਕਿ ਇਸ ਲਈ ਸ਼ਾਂਤੀ ਦੀ ਲੋੜ ਵਿਚ ਹੀ ਆਸ਼ਾ ਰੱਖੀ ਜਾ ਸਕਦੀ ਹੈ।

ਉਹ ਜੀਵਨ ਨੂੰ ਜਗਦਾ-ਮਘਦਾ ਰੱਖਣ ਲਈ, ਸਾਧਨ ਲੱਭ ਲੈਣ ਵਿਚ ਜੁਟ ਜਾਣਾ ਚਾਹੁੰਦਾ ਹੈ ਤਾਂ ਜੋ ਡਿੱਗਿਆਂ ਹੌਸਲਿਆਂ ਨੂੰ ਉਠਾਇਆ ਜਾ ਸਕੇ। ਉਹ ਜੀਵਨ ਨੂੰ ਰੰਗੀਨ ਬਣਾਉਣ ਲਈ ਮਾਇਆ ਨੂੰ ਮਹਿਬੂਬਾ ਦੇ ਰੂਪ ਵਿਚ ਵੀ ਚਿਤਵਦਾ ਹੈ। ਮਹਿਬੂਬਾ ਦੀ ਕਲਪਨਾ, ਉਸ ਦੀ ਚੇਤਨਤਾ ਵਿਚ ਆਨੰਦ ਦੀ ਖ਼ੁਮਾਰੀ ਬਣ ਕੇ, ਲਬਾ-ਲਬ ਭਰੇ ਜਾਮ ਵਾਂਗ ਛਲਕ ਪੈਂਦੀ ਹੈ। ਉਸ ਦੀ ਵਸਲ ਲਈ ਤੜਪਦੀ ਰੂਹ ਬਹਿਬਲ ਹੋ ਜਾਂਦੀ ਹੈ।

ਮਾਇਆ ਦਾ ਇਹ ਵਿਵਹਾਰਕ ਜੀਵਨ ਰੂਪ ਭਾਰਤੀ ਅਧਿਆਤਮਕਤਾ ਦੇ ਮਾਇਆਵੀ ਛਲ ਕਪਟ ਦੀ ਮਿੱਥ ਦੇ ਰੂਪ ਦੇ ਉੱਕਾ ਹੀ ਵਿਪਰੀਤ ਹੈ ਪ੍ਰੰਤੂ ਇਹ ਸੰਭਾਵਨਾ ਹੈ ਕਿ ਮਾਇਆ ਦਾ ਇਹ ਸਮੋਹਿਤ ਕਰਨ ਵਾਲਾ 'ਮਨਮੋਹਣੀ' ਦਾ ਰੂਪ ਮਿਥਿਹਾਸ ਦੇ 'ਕਾਮਦੇਵ' ਦੀ ਪਤਨੀ 'ਰਤੀ' ਦੇ ਕਾਮਕ ਤੀਰ ਦਾ ਨਿਸ਼ਾਨਾ ਬਣ ਕੇ ਜ਼ਖ਼ਮੀ ਹੋ ਜਾਣ ਦੀ ਕਲਪਨਾ ਹੀ ਹੋਵੇ। ਮਾਇਆ ਮਹਿਬੂਬਾ ਦੇ ਆਉਣ ਦੇ ਉੱਪਰ ਪ੍ਰੇਮ ਵਿਚ ਮੁਗਧ ਉਸ ਦਾ ਦਿਲ 'ਪੈਰੀਂ ਘੁੰਗਰੂ' ਬੰਨ੍ਹ ਕੇ ਨੱਚਣ ਨੂੰ ਕਰ ਆਉਂਦਾ ਹੈ। ਉਸ ਦੇ ਇਹਨਾਂ ਬੋਲਾਂ ਵਿਚ 'ਪਦ ਘੁੰਗਰੂ ਬਾਂਧ ਮੀਰਾਂ ਨਾਚੀ ਰੇ' ਦੀ ਧੁਨੀ ਸੁਣਾਈ ਦਿੰਦੀ ਹੈ।

ਉਹ ਬ੍ਰਹਿਮੰਡ ਨੂੰ ਮਾਇਆ ਰੂਪ ਮੰਨ ਕੇ, ਇਸ ਦੀ ਭੌਤਿਕਤਾ ਨੂੰ ਪ੍ਰਵਾਨ ਕਰਦਾ ਹੋਇਆ, ਇਕ ਵਾਰ ਤਾਂ 'ਮਾਇਆ' ਦੇ ਸੰਕਲਪ ਨਾਲ ਜੁੜੀਆਂ ਸਾਰੀਆਂ ਵੈਦਿਕ-ਪੁਰਾਣਿਕ ਮਿੱਥਾਂ ਨੂੰ ਪ੍ਰਵਾਨ ਕਰਕੇ ਵੀ ਰੱਦ ਕਰ ਦਿੰਦਾ ਹੈ। ਇਸ ਨੂੰ ਘਰਾਂ ਦੀ ਇਕੱਲਤਾ ਦੇ ਖੰਡਰ ਵੀ ਉਪਰਾਮ ਨਹੀਂ ਕਰਦੇ। ਉਸ ਨੂੰ ਪਤਾ ਹੈ ਕਿ 'ਘਰ ਥੇਹ ਬਣ ਸਕਦੇ ਨੇ' ਪਰ ਮਨੁੱਖ, ਕਿਉਂਕਿ ਭੌਤਿਕ ਵਿਕਾਸ ਦੀ ਸਭ ਤੋਂ ਉੱਤਮ ਸਿਰਜਣਾ ਹੈ ਇਸ ਲਈ ਉਹ 'ਕਦੇ ਨਹੀਂ ਹੋ ਸਕਦੇ ਖੰਡਰ'। ਮਨੁੱਖ-ਜਾਤੀ ਦੀ ਸਦੀਵਤਾ ਦੀਰਘ-ਕਾਲੀ ਹੈ। ਕਿਸੇ ਵਿਅਕਤੀ ਅਤੇ ਜਨ-ਸਮੂਹ ਦੀ ਨਾਸ਼ਵਾਨਤਾ, ਪਾਣੀ ਵਿਚ ਲਹਿਰਾਂ ਦੇ ਉੱਠਣ ਅਤੇ ਮੁੜ ਸਮਾਉਣ ਵਾਂਗ ਹੀ ਹੈ, ਪ੍ਰੰਤੂ ਸਮੁੰਦਰ ਦੇ ਪਾਣੀ ਦੀ ਹੋਂਦ ਵਾਂਗ ਮਨੁੱਖ-ਜਾਤੀ ਦੀ ਹੋਂਦ

ਕਾਇਮ ਰਹਿੰਦੀ ਹੈ। ਮਨੁੱਖ ਤਾਂ ਛੇ ਕਰੋੜ ਸੱਠ ਲੱਖ ਵਰ੍ਹੇ ਪਹਿਲਾਂ ਅਕਾਸ਼ੋਂ ਡਿੱਗੇ ਧੂਮ-ਕੇਤੂ ਨਾਲ ਹੋਏ, ਲੱਖਾਂ ਵਰ੍ਹਿਆਂ ਦੇ ਧੁੰਦ-ਗਵਾਰ ਵਿਚੋਂ ਹੀ ਜੀਵਤ ਬਚ ਨਿਕਲਿਆ ਸੀ ਜਦੋਂ ਕਿ ਲੱਖਾਂ ਜੀਵ-ਜੰਤੂ, ਸਮੇਤ ਵੱਡ ਆਕਾਰੀ ਡਾਇਨਾਸੋਰ ਵਰਗੇ ਜੰਗਲੀ ਜਾਨਵਰਾਂ ਦੀ ਹੋਂਦ, ਹਮੇਸ਼ਾ ਹਮੇਸ਼ਾ ਲਈ ਮਿਟ ਗਈ ਸੀ।

ਕਵੀ ਤਰਸੇਮ ਨੂੰ ਉਸ ਸਮੇਂ ਹਉਕਾ ਲੈਂਦੇ ਨੂੰ ਦੇਖ ਸਕਦੇ ਹਾਂ ਜਦੋਂ ਮਾਇਆ ਤੋਂ ਉਹ ਪੁੱਛਦਾ ਹੈ-

**ਹੇ ਮਾਇਆ !**
**ਤੂੰ ਉਥੇ ਹੀ ਤਾਂ ਸੀ**
**ਜਦ ਮਾਰਿਆ**
**ਆਪਣਿਆਂ ਨੂੰ ਆਪਣਿਆਂ ਨੇ**
**ਆਪਣੇ ਘਰ**
**ਛਮ-ਛਮ ਰੋਈ ਹਯਾ ਦੀ ਅੱਖ।**

ਮਹਾਭਾਰਤ ਯੁੱਧ ਤੋਂ ਪਹਿਲਾਂ ਲੈ ਕੇ, ਸੰਤਾਲੀ ਦੀ ਦੇਸ਼ ਵੰਡ, ਅਫ਼ਰੀਕਾ, ਦੱਖਣੀ ਅਮਰੀਕਾ, ਯੂਰਪ ਦੀਆਂ ਭਰਾ-ਮਾਰੂ, ਮਨੁੱਖਤਾ ਦੇ ਬੇਕਿਰਕ ਸੰਘਾਰ ਕਰਨ ਵਾਲੀਆਂ ਜੰਗਾਂ ਅਤੇ ਅਮਾਨਵੀ ਵਰਤਾਰਿਆਂ ਨਾਲ ਭਰਿਆ ਪਿਆ ਹੈ। ਸਗੋਂ ਸਾਡੇ ਆਪਣੇ ਦੇਸ਼ ਵਿਚ ਸੰਤਾਲੀ ਤੋਂ ਪਿੱਛੋਂ ਵੀ ਪੰਜਾਬ ਵਿਚ ਅੱਤਵਾਦ ਦੇ ਕੁਲਹਿਣੇ ਦਿਨ, 1984 ਦਾ ਦਿੱਲੀ ਅਤੇ ਹੋਰਨਾਂ ਥਾਵਾਂ ਦੇ ਸਿੱਖ-ਸਮੂਹਾਂ ਦਾ ਕਤਲੇਆਮ, ਅਯੁੱਧਿਆ ਵਿਚ ਬਾਬਰੀ ਮਸਜਿਦ ਨੂੰ ਮਿਸਮਾਰ ਕਰਨ ਉਪਰੰਤ ਮੁਸਲਮਾਨਾਂ ਦੇ ਕਤਲੇਆਮ, ਫਿਰ ਗੁਜਰਾਤ ਵਿਚ ਦੀ ਭਿਆਨਕ ਕਤਲੋਗਾਰਤ ਅਤੇ 1994 ਵਿਚ ਰਵਾਂਡਾ (ਕੇਂਦਰੀ ਅਫਰੀਕਾ) ਵਿਚ ਦਾ ਇਕ ਕਬੀਲੇ ਹੱਥੋਂ ਦੂਜੇ ਕਬੀਲੇ ਦੇ ਪੱਚੀ ਲੱਖ ਤੋਂ ਵੱਧ ਲੋਕਾਂ ਦਾ ਕਤਲੇਆਮ ਆਦਿ ਦੇ ਦਿਲ ਕੰਬਾਊ ਤਰਾਸਦਿਕ ਵਰਤਾਰੇ ਦੇਖ ਕੇ, ਕਵੀ ਮਾਇਆ ਦੇ ਇਕ ਤਾਂਡਵੀ ਰੂਪ ਨੂੰ ਦੇਖ ਕੇ ਮਨੁੱਖੀ ਜ਼ਮੀਰ ਨੂੰ ਧਾਹੀਂ ਰੋਂਦਿਆਂ ਤੱਕਦਾ ਹੈ। ਉਹ ਮਾਇਆ ਨੂੰ ਤਾਅਨੇ ਦੇ ਅੰਦਾਜ਼ ਵਿਚ ਮੁੜ ਸੰਬੋਧਿਤ ਹੁੰਦਾ ਹੈ -

**ਤੂੰ ਦੇਖਦੀ ਰਹੀ**
**ਦੂਰ ਖੜ੍ਹੀ**
**ਮੂਲ ਦਰਸ਼ਕ ਬਣ ਕੇ**

**ਮਾਰ ਸਕਦੀ ਹੈਂ ਤਾੜੀਆਂ ਕਿਲਕਾਰੀਆਂ**
**ਪਰ ਮੈਂ ਨਹੀਂ ...............।**

ਏਥੇ ਕਵੀ ਅਮਾਨਵੀ ਸ਼ਕਤੀਆਂ ਵਿਰੁੱਧ, ਜੋ ਉਸ ਅਨੁਸਾਰ, ਮਾਇਆ ਦਾ ਹੀ ਰੂਪ ਹਨ, ਲਕੀਰ ਕੱਢ ਕੇ ਖੜ ਜਾਂਦਾ ਹੈ। ਉਹ ਮਾਇਆ ਦੇ ਵਿਨਾਸ਼ਕਾਰੀ ਰੂਪ ਵਿਰੁੱਧ ਮਨੁੱਖ ਮਾਤਰ ਦੀ ਲਾਮ-ਬੰਦੀ ਕਰਨ ਦੀ ਇੱਕ ਤਰ੍ਹਾਂ ਇੱਛਾ ਰੱਖਦਾ ਪ੍ਰਤੀਤ ਹੁੰਦਾ ਹੈ। ਜਿਵੇਂ ਇਸ ਕਵਿਤਾ ਦੀ ਸਿਰਜਣਾ ਸਮੇਂ ਅਮਰੀਕਾ ਦੇ ਵਲੋਂ ਬਹਾਨੇ ਬਣਾ ਕੇ ਇਰਾਕ ਉੱਪਰ ਆਧੁਨਿਕ ਹਥਿਆਰਾਂ ਨਾਲ ਕੀਤੇ ਹਮਲੇ ਸਮੇਂ, ਪ੍ਰਧਾਨ ਬੁਸ਼ ਵਲੋਂ ਦੁਨੀਆ ਭਰ ਦੇ ਦੇਸ਼ਾਂ ਨੂੰ ਆਪਣੇ ਵੱਲ ਖੜੇ ਹੋਣ ਦੀ ਧਮਕੀ, ਕਿ ਜੋ ਸਾਡੇ ਨਾਲ ਨਹੀਂ ਉਹ ਸਾਡੇ ਦੁਸ਼ਮਣਾਂ ਵੱਲ ਹੋਵੇਗਾ, ਵਿਰੁੱਧ ਸੰਸਾਰ ਭਰ ਦੇ ਜੰਗ-ਵਿਰੋਧੀ ਕਰੋੜਾਂ ਲੋਕਾਂ ਦੇ ਨਾਲ



ਖੜ੍ਹ ਜਾਂਦਾ ਹੈ। ਉਸ ਦਾ ਮਾਨਵੀ ਭਾਵਨਾਵਾਂ ਨਾਲ ਲਬਰੇਜ਼ ਦਿਲ ਕੁਰਲਾ ਉੱਠਦਾ ਹੈ -

**ਯੁੱਧ ਵਿਚ ਕੋਈ ਨਹੀਂ**
**ਕੇਵਲ ਮੈਂ ਹੀ ਮਰਿਆ ਹਾਂ**
**ਜਿੰਨੀ ਵਾਰ**
**ਕੋਈ ਘਾਇਲ ਹੋਇਆ**
**ਉਹ ਮੈਂ ਹੀ ਸਾਂ**

ਤਰਸੇਮ ਜੀਵਨ ਦੇ ਅਨੇਕਾਂ ਇਤਿਹਾਸਕ, ਮਿਥਿਹਾਸਕ, ਸਮਾਜਿਕ, ਰੁਮਾਂਟਿਕ, ਪਰਿਵਾਰਕ, ਵਿਵਹਾਰਿਕ, ਸੰਵੇਦਿਕ, ਕਾਲਪਨਿਕ ਰੂਪਾਂ ਆਦਿ ਨੂੰ ਛੋਹਾਂ ਦਿੰਦਾ ਹੋਇਆ, ਪ੍ਰਕਿਰਤਿਕ ਦ੍ਰਿਸ਼ਾਂ ਦੇ ਸ਼ਾਬਦਿਕ ਚਿਤਰ ਬਣਾਉਂਦਾ, ਫੁੱਲਾਂ ਦੀਆਂ ਮਹਿਕਾਂ ਨੂੰ ਫੜ ਫੜ ਕੇ ਬਿਖੇਰਦਾ ਹੋਇਆ, ਇਸ ਲੰਮੀ ਕਵਿਤਾ ਮਾਇਆ ਦੀ ਸਿਰਜਣਾ ਕਰ ਸਕਿਆ ਹੈ।

ਇਸ ਵਿਚ ਆਏ ਵਿਸ਼ਿਆਂ ਦੇ ਵਰਨਣ ਨੂੰ, ਉਸ ਨੇ ਨਿਰਸੰਦੇਹ ਬੜੀ ਖ਼ੂਬਸੂਰਤੀ ਨਾਲ ਕਾਵਿਕ ਰੂਪ ਦਿੱਤਾ ਹੈ ਪ੍ਰੰਤੂ ਉਸ ਉੱਪਰ ਇਹ ਗ਼ਿਲਾ ਹੈ ਕਿ ਉਸ ਨੇ ਇਸ ਲੰਬੀ ਕਵਿਤਾ ਨੂੰ ਤਰਤੀਬ ਦੇਣ ਸਮੇਂ ਖੋਜ ਨਹੀਂ ਕੀਤੀ, ਜਿਸ ਨੇ ਇਸ ਲੰਬੀ ਕਵਿਤਾ ਨੂੰ ਪੰਜਾਬੀ ਸਾਹਿਤ ਵਿਚ ਅਮਰ ਬਣਾ ਦੇਣ ਵਿਚ ਸਹਾਇਕ ਹੋਣਾ ਸੀ। ਜਦੋਂ ਕਵਿਤਾ ਲਈ ਇੱਕੋ ਵਿਸ਼ਾ 'ਮਾਇਆ' ਚੁਣਿਆ ਹੈ ਤਾਂ ਮਾਇਆ ਦੇ ਰੂਪ, ਇਸ ਨੂੰ ਵਿਅਕਤ ਕਰਨ ਵਾਲੇ ਸ਼ਬਦ ਦੇ ਸਰੂਪ ਅਤੇ ਉਸ ਦੇ ਵਿਕਾਸ ਦੇ ਬਦਲੇ ਭਿੰਨ-ਭਿੰਨ ਸੰਕਲਪਾਂ ਅਤੇ ਅਰਥਾਂ ਨੂੰ ਵਿਸਥਾਰਦਿਆਂ, ਅਜੋਕੇ ਰੂਪ ਤੱਕ ਲਿਆਂਦਾ ਜਾਣਾ ਚਾਹੀਦਾ ਸੀ। ਇਹ ਪਾਠਕ ਦੀਆਂ ਅੱਖਾਂ ਅੱਗੇ ਇਕ ਰੂਪ ਤੋਂ ਦੂਜੇ ਵਿਚ ਪ੍ਰਵੇਸ਼ ਕਰਦੀ, ਤੁਰਦੀ, ਨੱਚਦੀ, ਛਲਦੀ, ਗੁੰਮਰਾਹ ਕਰਦੀ ਨਜ਼ਰ ਆਉਣੀ ਚਾਹੀਦੀ ਸੀ। ਵੱਖ-ਵੱਖ ਵਿਸ਼ਿਆਂ ਦੀ ਬੌਧਿਕਤਾ ਦੇ ਆਪਸੀ ਦਵੰਧ ਅਤੇ ਵਿਕਾਸ ਨੂੰ ਤਰਤੀਬ ਦੇਣਾ ਲਾਜ਼ਮੀ ਸੀ।

ਮਾਇਆ ਦੀ ਪਰੰਪਰਾਗਤ ਧਾਰਮਿਕ-ਨਕਾਰਾਤਮਿਕਤਾ ਨੂੰ ਸਾਰਥਿਕਤਾ ਵਿਚ ਵਿਵਹਾਰਿਕਤਾ ਤੋਂ ਮਿਥਿਹਾਸਿਕਤਾ ਅਤੇ ਇਤਿਹਾਸਕਤਾ ਵਿਚ, ਇਤਿਹਾਸਕਤਾ ਤੋਂ ਭੌਤਿਕਤਾ ਵਿਚ, ਭੌਤਿਕਤਾ ਤੋਂ ਵਿਵਹਾਰਿਕਤਾ ਅਤੇ ਵਿਵਹਾਰਿਕਤਾ ਤੋਂ ਸਮਾਜਿਕਤਾ ਵਿਚ ਫਿਰ ਕੁਲ ਨੂੰ ਮਿਲਾ ਕੇ ਭੌਤਿਕ ਦਰਸ਼ਨ ਦੇ ਵਿਗਿਆਨਿਕ ਰੂਪ ਵਿਚ, ਜੇਕਰ ਪੇਸ਼ ਕੀਤਾ ਜਾਂਦਾ ਹੈ ਤਾਂ ਇਸ ਮਾਇਆ ਕਵਿਤਾ ਨੇ ਉੱਚ ਦਰਜੇ ਦੀ ਬੌਧਿਕ ਦਾਰਸ਼ਨਿਕ ਕਵਿਤਾ ਬਣਨ ਦੇ ਸਮਰੱਥ ਹੋਣਾ ਸੀ।

ਸੰਭਵ ਹੈ ਕਿ ਇਸ ਕਵਿਤਾ ਨੂੰ ਲਿਖਣ ਸਮੇਂ ਤਰਸੇਮ ਦੀ, ਜਿਵੇਂ ਕਿ ਹਰ ਕਵੀ ਦੀ ਕਿਸੇ ਕਵਿਤਾ ਦੇ ਲਿਖਣ ਸਮੇਂ ਦੀ ਮਨੋਅਵਸਥਾ ਦੀ ਵੇਗਮਈ ਸੰਵੇਦਿਕ ਸਥਿਤੀ ਹੁੰਦੀ ਹੈ, ਵਾਲੀ ਸਥਿਤੀ, ਉਸ ਦੇ ਹੱਥੋਂ ਨਾ ਜਾਣ ਦੇਣ ਦਾ ਯਤਨ ਹੋਵੇ। ਜੇ ਉਹ ਸਮਾਂ ਲੰਘ ਜਾਣ ਦਿੱਤਾ ਜਾਵੇ ਤਾਂ ਕਵਿਤਾ ਹਵਾ ਦੇ ਬੁਲੇ ਵਾਂਗ ਕੋਲੋਂ ਦੀ ਲੰਘ ਜਾਂਦੀ ਹੈ। ਮੇਰਾ ਖ਼ਿਆਲ ਹੈ, ਤਰਸੇਮ ਇਸ ਅਮੁੱਲੇ ਮੌਕੇ ਨੂੰ ਕਾਬੂ ਕਰਕੇ ਇਸ ਰਚਨਾ ਦੀ ਸਿਰਜਣਾ ਕਰ ਸਕਿਆ ਹੈ ਅਤੇ ਜੇਕਰ ਮਾਇਆ ਕਵਿਤਾ ਦੀ 'ਮਾਇਆ' ਸ਼ਬਦ ਨੂੰ ਭਾਰਤੀ ਦਾਰਸ਼ਨਿਕ ਪ੍ਰਕਿਰਤੀ ਦੇ 'ਵਿਸ਼ੇਸ਼ ਸ਼ਬਦ' ਦੇ ਰੂਪ ਵਿਚ ਅਧਿਐਨ ਕਰਨ ਪਿੱਛੋਂ ਸਿਰਜਣਾ ਕੀਤੀ ਜਾਂਦੀ ਤਾਂ ਨਿਸ਼ਚੇ ਹੀ ਕਵੀ ਮਾਇਆ ਸ਼ਬਦ ਦੇ ਧਾਰਮਿਕ-ਅਰਥ ਪ੍ਰਭਾਵ ਕਾਰਨ ਲੋਕਾਂ ਦੇ ਮਨਾਂ ਵਿਚ ਦੀ ਉਦਾਸੀਨਤਾ ਨੂੰ ਕਿਸੇ ਹੱਦ ਤੱਕ ਨਕਾਰਨ ਯੋਗ ਵੀ ਹੋ ਜਾਂਦਾ ਹੈ। ਫਿਰ ਵੀ ਤਰਸੇਮ ਨੇ ਜਿਸ ਤਰ੍ਹਾਂ ਇਸ ਔਖੇ ਵਿਸ਼ੇ ਨੂੰ ਨਿਭਾਇਆ ਹੈ, ਉਸ ਲਈ ਉਹ ਵਧਾਈ ਦਾ ਹੱਕਦਾਰ ਹੈ।

***

# ਲੋਕ ਗੀਤਾਂ ਦੀ ਪੈੜ : ਲੋਕ ਸਾਹਿਤ ਦਾ ਸਮਾਜਿਕ ਸਭਿਆਚਾਰਕ ਪ੍ਰਸੰਗ

'ਲੋਕ ਗੀਤਾਂ ਦੀ ਪੈੜ' ਚਿਹਨਕ-ਸਮੂਹ ਦੇ ਰੂਪ ਵਿਚ ਸਮਾਜ ਸ਼ਾਸਤਰੀ ਦ੍ਰਿਸ਼ਟੀ ਤੋਂ ਮੈਨੂੰ ਦੋਹਰੇ ਚਿਹਨਿਤ ਪੱਧਰ ਨਾਲ ਜੋੜਦਾ ਪ੍ਰਤੀਤ ਹੋਇਆ ਹੈ। ਪਹਿਲੇ ਪੱਧਰ ਉੱਤੇ ਲੋਕ ਗੀਤਾਂ ਦੇ ਕਿਸੇ ਜਗਿਆਸੂ ਜਾਂ ਸੰਕਲਨ ਕਰਤਾ ਦੇ ਲੋਕ ਗੀਤਾਂ ਦੇ ਸੰਕਲਨ ਹਿਤ ਥਾਂ-ਥਾਂ ਜਾ ਕੇ ਇਨ੍ਹਾਂ ਲੋਕ ਗੀਤਾਂ ਦੀ ਪੈੜ ਨੱਪਦੇ ਹੋਏ ਇਨ੍ਹਾਂ ਨੂੰ ਭਾਲਣਾ ਸੰਭਾਲਣਾ। ਇਹ ਇਸ ਪੈੜ ਦਾ ਪ੍ਰਾਥਮਿਕ ਚਿਹਨਿਤ ਹੈ। ਉਚੇਰੇ ਪੱਧਰ ਉੱਤੇ ਇਹ ਲੋਕ ਗੀਤ ਵਿਚ ਅੰਕਿਤ ਜਾਂ ਉਸ ਵਿਚ ਚਿਹਨਿਤ ਸਮਾਜਿਕ ਸਭਿਆਚਾਰਕ ਪ੍ਰਬੰਧ ਦੀ ਪੈੜ ਹੈ। ਜਿਸ ਨੂੰ ਜਾਣਨ ਸਮਝਣ ਦਾ ਪਰਿਆਸ ਇਸ ਪੁਸਤਕ ਦੇ ਨਿਬੰਧਾਂ ਵਿਚ ਕੀਤਾ ਗਿਆ ਹੈ। ਪੁਸਤਕ ਦੇ ਨਾਮ ਤੋਂ ਚਿਹਨਿਤ ਪੱਧਰ ਉੱਤੇ ਜਿਨ੍ਹਾਂ ਦੋ ਸਮਾਜ ਸ਼ਾਸਤਰੀ ਦਿਸ਼ਾਵਾਂ ਦਾ ਬੋਧ ਮੈਨੂੰ ਹੋਇਆ, ਉਨ੍ਹਾਂ ਦਿਸ਼ਾਵਾਂ ਵਿਚ ਲੇਖਕ ਦੇ ਥਾਂ-ਥਾਂ ਜਾਣ ਤੇ ਬਾਰੀਕ ਬੀਣੀ ਨਾਲ ਸ਼ਬਦਾਂ / ਅਰਥਾਂ ਦੀਆਂ ਸਭਿਆਚਾਰਕ / ਸਮਾਜਿਕ ਸੰਭਾਵਨਾਵਾਂ ਤੇ ਸੰਰਚਨਾਵਾਂ ਨੂੰ ਸਮਝਣ ਦੀ ਸਮਰੱਥਾ ਦਾ ਪ੍ਰਮਾਣ ਇਸ ਪੁਸਤਕ ਦੇ ਅਧਿਐਨ ਤੋਂ ਸਹਿਜੇ ਹੀ ਹੋ ਜਾਂਦਾ ਹੈ।

ਪੰਜਾਬੀ ਲੋਕ ਗੀਤਾਂ ਦੇ ਸੰਕਲਨ ਤੇ ਅਧਿਐਨ ਦਾ ਕਾਰਜ ਹੁਣ ਪ੍ਰੋੜ ਅਵਸਥਾ ਪ੍ਰਾਪਤ ਕਰ ਚੁੱਕਾ ਹੈ। ਇਹ ਹੁਣ ਇਕਹਿਰੇ ਤੇ ਸਮੁੱਚੇ ਰੂਪ ਵਿਚ ਪੰਜਾਬੀ ਲੋਕ ਗੀਤਾਂ ਦਾ ਸੰਕਲਨ ਜਾਂ ਉਨ੍ਹਾਂ ਦੇ ਅਰਥਾਂ ਦੀ ਪੁਨਰ-ਉਕਤੀ ਜਾਂ ਸਰਲ ਵਾਰਤਕ ਵਿਚ ਉਚਾਰ ਮਾਤਰ ਤੱਕ ਸੀਮਿਤ ਨਹੀਂ ਰਿਹਾ। ਲੋਕ ਗੀਤਾਂ ਵਿਚ ਉਚਾਰ ਅਤੇ ਪੇਸ਼ਕਾਰੀ ਦਾ ਮਹੱਤਵ ਪਛਾਣਦੇ ਹੋਏ, ਇਨ੍ਹਾਂ ਦੇ ਉਪਭਾਸ਼ਾਈ ਪਸਾਰਾਂ ਦੀ ਪਛਾਣ ਇਸ ਅਧਿਐਨ ਦਾ ਪਹਿਲਾ ਵਿਧਾ ਬਿੰਦੂ ਹੈ। ਇਸ ਤੋਂ ਤੁਰ ਕੇ ਮਾਲਵੇ ਤੇ ਦੁਆਬੇ ਦੇ ਲੋਕ ਗੀਤਾਂ ਦਾ ਅਧਿਐਨ ਕਰਨ ਵਾਲੇ ਦੋ ਪ੍ਰਤਿਭਾਵਾਨ ਲੋਕ-ਸਾਹਿਤ ਸ਼ਾਸਤਰੀ ਸਾਡੇ ਸਾਹਮਣੇ ਆਏ ਹਨ। ਡਾ. ਨਾਹਰ ਸਿੰਘ ਨੇ ਮਾਲਵੇ ਦੇ ਲੋਕ ਗੀਤਾਂ ਦਾ ਸੰਕਲਨ ਤੇ ਅਧਿਐਨ ਕਰਨ ਵਿਚ ਯਾਦਗਾਰੀ ਮਹੱਤਵ ਵਾਲਾ ਕੰਮ ਕੀਤਾ ਹੈ। ਇਸੇ ਦਿਸ਼ਾ ਵਿਚ ਦੂਜਾ ਸੂਝਵਾਨ ਉੱਦਮੀ ਤੇ ਖੋਜੀ ਡਾ. ਕਰਮਜੀਤ ਸਿੰਘ ਹੈ ਜਿਸ ਨੇ ਦੁਆਬੇ ਦੇ ਲੋਕ ਗੀਤਾਂ ਦੇ ਸੰਕਲਨ ਅਤੇ ਵਿਸ਼ਲੇਸ਼ਣ ਦਾ ਕਾਰਜ ਬੜੀ ਮਿਹਨਤ ਤੇ ਬਾਰੀਕੀ ਨਾਲ ਕੀਤਾ ਹੈ।

ਡਾ. ਕਰਮਜੀਤ ਸਿੰਘ ਨੇ ਦੁਆਬੇ ਦੇ ਲੋਕ ਗੀਤਾਂ ਨੂੰ ਇਕੱਤਰ ਕਰ ਕੇ ਦੇਸ਼ ਦੁਆਬਾ (1982), ਧਰਤ ਦੁਆਬੇ ਦੀ (1985), ਕੋਇਲਾਂ ਕੂਕਦੀਆਂ (1989), ਮੋਰੀਂ ਰੁਣ ਝੁਣ ਲਾਇਆ (1989) ਤੇ ਮਿੱਟੀ ਦੀ ਮਹਿਕ (1990) ਸ਼ੀਰਸ਼ਕ ਨਾਲ ਪੰਜ ਸੰਕਲਨ ਪ੍ਰਕਾਸ਼ਿਤ ਕੀਤੇ ਹਨ। ਅਜੇ ਵੀ ਨਵੇਂ ਤੋਂ ਨਵਾਂ ਲੋਕ ਗੀਤ ਲੱਭਣ ਤੇ ਸੰਭਾਲਣ ਦੀ ਤਲਾਸ਼ ਉਸ ਨੇ ਛੱਡੀ ਨਹੀਂ। ਟੇਪ ਰਿਕਾਰਡਰ ਤੇ ਸੈੱਲਾਂ ਵਾਲਾ ਝੋਲਾ ਲੈ ਕੇ ਉਹ ਪੈਦਲ, ਸਾਈਕਲ, ਸਕੂਟਰ, ਕਾਰ ਹਰ ਸੰਭਵ ਤਰੀਕੇ ਨਾਲ ਹਰ ਵਾਕਿਫ਼, ਮਿੱਤਰ, ਰਿਸ਼ਤੇਦਾਰ ਦੇ ਟਿਕਾਣੇ ਉੱਤੇ ਪਹੁੰਚ ਜਾਂਦਾ ਹੈ। ਦਵਿੰਦਰ ਸਤਿਆਰਥੀ ਦੇ ਲੋਕ ਗੀਤ ਇਕੱਠੇ ਕਰਨ ਦੀ ਯਾਤਰਾ ਸ਼ਾਇਦ ਸਾਡੇ ਪੰਜਾਬੀ ਲੋਕ ਗੀਤ ਦੇ ਇਨ੍ਹਾਂ ਜਗਿਆਸੂਆਂ ਲਈ ਨਿਰੰਤਰ ਸਾਹਸ ਬਖਸ਼ਣ ਵਾਲਾ ਪ੍ਰੇਰਣਾ ਸ੍ਰੋਤ ਹੈ। ਇਸ ਨੇ ਇਸ ਰਸਤੇ ਉੱਤੇ ਤੁਰਨ ਦੀਆਂ ਔਕੜਾਂ ਤੇ ਇਨ੍ਹਾਂ ਦੇ ਹਲ ਲਈ ਜੁਗਤਾਂ ਤੇ ਸਾਹਸ ਵੀ ਇਨ੍ਹਾਂ ਉੱਦਮੀਆਂ ਨੂੰ ਦਿੱਤਾ ਹੈ। ਲੋਕ ਗੀਤਾਂ ਦੀ ਪੈੜ ਨੂੰ ਫੜਦਿਆਂ ਕਰਮਜੀਤ ਸਿੰਘ ਨੇ ਜਿਸ ਕਿਸਮ ਦੇ ਉੱਦਮ ਕੀਤੇ, ਜਿਸ ਕਿਸਮ ਦੀਆਂ ਔਕੜਾਂ ਦਾ ਸਾਹਮਣਾ ਕੀਤਾ, ਜਿਨ੍ਹਾਂ ਜੁਗਤਾਂ ਨਾਲ ਉਨ੍ਹਾਂ ਉੱਤੇ ਕਾਬੂ ਪਾਇਆ ਅਤੇ ਜੋ ਪ੍ਰਾਪਤੀਆਂ ਉਸ ਦੇ ਹਿੱਸੇ ਆਈਆਂ



ਉਨ੍ਹਾਂ ਦਾ ਕੁਝ ਆਭਾਸ ਲੋਕ ਗੀਤਾਂ ਦੀ ਪੈੜ ਪੁਸਤਕ ਤੋਂ ਹੋ ਸਕਦਾ ਹੈ।

ਲੋਕ ਗੀਤਾਂ ਦੇ ਅਧਿਐਨ ਪੱਖੋਂ ਇਨ੍ਹਾਂ ਦੀ ਸਿਰਜਨ ਪ੍ਰਕਿਰਿਆ ਪਿੱਛੇ ਕਾਰਜਸ਼ੀਲ ਸਮਾਜਿਕ ਸਭਿਆਚਾਰਕ ਪ੍ਰਸੰਗਾਂ ਦੇ ਜਟਿਲ ਵੇਰਵੇ ਪਛਾਨਣਾ ਸਾਡੇ ਲੋਕ-ਸਾਹਿਤ ਸ਼ਾਸਤਰ ਦੀ ਦੂਜੀ ਮਹੱਤਵਪੂਰਨ ਪ੍ਰਾਪਤੀ ਹੈ। ਲੋਕ ਗੀਤ ਪ੍ਰਾਪਤ ਯਥਾਰਥ ਦੀ ਪੈੜ ਤਾਂ ਫੜਦੇ ਹੀ ਹਨ, ਇਹ ਅਧੂਰੇ ਅਪੂਰਨ ਸੁਪਨਿਆਂ ਦੀ ਗੱਲ ਵੀ ਕਰਦੇ ਹਨ। ਇਸਤਰੀ ਦੀਆਂ ਦਮਿਤ ਆਕਾਂਖਿਆਵਾਂ, ਗਰੀਬ ਤੇ ਮਜਬੂਰ ਧੀਆਂ ਭੈਣਾਂ ਦੀ ਹੋਣੀ, ਇਸਤਰੀ ਦੀ ਜਾਤੀ/ਜਮਾਤੀ ਪੱਧਰ ਉੱਤੇ ਦੂਜੈਲੀ ਸਥਿਤੀ, ਨਿਮਨ ਤੇ ਉੱਚ ਵਰਗ ਦੀ ਤ੍ਰੇੜ, ਰਿਸ਼ਤਿਆਂ ਦਾ ਆਸਾਵਾਂਪਣ, ਧਰਮ/ ਭਾਸ਼ਾ / ਜਾਤ / ਜਮਾਤ ਦਾ ਇਨ੍ਹਾਂ ਦੇ ਸਿਰਜਨ ਤੇ ਰੂਪਾਂਤਰਣ ਵਿਚ ਦਖਲ ਜਿਹੇ ਕਈ ਮਸਲੇ ਇਸ ਪੱਖੋਂ ਡਾ. ਕਰਮਜੀਤ ਸਿੰਘ ਨੇ ਬੜੀ ਬਾਰੀਕੀ ਨਾਲ ਇਸ ਨਿਬੰਧ ਸੰਗ੍ਰਹਿ ਵਿਚ ਛੋਹੇ ਹਨ ਅਤੇ ਇਨ੍ਹਾਂ ਉੱਪਰ ਨਿੱਠ ਕੇ ਵਿਚਾਰ ਕਰਨ ਲਈ ਅੰਤਰ-ਦ੍ਰਿਸ਼ਟੀਆਂ ਪੇਸ਼ ਕੀਤੀਆਂ ਹਨ।

ਲੋਕ-ਗੀਤਾਂ ਦੇ ਅਧਿਐਨ ਵਿਸ਼ਲੇਸ਼ਣ ਵਾਸਤੇ ਕਰਮਜੀਤ ਸਿੰਘ ਨੇ ਆਪਣਾ ਕਾਰਜ ਇੱਕ ਫੀਲਡ ਵਰਕਰ ਵਾਂਗ ਸ਼ੁਰੂ ਕੀਤਾ। ਆਪਣੀਆਂ ਪਸੰਦਾਂ / ਨਾ-ਪਸੰਦਾਂ ਇਕ ਪਾਸੇ ਰੱਖ ਕੇ, ਦੋਸਤੀ / ਦੁਸ਼ਮਣੀ, ਜਾਤ / ਵਰਗ / ਵਿਚਾਰਧਾਰਾ ਦੇ ਵਖਰੇਵੇਂ ਭੁਲ ਕੇ ਉਸ ਦੇ ਦੋਸਤਾਂ, ਰਿਸ਼ਤੇਦਾਰਾਂ, ਵਿਦਿਆਰਥੀਆਂ ਰਾਹੀਂ ਪੰਜਾਬੀ ਲੋਕ ਗੀਤਾਂ ਨੂੰ ਮੌਖਿਕ ਰੂਪ ਵਿਚ ਸੰਭਾਲੀ ਬੈਠੀਆਂ ਔਰਤਾਂ ਕੋਲ ਪਹੁੰਚ ਕੀਤੀ। ਭਾਂਤ-ਭਾਂਤ ਦੇ ਅਵਸਰਾਂ ਉੱਤੇ ਉਨ੍ਹਾਂ ਨੂੰ ਵਿਸ਼ਵਾਸ ਵਿਚ ਲੈ ਕੇ ਗੀਤਾਂ ਦੀ ਰਿਕਾਰਡਿੰਗ ਕਰਨਾ ਸੌਖਾ ਕੰਮ ਨਹੀਂ। ਵਿਭਿੰਨ ਅਵਸਰਾਂ ਉੱਤੇ ਗੀਤਾਂ ਦੀ ਪੇਸ਼ਕਾਰੀ ਸਮੇਂ ਗਾਇਕਾਂ ਦੀ ਮਨੋਸਥਿਤੀ ਤੇ ਕਲਪਨਾ ਆਸਰੇ ਗੀਤ ਦੇ ਲਕਸ਼ਿਤ ਤੇ ਵਿਅੰਜਤ ਅਰਥਾਂ ਨੂੰ ਪਛਾਣਨ ਵਿਚ ਡਾ. ਕਰਮਜੀਤ ਸਿੰਘ ਨੇ ਆਪਣੀ ਪ੍ਰਤਿਭਾ ਦਾ ਪਰਿਚਯ ਦਿੱਤਾ ਹੈ। ਉਸ ਨੇ ਸਮਿਆਂ ਦੀ ਧੂੜ ਵਿਚ ਗਵਾਚੇ ਗੀਤ ਦੇ ਅਣਗੌਲੇ ਸਮਾਜ-ਸ਼ਾਸਤਰੀ ਆਧਾਰਾਂ ਤੇ ਪ੍ਰਸੰਗਾਂ ਨੂੰ ਸਟੀਕ ਰੂਪ ਵਿਚ ਪਛਾਣਿਆ ਹੈ। ਉਸ ਦੀ ਇਸ ਪ੍ਰਮਾਣਿਕ ਪਛਾਣ ਦਾ ਕਾਰਨ ਇਹ ਹੈ ਕਿ ਉਸ ਕੋਲ ਸਾਹਿਤ ਤੇ ਜੀਵਨ ਨੂੰ ਦੇਖਣ ਸਮਝਣ ਲਈ ਕੇਵਲ ਦ੍ਰਿਸ਼ਟੀ ਨਹੀਂ, ਦ੍ਰਿਸ਼ਟੀਕੋਣ ਵੀ ਹੈ। ਧਾਰਮਿਕ / ਜਾਤੀਗਤ/ ਭਾਸ਼ਾਈ ਪਰੰਪਰਾਵਾਂ, ਸਮਾਜਿਕ ਦਬਾਅ ਅਤੇ ਦਮਿਤ ਭਾਵਨਾਵਾਂ ਦੀ ਕਥਾਰਸਿਸ ਦੀ ਰੁਚੀ ਲੋਕ ਗੀਤਾਂ ਵਿਚ ਪ੍ਰਾਪਤ ਯਥਾਰਥ ਦੀ ਪੇਸ਼ਕਾਰੀ ਦੀ ਪ੍ਰਕਿਰਿਆ ਵਿਚ ਲੰਬੇ ਕਾਲ ਅੰਤਰਾਲ ਵਿਚ ਜਿਵੇਂ ਆਪਣਾ ਯੋਗਦਾਨ ਪਾਉਂਦੇ ਹਨ, ਉਸ ਤੋਂ ਕਰਮਜੀਤ ਸਿੰਘ ਨਿਰੰਤਰ ਸੁਚੇਤ ਰਹਿੰਦਾ ਹੈ।

ਪ੍ਰਾਥਮਿਕ ਪੱਧਰ 'ਤੇ ਲੋਕ ਗੀਤਾਂ ਦੀ ਪੈੜ ਫੜਨ ਨਾਲ ਸੰਬੰਧਤ ਕਰਮਜੀਤ ਸਿੰਘ ਦੀ ਗਤੀਵਿਧੀ ਨੂੰ ਵੇਖੋ। ਇਸ ਪ੍ਰਕਿਰਿਆ ਵਿਚ ਆਪਣੇ ਪਰਾਏ ਕਿੰਨੇ ਹੀ ਲੋਕ ਸ਼ਾਮਲ ਹਨ। ਧਰਮ ਦੀ ਭੈਣ ਗੁਰਦੀਸ਼, ਭੂਆ ਰਤਨ ਕੌਰ, ਪਿੰਡ ਸੱਜਣਾਂ ਦੀ ਪਾਟੇ ਬਾਂਸ ਵਰਗੀ ਆਵਾਜ਼ ਤੇ ਖਿਲਰੇ ਸਿਰ ਵਾਲੀ ਛਿੰਨੋ, ਜਿਗਰੀ ਦੋਸਤ ਅਮਰੀਕ ਸਿੰਘ, ਨੰਜੋ ਤੇ ਉਸ ਦੀ ਮਾਂ, ਬੀਣੇਵਾਲ ਦੇ ਗੁਰਬਚਨ ਕੌਰ, ਰਤਨ ਚੰਦ ਤੇ ਭੋਲੀ, ਮਾਸੀ ਵਿੱਦੋ, ਨਾਨੀ ਲਾਭੀ, ਚਠਿਆਲੀਆਂ ਦੀ ਚਾਚੀ ਸੀਤੋ, ਡਡਿਆਲੀ ਪਿੰਡ ਵਿਚ ਭਰਾ ਕੁਲਦੀਪ ਦੀਆਂ ਵਾਕਿਫ਼ ਔਰਤਾਂ, ਕਲੋਏ ਵਿਆਹੀ ਛੋਟੀ ਭੈਣ ਕੁਲਦੀਪ, ਪ੍ਰੀਤੋ ਬਾਜ਼ੀਗਰਨੀ, ਦੁਗਮੀਵਾਲ ਦੇ ਜਮਾਤੀ ਧਰਮੇ ਦੀ ਮਾਂ ਸੁਮਿੱਤਰੋ, ਤਾਜਪੁਰ ਕਲਾਂ ਵਿਚ ਵਿਆਹੀ ਭੈਣ ਕਮਲਜੀਤ ਤੇ ਉਸ ਦੀ ਸਹੇਲੀ ਬਚਨੋ, ਮਾਮੇ ਦੇ ਮੁੰਡੇ ਤੇ ਜਿੰਦਰ ਦੇ ਨਾਨਕੇ ਪਿੰਡ ਭਡਿਆਰਾਂ ਦੀਆਂ ਕੁੜੀਆਂ, ਮਾਸਟਰ ਅੰਗਦ ਕੁਮਾਰ ਦੀ ਘਰਵਾਲੀ ਰਾਧਾ ਰਾਣੀ, ਮਾਸਟਰ ਬਜਰੰਗ ਕੁਮਾਰ ਦੀ ਪਤਨੀ ਸ਼ਾਰਦਾ, ਬੇਟੀ ਉਰਮਿਲਾ ਤੇ ਮਾਂ ਯਸ਼ੋਦਾ, ਮੁਕੀਮਪੁਰ ਵਾਲੇ ਪ੍ਰੋ. ਸੈਫ ਦੀ ਧੀ ਪਰਮਿੰਦਰ ਤੇ ਮਾਂ ਸਰਵਨ ਕੌਰ, ਲਸਾੜੇ ਦੀਆਂ ਅਮਰੋ, ਪ੍ਰੀਤੋ, ਜੈ ਕੌਰ, ਪ੍ਰਗਾਸ਼ੋ, ਨਰੇਸ਼, ਬਿਮਲਾ ਦੇਵੀ, ਆਸ਼ਾ, ਨੀਲਮ, ਛਿੰਦੋ, ਤਾਰੋ ਤੇ ਪ੍ਰਕਾਸ਼, ਹਰਿਆਣਾ ਪਿੰਡ ਦੀ ਭੂਆ ਬਚਨੀ ਤੇ ਸ਼ਕੁੰਤਲਾ, ਡਡਿਆਣਾ ਦੀਆਂ ਮੀਤੋ, ਫੱਤੀ,

ਸਵਰਨੋ, ਰੱਜੋ, ਸ਼ੀਸ਼ੋ ਤੇ ਮਿੰਦੋ, ਉੜਮੁੜ ਟਾਂਡੇ ਦੀ ਸੁਰਿੰਦਰ ਤੇ ਉਹਦੀ ਮਾਂ, ਮੁਕੀਮਪੁਰ ਦੇ ਕੁਲਤਾਰ ਦੀ ਪਤਨੀ ਦਵਿੰਦਰ, ਥੱਲੇ ਪਿੰਡ ਦੀਆਂ ਨਿੰਦਰੋ ਤੇ ਸੀਬੋ ਆਦਿ ਕਿੰਨੇ ਹੀ ਭਾਂਤ ਸੁਭਾਂਤੇ ਮਰਦ-ਔਰਤਾਂ ਦਾ ਸਹਿਯੋਗ ਇਸ ਪ੍ਰਕਿਰਿਆ ਵਿਚ ਕਰਮਜੀਤ ਸਿੰਘ ਨੇ ਹਾਸਲ ਕੀਤਾ ਹੈ। ਇਨ੍ਹਾਂ ਪਾਤਰਾਂ ਨੂੰ ਪਿਆਰ ਪੁਚਕਾਰ ਜਾਂ ਵਡਿਆ ਕੇ, ਤਰਲਾ ਮਿੰਨਤ ਕਰ ਕੇ ਜਾਂ ਪ੍ਰਾਪਤ ਹਾਲਾਤ ਦਾ ਲਾਭ ਉਠਾ ਕੇ ਉਸ ਨੇ ਗੀਤ ਰਿਕਾਰਡ ਹੀ ਨਹੀਂ ਕੀਤੇ, ਉਨ੍ਹਾਂ ਨੂੰ ਸਮੂਹਿਕ / ਵਿਅਕਤੀਗਤ ਰੂਪ ਵਿਚ ਉਕਾਰੇ ਜਾਂਦੇ ਸੁਣਿਆ ਹੈ। ਇਨ੍ਹਾਂ ਨੂੰ ਗਾਣ ਵਾਲੀਆਂ ਔਰਤਾਂ ਦੇ ਹਾਵ-ਭਾਵ ਤੇ ਮਨੋ-ਸਥਿਤੀ ਨੂੰ ਜਾਣਿਆ ਸਮਝਿਆ ਹੈ ਅਤੇ ਇਸ ਤੋਂ ਉਡਾਰੀ ਮਾਰ ਉਨ੍ਹਾਂ ਦੇ ਦੁੱਖ ਦਰਦ ਦੇ ਸਮਾਜਿਕ / ਸਭਿਆਚਾਰਕ ਪਿਛੋਕੜ ਦੀ ਕਲਪਨਾ ਕੀਤੀ ਹੈ।

ਲੋਕ ਗੀਤਾਂ ਵਿਚੋਂ ਸਮਾਜਿਕ ਸਭਿਆਚਾਰਕ ਮਨੋਵਿਗਿਆਨਕ ਯਥਾਰਥ ਦੀ ਪੈੜ ਫੜਨ ਲਈ ਡਾ. ਕਰਮਜੀਤ ਸਿੰਘ ਨੇ ਜਿਸ ਪ੍ਰਕਾਰ ਦੀ ਤੀਖਣ ਸੂਝ-ਬੂਝ ਦਾ ਪ੍ਰਮਾਣ ਇਸ ਪੁਸਤਕ ਦੇ ਨਿਬੰਧਾਂ ਵਿਚ ਦਿੱਤਾ ਹੈ ਉਸ ਬਾਰੇ ਕੁਝ ਸੰਕੇਤ ਇੱਥੇ ਕਰਕੇ ਬਣਦੇ ਹਨ। ਉਸ ਦੀ ਇਹ ਸੂਖਮ ਦ੍ਰਿਸ਼ਟੀ ਲੋਕ ਗੀਤ ਦੇ ਨਾਲ-ਨਾਲ ਉਸ ਗੀਤ ਨਾਲ ਜੁੜੇ ਰੀਤੀ-ਰਿਵਾਜਾਂ ਤੱਕ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਵਿਆਹ ਸੰਸਕਾਰ ਹੀ ਲਓ, ਇਸ ਨਾਲ ਜੁੜੇ ਸ਼ਗਨਾਂ ਵਿਚ ਵਿਧਵਾ ਤੇ ਬਾਂਝ ਔਰਤ ਨੂੰ ਪਾਸੇ ਰੱਖਣਾ ਵਿਅਕਤੀਗਤ ਰੂਪ ਵਿਚ ਉਕਤ ਔਰਤਾਂ ਨਾਲ ਅਨਿਆਂ ਹੈ। ਪਰ ਸਮਾਜਿਕ ਸਮੂਹ ਨੂੰ ਇਸ ਵਿਅਕਤੀਗਤ ਅਨਿਆਂ ਨਾਲੋਂ ਵਧੇਰੇ ਚਿੰਤਾ ਵਿਆਹ ਦੇ ਬੰਧਨ ਵਿਚ ਬੱਝ ਰਹੀ ਨਵੀਂ ਜੋੜੀ ਦੇ ਉਜਲੇ ਭਵਿੱਖ ਦੀ ਹੁੰਦੀ ਹੈ। ਵਿਆਹ ਨਾਲ ਜੁੜੇ ਗੀਤਾਂ ਵਿਚ ਨਰੜ ਦਾ ਸ਼ਿਕਾਰ ਔਰਤ ਅਣਜੋੜ ਨੂੰ ਵਿਅੰਗ ਦਾ ਵਿਸ਼ਾ ਬਣਾ ਕੇ ਆਪਣਾ ਕਥਾਰਸਿਸ ਕਰਦੀ ਹੈ। ਇਨ੍ਹਾਂ ਗੀਤਾਂ ਵਿਚ ਅਨਜੋੜ ਦਾ ਦੋਸ਼ ਲੋਕਾਂ ਨੂੰ ਦੇਣਾ ਪ੍ਰੰਪਰਾਗਤ ਪੰਜਾਬੀ ਸਮਾਜ ਵਿਚ ਸਮਾਜਿਤ ਚੇਤਨਾ ਦੇ ਪੱਧਰ ਦੇ ਨੀਵੇਂ ਹੋਣ ਦਾ ਸੰਕੇਤਕ ਹੈ। ਇਨ੍ਹਾਂ ਗੀਤਾਂ ਦੇ ਜ਼ਰੀਏ ਸਹੁਰੇ ਘਰ ਦੁੱਖ ਭੋਗ ਰਹੀਆਂ ਔਰਤਾਂ ਆਪਣੀ ਮਨੋਵੇਦਨਾ ਦੱਸ ਕੇ ਮਨ ਹੌਲਾ ਕਰਦੀਆਂ ਹਨ। ਅਜਿਹਾ ਕਰਦੇ ਸਮੇਂ ਕਈ ਵਾਰ ਵਸਤੂਗਤ ਯਥਾਰਥ ਗੀਤ ਗਾਉਂਦੀਆਂ ਔਰਤਾਂ ਨੂੰ ਹੰਝੂਆਂ ਅਤੇ ਹੌਕਿਆਂ ਦੇ ਸਾਗਰ ਵਿਚ ਵੀ ਡੋਬ ਦਿੰਦਾ ਹੈ। ਗਰੀਬ ਔਰਤਾਂ ਗਰੀਬੀ ਨੂੰ ਭੁੱਲ ਕੇ ਕਲਪਨਾ ਦੇ ਜਗਤ ਵਿਚ ਹੀਰੇ-ਮੋਤੀਆਂ ਨੂੰ ਚਿਤਵਦੀਆਂ ਹਨ। ਔਰਤ ਭਾਵੇਂ ਆਪਣੇ ਪਤੀ ਨੂੰ ਨਿਰੰਤਰ ਉਡੀਕਦੀ ਹੈ, ਪਰ ਪਤੀ ਤੇ ਹੋਰ ਪਰਿਵਾਰ ਉਸ ਨੂੰ ਬਰਾਬਰ ਦਾ ਮੋੜਵਾਂ ਪਿਆਰ ਨਹੀਂ ਦਿੰਦਾ ਦਿਸਦਾ ਤੇ ਉਹ ਇਸ ਸਥਿਤੀ ਉੱਤੇ ਹੰਝੂ ਕੇਰਣ ਲਈ ਮਜਬੂਰ ਹੈ। ਸੱਸਾਂ ਦੇ ਬੇਦਰਦ ਸੁਭਾਅ ਦਾ ਬੇਬਸੀ ਨਾਲ ਜ਼ਿਕਰ ਕਰਦੇ ਗੀਤ ਇਸ ਦਾ ਸਬੂਤ ਹਨ। ਨੂੰਹ ਸੱਸ ਦੇ ਸਾਹਮਣੇ ਹੀ ਨਹੀਂ, ਆਪਣੀ ਨਣਦ ਦੇ ਸਾਹਮਣੇ ਵੀ ਬੇਬਸ ਹੈ।

ਮਰਦ ਪ੍ਰਧਾਨ ਸਮਾਜ ਵਿਚ ਮਰਦ ਹਉਮੈ ਦੇ ਵੇਰਵੇ ਧਾਰਮਿਕ ਖੇਤਰ ਦੇ ਨਾਇਕ ਰਾਧਾ-ਕ੍ਰਿਸ਼ਨ ਤੱਕ ਪਸਰੇ ਹੋਏ ਵੇਖੇ ਜਾ ਸਕਦੇ ਹਨ। ਰਾਧਾ ਤੇ ਕ੍ਰਿਸ਼ਨ ਦੇ ਤਕਰਾਰ ਵਿਚੋਂ ਇਨ੍ਹਾਂ ਵੇਰਵਿਆਂ ਨੂੰ ਸ਼ਾਇਦ ਪਹਿਲੀ ਵਾਰ ਡਾ. ਕਰਮਜੀਤ ਸਿੰਘ ਨੇ ਹੀ ਪਛਾਣਿਆ ਹੈ। ਜਨਮ ਸਮੇਂ ਦੇ ਗੀਤਾਂ ਵਿਚ ਔਰਤ ਜੇ ਮੁੰਡਾ ਜੰਮੇ ਤਾਂ ਉਸ ਦਾ ਮਾਣ ਤਾਣ ਹੁੰਦਾ ਹੈ ਤੇ ਕੁੜੀ ਜੰਮਣ ਉੱਤੇ ਉਸ ਨਾਲ ਵਿਤਕਰਾ। ਇਸ ਵਿਤਕਰੇ ਦਾ ਜ਼ਿਕਰ ਲੋਕ ਗੀਤਾਂ ਵਿਚ ਅੰਕਿਤ ਅਕਸਰ ਹੀ ਵੇਖਿਆ ਜਾ ਸਕਦਾ ਹੈ। ਮੁੰਡਾ ਜੰਮਣ ਵਾਲੀ ਜਦੋਂ ਗੀਤ ਦੇ ਜ਼ਰੀਏ ਆਪਣੇ ਢੋਲ ਤੋਂ ਜਦੋਂ ਕੁਝ ਮੰਗਦੀ ਹੈ ਤਾਂ ਉਸ ਦੀ ਕਲਪਣਾ ਉੱਚੀਆਂ ਉਡਾਰੀਆਂ ਮਾਰਦੀ ਹੈ। ਪ੍ਰਦੇਸ ਗਏ ਪਤੀ ਦਾ ਬਿਰਹਾ ਭੋਗਦੀ ਔਰਤ ਕਿਸੇ ਪਰਾਏ ਮਰਦ ਨਾਲ ਸਾਂਝ ਗੀਤ ਵਿਚ ਵੀ ਠੁਕਰਾਉਂਦੀ ਹੈ ਭਾਵੇਂ ਪ੍ਰਦੇਸ ਗਿਆ ਪਤੀ ਕਿਸੇ ਹੋਰ ਰੂਪਵੰਤੀ ਨਾਲ ਪ੍ਰੇਮ ਪੀਂਘ ਹੀ ਕਿਉਂ ਨਾ ਚੜ੍ਹਾ ਰਿਹਾ ਹੋਵੇ। ਮਰਦ ਪ੍ਰਧਾਨ ਸਮਾਜ ਆਪਣੇ ਸੁੱਖ ਤੇ ਖੁਸ਼ਹਾਲੀ ਲਈ ਜੇਠੀ ਨੂੰਹ ਦੀ ਬਲੀ ਤੱਕ ਦੇਣ ਨੂੰ ਤਿਆਰ ਹੈ। ਔਰਤ ਦੀ ਵਡਿਆਈ ਇਹ ਹੈ ਕਿ ਉਹ ਆਪਣੇ ਪਿਆਰਿਆਂ



ਲਈ ਜਾਨ ਦੇਣ ਨੂੰ ਵੀ ਤਿਆਰ ਹੈ। ਮਰਦ ਨੂੰ ਆਪਣੀ ਕੁਲ ਤੇ ਪਰਿਵਾਰ ਅੱਗੇ ਤੋਰਨ ਦੀ ਇੰਨੀ ਚਿੰਤਾ ਹੈ ਕਿ ਉਹ ਇਸ ਖ਼ਾਤਿਰ ਨਾਜਾਇਜ਼ ਸੰਬੰਧਾਂ ਵਜੋਂ ਪ੍ਰਾਪਤ ਬੱਚੇ ਨੂੰ ਵੀ ਸਵੀਕਾਰਨ ਤੱਕ ਜਾਂਦਾ ਹੈ। ਔਰਤ ਦੇ ਦਰਦ ਤੇ ਭਾਵਨਾਵਾਂ ਨੂੰ ਜਿੰਨੀ ਸ਼ਿੱਦਤ ਨਾਲ ਔਰਤ ਸਮਝਦੀ ਹੈ, ਉਸ ਦੇ ਕਿੰਨੇ ਹੀ ਪ੍ਰਮਾਣ ਸਾਡੇ ਲੋਕ ਗੀਤਾਂ ਵਿਚ ਹਨ। ਵਿਆਹੀ ਵਰੀ ਸੋਹਣੀ ਤੇ ਕੱਚੇ ਘੜੇ ਉੱਤੇ ਪ੍ਰੇਮੀ ਨੂੰ ਮਿਲਣ ਜਾਣ ਦੇ ਸਮਾਜਕ ਤੌਰ 'ਤੇ ਅਪ੍ਰਵਾਨਿਤ ਕਰਮ ਨੂੰ ਲੋਕਗੀਤ ਵਿਚ ਤ੍ਰਿਸਕਾਰਿਆ ਨਹੀਂ ਗਿਆ। ਸਰਾਪ ਘੜੇ ਅਤੇ ਘੁਮਿਆਰ ਨੂੰ ਹੀ ਦਿੱਤਾ ਗਿਆ ਹੈ। ਮਿਰਜ਼ਾ ਸਾਹਿਬਾਂ ਦੀ ਪ੍ਰੀਤ ਕਥਾ ਨੂੰ ਲੋਕ ਗੀਤ ਵਿਚ ਪੇਸ਼ ਕਰਦੇ ਸਮੇਂ ਔਰਤ ਵਲੋਂ ਸਾਹਿਬਾਂ ਨੂੰ ਜਿਸ ਹਮਦਰਦੀ ਨਾਲ ਚਿਤਰਿਆ ਗਿਆ ਹੈ, ਉਹ ਵੀ ਮਰਦ ਦੀ ਦ੍ਰਿਸ਼ਟੀ ਤੋਂ ਵੱਖਰੀ ਪਛਾਣ ਰੱਖਦੀ ਹੈ।

ਔਰਤ ਜੰਗਾਂ, ਯੁੱਧਾਂ ਵਿਚ ਸਭ ਤੋਂ ਵੱਧ ਦੁੱਖ ਭੋਗਦੀ ਹੈ। ਇਸ ਲਈ ਉਸ ਦੇ ਸਿਰਜੇ ਗੀਤਾਂ ਵਿਚ ਜੰਗ ਦਾ ਵਿਰੋਧ ਵੀ ਹੈ ਅਤੇ ਧੀਆਂ, ਭੈਣਾਂ ਤੇ ਮਾਵਾਂ ਦੁਆਰਾ ਭੋਗੇ ਸੰਤਾਪ ਦਾ ਜ਼ਿਕਰ ਵੀ। ਧੀਆਂ ਵਿਆਹੁਣ ਅਤੇ ਸਹੁਰੇ ਘਰ ਤੋਰਨ ਸਮੇਂ ਦੀ ਮਾਵਾਂ ਧੀਆਂ ਦੀ ਮਨੋਅਵਸਥਾ ਦੇ ਮਾਰਮਿਕ ਚਿੱਤਰ ਸਾਡੇ ਲੋਕ ਗੀਤਾਂ ਵਿਚ ਪ੍ਰਾਪਤ ਹਨ। ਇਨ੍ਹਾਂ ਗੀਤਾਂ ਨੂੰ ਗਾਉਂਦੀਆਂ ਔਰਤਾਂ ਅਕਸਰ ਹੀ ਹੰਝੂਆਂ ਹੌਕਿਆਂ ਦੇ ਸਾਗਰ ਵਿਚ ਡੁੱਬਦੀਆਂ ਦਿਸਦੀਆਂ ਹਨ। ਇਸ ਸਥਿਤੀ ਵਿਚੋਂ ਕੱਢਣ ਤੇ ਦਮਿਤ ਭਾਵਨਾਵਾਂ ਦਾ ਕਥਾਰਸਿਸ ਕਰਨ ਦਾ ਦੋਹਰਾ ਉਦੇਸ਼ ਪੂਰਾ ਕਰਨ ਵਾਸਤੇ ਬੁੱਢਿਆ ਖੋਲ੍ਹ ਕੰਗਣਾ, ਕਰੇਲੇ ਘੁੰਗਣੀਆਂ ਤੇ ਵੇ ਖੱਤਰੀ ਜਿਹੇ ਲੋਕ ਗੀਤ ਪ੍ਰਾਪਤ ਹਨ। ਜੋ ਹਾਸਾ ਪੈਦਾ ਕਰਦੇ ਹਨ। ਲੋਕ ਗੀਤਾਂ ਦੇ ਭਾਸ਼ਾਈ-ਪ੍ਰਸੰਗਾਂ ਬਾਰੇ ਵੀ ਗੱਲ ਇਹ ਪੁਸਤਕ ਕਰਦੀ ਹੈ। ਦਰਅਸਲ ਡਾ. ਕਰਮਜੀਤ ਸਿੰਘ ਨੇ ਲੋਕ ਗੀਤਾਂ ਦੀ ਪੈੜ ਵਿਚ ਲੋਕ ਗੀਤਾਂ ਦੇ ਸਮਾਜਿਕ ਸਭਿਆਚਾਰਕ ਪ੍ਰਸੰਗਾਂ ਬਾਰੇ ਬੀਜ ਰੂਪ ਵਿਚ ਇਕ ਨਹੀਂ ਕਿੰਨੀਆਂ ਹੀ ਮੁਲਵਾਨ ਅੰਤਰ-ਦ੍ਰਿਸ਼ਟੀਆਂ ਪੇਸ਼ ਕੀਤੀਆਂ ਹਨ। ਕਈ ਦਿਸ਼ਾਵਾਂ ਵੱਲ ਸੰਕੇਤ ਕੀਤੇ ਹਨ। ਲੋਕ ਗੀਤਾਂ ਦੇ ਅਧਿਐਨ ਵਿਸ਼ਲੇਸ਼ਣ ਵੱਲ ਰੁਚਿਤ, ਖੋਜਾਰਥੀ, ਇਨ੍ਹਾਂ ਅੰਤਰ-ਦ੍ਰਿਸ਼ਟੀਆਂ ਤੇ ਦਿਸ਼ਾਵਾਂ ਨੂੰ ਨਿਸ਼ਚੇ ਹੀ ਗੰਭੀਰ ਅਧਿਐਨ ਕਾਰਜ ਦਾ ਨਿੱਗਰ ਆਧਾਰ ਬਣਾ ਸਕਦੇ ਹਨ।

## ਹੁੰਦਲ ਦਾ ਕਾਵਿ ਚਿੰਤਨ : ਕਵਿਤਾ ਦੇ ਰੂ-ਬ-ਰੂ

ਹਰਭਜਨ ਸਿੰਘ ਹੁੰਦਲ ਨਿਰੰਤਰ ਲਿਖਣ ਵਾਲਾ ਕਵੀ ਹੀ ਨਹੀਂ, ਬਹੁ ਵਿਧਾਈ ਲੇਖਕ ਹੈ। ਮੂਲ ਰੂਪ ਵਿਚ ਪ੍ਰਗਤੀਵਾਦੀ ਸੋਚ ਨੂੰ ਪਰਣਾਇਆ ਕਵੀ ਹੈ ਉਹ। ਧਰਤੀ ਦੇ ਸੱਚ ਨਾਲ ਜੁੜਿਆ ਭੁੱਖੇ ਮਰਦੇ, ਜ਼ੁਲਮ ਸਹਿੰਦੇ ਕਿਰਤੀ ਲੋਕਾਂ ਦੀ ਗੱਲ ਉਸ ਨੇ ਹੱਡੀਂ ਹੰਢਾਏ ਸੱਚ ਦੇ ਆਸਰੇ ਸਰਲ ਸਹਿਜ ਜ਼ੁਬਾਨ ਵਿਚ ਆਮ ਲੋਕਾਂ ਦੇ ਪੱਧਰ ਉੱਤੇ ਹਰ ਸਮੇਂ ਬਿਨਾਂ ਲਗ ਲਬੇੜ ਦੇ ਜਿਸ ਦਲੇਰੀ ਨਾਲ ਕੀਤੀ ਹੈ, ਉਸ ਨਾਲ ਬੇਗਾਨੇ ਤਾਂ ਕੀ ਆਪਣੇ ਵੀ ਉਸ ਦੇ ਦੁਸ਼ਮਣ ਬਣੇ ਹਨ। ਗ਼ਜ਼ਲ, ਗੀਤ, ਬੈਂਤ, ਖੁੱਲ੍ਹੀ ਤੇ ਲੈਅ ਤੋਲ ਵਾਲੀ ਕਵਿਤਾ - ਹਰ ਖੇਤਰ ਵਿਚ ਉਸ ਨੇ ਲਿਖਿਆ ਹੈ ਤੇ ਖ਼ੂਬ ਲਿਖਿਆ ਹੈ। ਮੁਲਾਜ਼ਮਾਂ, ਮਜ਼ਦੂਰਾਂ ਤੇ ਹੱਕ ਲਈ ਲੜ ਰਹੇ ਲੋਕਾਂ ਦੇ ਸੰਘਰਸ਼ਾਂ ਵਿਚ ਸਰਗਰਮ ਹਿੱਸਾ ਲਿਆ ਹੈ। ਇਸ ਜੀਵਨ ਅਨੁਭਵ ਨੂੰ ਸਪਾਟਬਿਆਨੀ, ਮਾਅਰਕੇਬਾਜ਼ੀ ਤੇ ਪ੍ਰਚਾਰ ਤੋਂ ਮੁਕਤ ਰਹਿ ਕੇ ਉਸ ਨੇ ਵਿਚਾਰਧਾਰਕ ਪ੍ਰਤੀਬੱਧਤਾ ਨਾਲ ਆਪਣੇ ਕਾਵਿ ਵਿਚ ਨਿਰੰਤਰ ਉਤਾਰਿਆ ਹੈ। ਉਸ ਦਾ ਕਾਵਿ ਸੰਸਾਰ ਆਪਣੇ ਲੋਕਾਂ ਦੀਆਂ ਆਰਥਿਕ, ਸਮਾਜਿਕ, ਰਾਜਨੀਤਿਕ ਉਲਝਣਾਂ ਦੇ ਜਟਿਲ ਤਾਣੇ ਪੇਟੇ ਦਾ ਬਿਰਤਾਂਤ ਵੀ ਪੇਸ਼ ਕਰਦਾ ਹੈ ਅਤੇ ਇਨ੍ਹਾਂ ਤੋਂ ਮੁਕਤੀ ਦੇ ਰਾਹ ਵੀ ਸੁਝਾਉਂਦਾ ਹੈ। ਉਸ ਦੀ ਕਵਿਤਾ ਜ਼ੁਲਮ ਜਾਂ ਜ਼ਾਲਮ ਦਾ ਕੁਝ ਵਿਗਾੜੇ ਜਾਂ ਨਾ ਵਿਗਾੜੇ, ਉਸ ਦੀ ਧਾਰ ਨੂੰ ਖੁੰਢਾ ਵੀ ਕਰਦੀ ਹੈ ਤੇ ਉਸ ਨਾਲ ਟਕਰਾਉਣ ਦੀ ਹਿੰਮਤ ਵੀ ਜਗਾਉਂਦੀ ਹੈ। ਇਸ ਕਿਸਮ ਦੀ ਕਵਿਤਾ ਲਈ ਉਹ ਨਿਰੰਤਰ

ਸਰਹਿੰਦ ਦੀ ਦੀਵਾਰ, ਸਰਸਾ ਨਦੀ, ਚਾਂਦਨੀ ਚੌਂਕ ਤੇ ਚਮਕੌਰ ਦੀ ਗੜ੍ਹੀ ਦੇ ਕੁਰਬਾਨੀਆਂ ਭਰੇ ਵਿਰਸੇ ਨੂੰ ਆਪਣੀ ਬੌਧਿਕਤਾ ਵਿਚ ਜਗਾਈ ਰੱਖਦਾ ਹੈ ਤੇ ਹਰ ਚੁਣੌਤੀ ਦਾ ਮੁਕਾਬਲਾ ਕਰਨ ਲਈ ਤਿਆਰ ਰਹਿੰਦਾ ਹੈ। ਵਿਰਸੇ ਪ੍ਰਤੀ ਮੋਹ ਅਤੇ ਵਿਚਾਰਧਾਰਕ ਪ੍ਰਤੀਬੱਧਤਾ ਦੇ ਬਾਵਜੂਦ ਉਹ ਕਿਤੇ ਵੀ ਸੰਕੀਰਨ ਧਾਰਮਿਕ ਜਨੂੰਨ ਜਾਂ ਮਕਾਨਕੀ ਚਿੰਤਨ ਦਾ ਸ਼ਿਕਾਰ ਨਹੀਂ ਹੁੰਦਾ। ਕਵਿਤਾ ਦੇ ਰੂ-ਬ-ਰੂ ਪੁਸਤਕ ਹੁੰਦਲ ਦੇ ਕਾਵਿ ਚਿੰਤਨ ਦੇ ਉਪਰੋਕਤ ਵੇਰਵਿਆਂ ਨਾਲ ਗਹਿਰੀ ਪਛਾਣ ਕਰਵਾਉਣ ਵਾਲਾ ਉੱਦਮ ਹੈ।

ਤਿੰਨ ਭਾਗਾਂ ਵਿਚ ਤੀਹ ਮਜ਼ਮੂਨਾਂ ਉੱਤੇ ਅਧਾਰਿਤ ਹੈ ਇਹ ਪੁਸਤਕ। ਦੂਜੇ ਤੇ ਤੀਜੇ ਭਾਗ ਦੀਆਂ ਲਿਖਤਾਂ ਲੇਖਕ ਦੀਆਂ ਆਪਣੀਆਂ ਲਿਖਤਾਂ ਹਨ ਜਦ ਕਿ ਪਹਿਲਾ ਭਾਗ ਵਿਭਿੰਨ ਲੇਖਕਾਂ, ਆਲੋਚਕਾਂ ਤੇ ਸੰਪਾਦਕਾਂ ਨਾਲ ਸਮੇਂ-ਸਮੇਂ ਉਸ ਦੇ ਕਾਵਿ ਚਿੰਤਨ ਬਾਰੇ ਮੁਲਾਕਾਤਾਂ ਉੱਤੇ ਅਧਾਰਿਤ ਹੈ। ਇਹ ਮੁਲਾਕਾਤਾਂ ਵਿਭਿੰਨ ਸਮਿਆਂ, ਵਿਅਕਤੀਆਂ, ਪੁਸਤਕਾਂ, ਵਿਸ਼ਿਆਂ ਬਾਰੇ ਹੋਣ ਕਾਰਨ ਹੁੰਦਲ ਦੇ ਕਾਵਿ ਸੰਸਾਰ ਤੇ ਸੋਚ ਬਾਰੇ ਵਿਸਤ੍ਰਿਤ ਤੇ ਬਹੁਪੱਖੀ ਜਾਣਕਾਰੀ ਦਿੰਦੀਆਂ ਹਨ। ਹੁੰਦਲ ਦੇ 'ਜੰਗਨਾਮਾ ਪੰਜਾਬ' ਬਾਰੇ ਸੁਰਜੀਤ ਕੌਰ ਨਾਲ ਮੁਲਾਕਾਤ ਨਾਲ ਆਰੰਭ ਹੁੰਦਾ ਹੈ ਇਹ ਖੰਡ। ਇਸ ਰਚਨਾ ਵਿਚ ਹੁੰਦਲ ਨੇ ਪੰਜਾਬ ਸੰਕਟ ਦੀਆਂ ਦੋਸ਼ੀ ਹਰ ਧਿਰ ਉੱਤੇ ਬੇਬਾਕ ਹੋ ਕੇ ਉਂਗਲ ਰੱਖੀ ਹੈ। ਮੇਜਰ ਮਾਂਗਟ ਵਾਲੀ ਮੁਲਾਕਾਤ ਮਿਲਵਾਕੀ ਪੰਜਾਬੀ ਕਾਨਫਰੰਸ ਦੀ ਉਲਾਰ ਦ੍ਰਿਸ਼ਟੀ ਉੱਤੇ ਉਂਗਲ ਰੱਖਣ ਉਪਰੰਤ ਹੁੰਦਲ ਦੇ ਸੰਘਰਸ਼ ਭਰੇ ਜੀਵਨ ਤੇ ਵੀਹ ਦੇ ਕਰੀਬ ਕਾਵਿ-ਪੁਸਤਕਾਂ ਵਿਚ ਅਪਨਾਈ ਪ੍ਰਗਤੀਵਾਦੀ ਸੋਚਣੀ ਦੇ ਵੇਰਵੇ ਦਿੰਦੀ ਹੈ। ਉਸ ਦੇ ਕ੍ਰਾਂਤੀਕਾਰੀ ਕਵੀਆਂ ਦੇ ਅਨੁਵਾਦ, ਕਾਵਿ ਦੇ ਰੂਪ ਪੱਖ ਅਤੇ ਵਾਰਤਕ ਬਾਰੇ ਟਿੱਪਣੀਆਂ ਕਰਦੀ ਹੈ। ਜਿੰਦਰ ਵਾਲੀ ਮੁਲਾਕਾਤ ਹੁੰਦਲ ਦੀ ਵਿਚਾਰਧਾਰਾ ਨੂੰ ਸਪੱਸ਼ਟ ਕਰਨ ਉੱਤੇ ਕੇਂਦਰਿਤ ਹੈ। ਆਸ਼ਕ ਅਲੀ ਫੈਸਲ ਵਾਲੀ ਮੁਲਾਕਾਤ ਹੁੰਦਲ ਦੇ ਸੇਵਾ ਮੁਕਤ ਹੋਣ ਉਪਰੰਤ ਸਮੇਂ ਵਿਚ ਉਸ ਦੇ ਸਾਹਿਤਕ ਰੁਝੇਵਿਆਂ ਵਿਚੋਂ ਉਸ ਦੀ ਜੀਵਨ ਦ੍ਰਿਸ਼ਟੀ ਉਜਾਗਰ ਕਰਦੀ ਹੈ। ਸਰਬਜੀਤ ਸਿੰਘ ਦੇ ਪ੍ਰਸ਼ਨਾਂ ਦਾ ਉਦੇਸ਼ ਹੁੰਦਲ ਦੀ ਵਿਚਾਰਧਾਰਾ ਤੇ ਚਿੰਤਨ ਦੀ ਪਛਾਣ ਹੀ ਹੈ। 'ਮੁਹਾਂਦਰਾ' ਦੇ ਸੰਪਾਦਕ ਨਾਲ ਮੁਲਾਕਾਤ ਕਵਿਤਾ, ਕਵੀ ਤੇ ਆਲੋਚਨਾ ਦੇ ਸਮਕਾਲੀ ਪ੍ਰਸੰਗਾਂ ਪ੍ਰਤੀ ਹੁੰਦਲ ਦੀ ਬੇਬਾਕ ਸੋਚ ਦੀ ਪੇਸ਼ਕਾਰੀ ਹੈ। ਕੁਲਦੀਪ ਪਾਠਕ ਤੇ ਬਿੰਦਰ ਵਾਲੀ ਮੁਲਾਕਾਤ ਸਿਰਜਨਾਤਮਕ ਸੁਭਾਅ ਵਾਲੀ ਹੈ ਤੇ ਕਵੀ ਦੇ ਚਿੰਤਨ ਦੇ ਨਾਲ-ਨਾਲ ਉਸ ਦੀ ਸ਼ਖ਼ਸੀਅਤ ਨੂੰ ਵੀ ਸਾਕਾਰ ਕਰਦੀ ਹੈ। ਮਨਿੰਦਰ ਕਾਂਗ ਵਾਲੀ ਮੁਲਾਕਾਤ ਵਿਚ ਦੋ ਪ੍ਰਤੀਬੱਧ ਤੇ ਬੇਬਾਕ ਕਲਮਕਾਰ ਇਕ ਦੂਜੇ ਦੇ ਰੂ-ਬ-ਰੂ ਹਨ। 'ਲਕੀਰ' ਦੇ ਸੁਆਲਨਾਮੇ ਦੇ ਉੱਤਰ ਵਿਚ ਹੁੰਦਲ ਦੇ ਉੱਤਰਾਂ ਦੀ ਸ਼ੈਲੀ ਉਹੀ ਹੈ ਜੋ ਲਕੀਰ ਦੀ ਆਪਣੀ ਹੈ। 'ਕਾਵਿ-ਲੋਕ' ਦੇ ਉਮਿੰਦਰ ਜੋਹਲ ਦੇ ਗੰਭੀਰ ਪ੍ਰਸ਼ਨਾਂ ਦਾ ਉੱਤਰ ਹੁੰਦਲ ਜੀ ਨੇ ਵੀ ਉਸੇ ਗੰਭੀਰਤਾ ਨਾਲ ਦਿੱਤਾ ਹੈ। ਬਲਵਿੰਦਰ ਪ੍ਰਵਾਸੀ ਵਾਲੀ ਮੁਲਾਕਾਤ ਹੁੰਦਲ ਦੇ ਕਾਵਿ-ਅਨੁਵਾਦਾਂ ਦੀ ਵਿਧੀ, ਮਨੋਰਥ ਤੇ ਪਸਾਰਾਂ ਬਾਰੇ ਜਾਣਕਾਰੀ ਦਿੰਦੀ ਹੈ।

'ਕਵਿਤਾ ਦੇ ਰੂ-ਬ-ਰੂ' ਦਾ ਦੂਜਾ ਭਾਗ ਹੁੰਦਲ ਦੀ ਕਾਵਿ ਸਿਰਜਣ ਪ੍ਰਕਿਰਿਆ ਦੀ ਥਾਹ ਦਿੰਦਾ ਹੈ। ਵਿਅੰਗਨਾਮਾ ਉਸ ਦੀ ਇੱਕ ਭਾਂਤ ਦੀ ਲੰਮੇਰੀ ਕਵਿਤਾ ਹੈ ਜਿਸ ਦਾ ਆਧਾਰ ਪੰਜਾਬ ਦੀ ਭ੍ਰਿਸ਼ਟ ਰਾਜਨੀਤੀ ਹੈ। ਜਿਸ ਵਿਚ ਜਨ ਹਿੱਤਾਂ ਨਾਲੋਂ ਸਵਾਰਥ ਨੂੰ ਪ੍ਰਾਥਮਿਕਤਾ ਹਾਸਲ ਹੈ। ਹੁੰਦਲ ਦਾ ਕਿੱਸਾ ਪਰੰਪਰਾ ਵਿਚ ਪ੍ਰਯੋਗ ਜਿਸ ਨੂੰ ਉਹ ਆਪਣੀ ਵਿਗਸ ਰਹੀ ਹੋਂਦ ਦਾ ਪ੍ਰਮਾਣ ਆਖਦਾ ਹੈ। 'ਮੁਖਬਰੀ-ਕਰਦੇ ਦਿਨ' ਦੀਆਂ ਕਵਿਤਾਵਾਂ ਦੀ ਸਿਰਜਨ ਪ੍ਰਕਿਰਿਆ ਸਪੱਸ਼ਟ ਕਰਦੇ ਹੋਏ ਉਹ ਦੱਸਦਾ ਹੈ ਕਿ ਵਿਚਾਰਧਾਰਕ ਪ੍ਰਤੀਬੱਧਤਾ ਦੇ ਨਾਲ-ਨਾਲ ਉਹ ਇਸ ਕਾਵਿ ਵਿਚ ਇਸ ਵਿਚਾਰਧਾਰਾ ਨੂੰ ਪ੍ਰਣਾਏ ਲੋਕਾਂ ਵਿਚ ਪਸਰੇ ਕੁਫਰ, ਧੌਂਸ, ਕਪਟ ਤੇ ਜਥੇਬੰਦਕ ਵਿਗਾੜਾਂ ਬਾਰੇ ਚਿੰਤਿਤ ਹੈ। ਇਹ ਚਿੰਤਾ ਤੇ ਇਸ ਚਿੰਤਾ ਅਧੀਨ ਰਚੇ ਕਾਵਿ ਦੀ ਪ੍ਰਾਪਤੀ ਅਗਲੇ ਨਿਬੰਧ ਵਿਚ ਵੀ ਹਾਜ਼ਰ ਹੈ। ਕਵਿਤਾ ਦਾ



ਸਿਰਜਣਾਤਮਕ ਰਹੱਸ ਨਾਮ ਦੇ ਨਿਬੰਧ ਵਿਚ ਹੁੰਦਲ ਇਸ ਨੂੰ ਸਮਾਜਿਕ ਸੱਚ ਨਾਲ ਆਪਣੀ ਸਦੀਵੀ ਦੋਸਤੀ ਦੇ ਰੂਪ ਵਿਚ ਪਛਾਣਦਾ ਹੈ। ਅਗਲੇ ਨਿਬੰਧ ਵਿਚ ਉਹ ਕਵਿਤਾ ਨੂੰ ਨਿਰੰਤਰ ਜੀਵਨ ਸਾਧਣ ਦੱਸਦਾ ਹੈ ਤੇ ਆਖਦਾ ਹੈ ਕਿ ਹਰ ਕਵਿਤਾ ਉਸ ਲਈ ਨਵੀਂ ਵੰਗਾਰ ਹੁੰਦੀ ਹੈ। ਆਪਣੇ ਕਾਵਿ ਦੇ ਸਰੂਪ ਤੇ ਸੁਭਾਅ ਬਾਰੇ ਕੁਝ ਮਹੱਤਵਪੂਰਨ ਗੱਲਾਂ ਹੁੰਦਲ ਨੇ ਵਿਅੰਗਮਈ ਅੰਦਾਜ਼ ਵਿਚ ਵੀ ਕਹੀਆਂ ਹਨ। ਇਨ੍ਹਾਂ ਵਿਚ ਉਸ ਦੀ ਪ੍ਰਗਤੀਵਾਦ ਤੇ ਪੰਜਾਬ ਨਾਲ ਆਪਣੀ ਪ੍ਰਤੀਬੱਧਤਾ ਨਿਰੰਤਰ ਕਾਇਮ ਹੈ। ਆਪਣੇ ਆਲੋਚਕਾਂ ਬਾਰੇ ਉਹ ਨਿਰਾਸ਼ ਨਹੀਂ। ਇਨ੍ਹਾਂ ਤੋਂ ਉਹ ਸੰਤੁਸ਼ਟ ਹੈ ਪਰ ਚਾਹੁੰਦਾ ਹੈ ਕਿ ਉਸ ਦੇ ਕਾਵਿ-ਅਨੁਵਾਦਾਂ ਤੇ ਵਾਰਤਕ ਬਾਰੇ ਹੋਰ ਗੰਭੀਰਤਾ ਨਾਲ ਗੱਲ ਹੋਵੇ। ਗੁਜਰਾਤ ਦੇ ਕਤਲੇ-ਆਮ ਬਾਰੇ ਕਵਿਤਾ ਨੂੰ ਉਹ ਫਾਸ਼ਿਜ਼ਮ ਵਿਰੁੱਧ ਜ਼ਬਾਨ ਖੋਲ੍ਹਣ ਦੇ ਪਵਿੱਤਰ ਫਰਜ਼ ਵਜੋਂ ਲੈਂਦਾ ਹੈ। 'ਸੱਤਰ ਸਾਲ ਦਾ ਹੋਣ ਉੱਤੇ' ਸ਼ੀਰਸ਼ਕ ਵਾਲਾ ਹੁੰਦਲ ਦਾ ਨਿਬੰਧ ਉਸ ਦੀ ਦਰਵੇਸ਼ ਤਬੀਅਤ, ਨਿਰੰਤਰ ਸਾਹਿਤ ਸਾਧਨਾ ਤੇ ਇਨਾਮਾਂ ਸਨਮਾਨਾਂ ਦੀ ਦੌੜ ਤੋਂ ਨਿਰਲਿਪਤ ਜੀਵਨ ਸ਼ੈਲੀ ਬਾਰੇ ਗੱਲ ਕਰਦਾ ਹੈ। ਕਵਿਤਾ ਵਿਚ ਭੋਗੇ ਯਥਾਰਥ ਅਤੇ ਉਸ ਉੱਤੇ ਅਧਾਰਿਤ ਕਵਿਤਾ ਬਾਰੇ ਆਪਣੀ ਦ੍ਰਿਸ਼ਟੀ ਹੁੰਦਲ ਨੇ ਕਵਿਤਾ ਤੇ ਕਲਾਤਮਕ ਦੂਰੀ ਨਿਬੰਧ ਵਿਚ ਸਪੱਸ਼ਟ ਕੀਤੀ ਹੈ। ਉਹ ਇਸ ਪੱਖੋਂ ਸਾਰਥਕ ਚਿੰਤਨ ਨੂੰ ਸਭ ਤੋਂ ਵੱਧ ਮਹੱਤਵ ਦਿੰਦਾ ਹੈ ਜੋ ਰਚਨਾ ਛਿਣ ਤੇ ਭੋਗੇ ਯਥਾਰਥ ਵਿਚ ਸਮੇਂ ਦੇ ਕਿਸੇ ਵੀ ਅੰਤਰਾਲ ਨਾਲੋਂ ਵੱਧ ਮਹੱਤਵਪੂਰਨ ਹੈ।

ਇਸ ਪੁਸਤਕ ਦੇ ਤੀਜੇ ਭਾਗ ਵਿਚ ਹੁੰਦਲ ਨੇ ਆਪਣੇ ਹੀ ਸ਼ਬਦਾਂ ਵਿਚ ਆਪਣੀਆਂ ਕਵਿਤਾਵਾਂ ਦੇ ਪਿਛੋਕੜ ਦੀ ਚਰਚਾ ਕੀਤੀ ਹੈ। ਇਹ ਨਿੱਕੇ-ਨਿੱਕੇ ਹਲਕੇ-ਫੁਲਕੇ ਨਿਬੰਧ ਕਵੀ ਤੇ ਉਸ ਦੇ ਚਿੰਤਨ ਬਾਰੇ ਸਹਿਜ ਵਿਚ ਹੀ ਕੁਝ ਗੰਭੀਰ ਟਿੱਪਣੀਆਂ ਉਚਾਰਦੇ ਹਨ। 'ਛਲੇਡਾ' ਕਵਿਤਾ ਦਾ ਬਿੰਬ ਉਸ ਨੇ ਲੋਕ ਸਿਮਰਤੀ ਤੋਂ ਲਿਆ ਹੈ। ਜਿਸ ਕਾਰਨ ਇਹ ਨਜ਼ਮ ਪਾਠਕ ਨਾਲ ਸੰਚਾਰ ਸੰਬੰਧ ਪੱਖੋਂ ਖਾਸੀ ਮਕਬੂਲ ਹੋਈ। 'ਇਕ ਨਵਾਂ ਪ੍ਰਯੋਗ' ਵਾਲੇ ਨਿਬੰਧ ਵਿਚ ਹੁੰਦਲ ਕਾਵਿ ਵਿਚ ਆਪਣੀ ਗੱਲ ਨੂੰ ਸੰਖੇਪ ਵਿਚ ਕਹਿਣ ਉੱਤੇ ਬਲ ਦਿੰਦਾ ਹੈ। 'ਕਵਿਤਾ ਵਿਚੋਂ ਕਵਿਤਾ' ਦਾ ਜਨਮ ਹੋਣ ਦੀ ਵਿਥਿਆ ਕਾਵਿ ਵਿਚ ਅੰਤਰ-ਪਾਠ ਤੇ ਸੰਵਾਦ ਵੱਲ ਸਾਡਾ ਧਿਆਨ ਦਿਵਾਉਣ ਵਾਲਾ ਨਿਬੰਧ ਹੈ। 'ਕਵਿਤਾ ਜੋੜਨ ਦਾ ਜੁਰਮਾਨਾ' ਵਾਲਾ ਲਘੂ ਨਿਬੰਧ ਅਣਖ ਤੇ ਸਵੈਮਾਣ ਵਾਲੀ ਕਵਿਤਾ ਦੀ ਸਿਰਜਨਾ ਲਈ ਪ੍ਰੇਰਦਾ ਹੈ। 'ਕਵੀ, ਕਵਿਤਾ ਤੇ ਲੋਕ' ਅਜੋਕੀ ਕਵਿਤਾ ਦੇ ਸੁਭਾਅ ਅਤੇ ਇਸ ਦੇ ਆਮ ਆਦਮੀ ਤੋਂ ਦਿਨੋ-ਦਿਨ ਦੂਰ ਹੁੰਦੇ ਜਾਣ ਦੀ ਰੁਚੀ ਉੱਤੇ ਤਿੱਖੇ ਹਮਲੇ ਕਰਦਾ ਹੈ। 'ਕਵਿਤਾ ਦੀ ਝੂਠੀ ਪ੍ਰਸ਼ੰਸਾ' ਸ਼ੀਰਸ਼ਕ ਵਾਲੀ ਲਿਖਤ ਪ੍ਰਤਿਭਾ-ਵਿਹੂਣੇ ਮਹੱਤਵ-ਆਕਾਂਕਸ਼ੀ ਕਵੀਆਂ ਦੀ ਸੋਚ ਨੂੰ ਨੰਗਾ ਕਰਦਾ ਹੈ। 'ਕਵੀਆਂ ਦੇ ਅੰਗ-ਸੰਗ' ਵਾਲੇ ਨਿਬੰਧ ਵਿਚ ਹੁੰਦਲ ਨੇ ਕੁਝ ਸਮਕਾਲੀਆਂ ਕਵੀਆਂ ਦੇ ਕਾਵਿ-ਸੰਗ੍ਰਹਿਆਂ ਉੱਤੇ ਸੰਖੇਪਿਤ ਟਿੱਪਣੀਆਂ ਕੀਤੀਆਂ ਹਨ। ਪੰਜਾਬੀ ਦੀ ਨਵੀਂ ਕਵਿਤਾ ਵਿਚ ਪਾਠਕ ਤੇ ਕਵੀ ਵਿਚਾਲੇ ਵੱਧ ਰਹੀ ਦੂਰੀ ਉੱਤੇ ਸਖ਼ਤ ਟਿੱਪਣੀ ਹੁੰਦਲ ਨੇ ਇਕ ਵਾਰ ਮੁੜ 'ਕਵਿਤਾ ਦੇ ਸਰੋਤੇ' ਸ਼ੀਰਸ਼ਕ ਹੇਠ ਕੀਤੀ ਹੈ। 'ਕਟਹਿਰੇ ਵਿਚ ਖਲੋਤੀ ਕਵਿਤਾ' ਵਾਲਾ ਇਸ ਪੁਸਤਕ ਦਾ ਅੰਤਿਮ ਨਿਬੰਧ ਪ੍ਰਗਤੀਵਾਦੀ ਚਿੰਤਕ ਨੂੰ ਅਪਣਾਏ ਲੋਕਾਂ ਦੀ ਮਕਾਨਕੀ, ਉਲਾਰ ਅਤੇ ਸੀਮਿਤ ਸੋਚ ਉੱਤੇ ਦੁੱਖ ਪ੍ਰਗਟ ਕਰਦਾ ਹੈ, ਪਰ ਨਾਲ ਹੀ ਇਸ ਗੱਲੋਂ ਸੰਤੁਸ਼ਟੀ ਵੀ ਜ਼ਾਹਰ ਕਰਦਾ ਹੈ ਕਿ ਇਸ ਨਾਲ ਉਸ ਨੂੰ 'ਮੁਖਬਰੀ ਕਰਦੇ ਦਿਨ' ਵਰਗਾ ਕਾਵਿ ਸੰਗ੍ਰਹਿ ਰਚਨ ਲਈ ਪ੍ਰੇਰਨਾ ਮਿਲੀ।

ਹੁੰਦਲ ਦਾ ਇਹ ਨਿਬੰਧ-ਸੰਗ੍ਰਹਿ ਕਵੀ ਹੁੰਦਲ ਦੀ ਸ਼ਖ਼ਸੀਅਤ, ਉਸ ਦੇ ਕਾਵਿ-ਸੰਸਾਰ, ਕਾਵਿ-ਚਿੰਤਨ, ਉਸ ਦੀ ਸਿਰਜਨ ਪ੍ਰਕਿਰਿਆ ਤੇ ਵਿਚਾਰਧਾਰਾ ਦੀਆਂ ਸੂਖਮ ਪਰਤਾਂ ਨੂੰ ਜਾਣਨ ਸਮਝਣ ਦੇ ਅਵਸਰ ਪੇਸ਼ ਕਰਨ ਪੱਖੋਂ ਪੜ੍ਹਨਯੋਗ ਕਿਰਤ ਹੈ। *

**ਡਾ. ਕੁਲਦੀਪ ਸਿੰਘ ਧੀਰ** (ਸਾਬਕਾ ਪ੍ਰੋ. ਅਤੇ ਡੀਨ ਪੰ.ਯੂ. ਪਟਿਆਲਾ)

## ਅੰਬਰ ਦਾ ਪ੍ਰਛਾਵਾਂ / (ਭਗਤ ਰਾਮ ਸ਼ਰਮਾ)

ਮੇਰੇ ਲਈ ਭਗਤ ਰਾਮ ਸ਼ਰਮਾ ਨਵਾਂ ਨਾਮ ਹੈ। ਉਸ ਦੇ ਵਾਕਿਫ਼ ਲੇਖਕ ਦੱਸਦੇ ਨੇ ਕਿ ਉਹ ਕਦੇ ਕਵਿਤਾ ਲਿਖਦਾ ਹੁੰਦਾ ਸੀ, ਪਰ ਫਿਰ ਇਸ ਨਾਲੋਂ ਆਪਣਾ ਨਾਤਾ ਤੋੜ ਕੇ ਜੀਵਨ ਦੇ ਹੋਰਨਾਂ ਧੰਦਿਆਂ ਵਿਚ ਖੁਭ ਗਿਆ ਤੇ ਇੰਝ ਕਵਿਤਾ ਨੂੰ ਬੇਦਾਵਾ ਦੇ ਗਿਆ। ਐਪਰ ਕਵਿਤਾ ਉਸ ਦੇ ਅਵਚੇਤਨ ਮਨ ਵਿਚ ਪਲਦੀ, ਪੁੰਗਰਦੀ ਰਹੀ ਤੇ ਲਿਖੇ ਜਾਣ ਲਈ ਬਿਹਬਲ ਕਰਦੀ ਰਹੀ। ਅਖ਼ੀਰ ਇਸ ਨੇ ਪ੍ਰਗਟ ਹੋਣ ਲਈ ਕੋਈ ਰਾਹ ਤੇ ਢੰਗ ਲੱਭ ਹੀ ਲਿਆ ਹੈ। ਕਿਉਂਕਿ ਕਵਿਤਾ ਦਾ ਰਿਸ਼ਤਾ, ਸਾਡੀਆਂ ਸੰਵੇਦਨਾਵਾਂ ਨਾਲ ਹੁੰਦਾ ਹੈ। ਸ਼ਰਮਾ ਸੁਪਨਿਆਂ ਦਾ ਨਿਸਦਿਨ ਹੁੰਦਾ ਕਤਲ ਨਹੀਂ ਵੇਖ ਸਕਦਾ ਸੀ। ਨਾ ਹੀ ਉਹ ਸਮਾਜ ਅੰਦਰ ਹੁੰਦੀ ਬੇਇਨਸਾਫ਼ੀ ਬਰਦਾਸ਼ਤ ਕਰ ਸਕਦਾ ਸੀ। ਬੇਗੁਨਾਹਾਂ ਦੇ ਹੁੰਦੇ ਕਤਲ ਉਸ ਦੀ ਰੂਹ ਉੱਤੇ ਡੂੰਘੇ ਜ਼ਖ਼ਮ ਲਾ ਜਾਂਦੇ ਸਨ। ਰਿਸ਼ਤਿਆਂ ਵਿਚ ਪੈ ਰਹੀਆਂ ਉਲਝਣਾਂ ਉਸ ਲਈ ਚਿੰਤਾ ਦਾ ਕਾਰਨ ਬਣਦੀਆਂ ਸਨ। ਦਨਦਨਾਉਂਦੇ ਫਿਰਦੇ ਕਾਤਲ ਟੋਲੇ ਉਸ ਲਈ ਘਿਰਣਾ ਦੇ ਪਾਤਰ ਸਨ। ਅਜਿਹਾ ਸੰਵੇਦਨਸ਼ੀਲ ਮਨੁੱਖ ਆਪਣੇ ਇਸ ਦਰਦ ਨੂੰ ਪ੍ਰਗਟ ਨਾ ਕਰੇ ਤਾਂ ਹੋਰ ਕੀ ਕਰੇ।

ਮੈਨੂੰ ਤਾਂ ਚਾਹੀਦਾ ਹੈ
ਮੇਰਾ ਰੌਸ਼ਨੀਆਂ 'ਚ ਤਰਦਾ ਸ਼ਹਿਰ
ਮਿਰਗਾਂ ਵਾਂਗ ਚੁੰਗੀਆਂ ਭਰਦੀ
ਆਜ਼ਾਦ ਤੇ ਬੇਫ਼ਿਕਰ ਜ਼ਿੰਦਗੀ
ਗਲੀਆਂ 'ਚ ਭੰਗੜੇ ਪਾਉਂਦੇ
ਲੋਕਾਂ ਦੇ ਹਜੂਮ।

ਭਗਤ ਰਾਮ ਸ਼ਰਮਾ ਦੇ ਸੁਪਨਿਆਂ ਦੀ ਲੀਲ੍ਹਾ ਤੱਕਣ ਯੋਗ ਹੈ। ਸੁਪਨੇ ਲੈਣ ਵਾਲਾ ਮਨੁੱਖ ਜੀਵਨ ਦੀਆਂ ਤਲਖ਼ ਹਕੀਕਤਾਂ ਨਾਲ ਟਕਰਾਉਂਦਾ ਕਹਿੰਦਾ ਹੈ, ਇਸ ਟਕਰਾ ਵਿਚੋਂ ਹੀ ਉਸ ਦੀ ਕਵਿਤਾ ਦਾ ਜਨਮ ਹੁੰਦਾ ਹੈ। "ਰਿਸ਼ਤਿਆਂ ਦੇ ਕੁਕਨੂਸ" ਉਸ ਦੀ ਲੰਮੀ ਕਵਿਤਾ ਹੈ, ਜਿਸ ਦੇ ਕਈ ਭਾਗ ਹਨ। ਇਹ ਕਵਿਤਾ ਭਗਤ ਰਾਮ ਦੀ ਪ੍ਰਾਪਤੀ ਹੈ। ਮੈਂ ਇਸ ਪ੍ਰਾਪਤੀ ਉੱਤੇ ਉਸ ਨੂੰ ਵਧਾਈ ਦਿੰਦਾ ਹਾਂ ਤੇ ਨਾਲ ਹੀ ਇਹ ਆਸ ਵੀ ਕਰਦਾ ਹਾਂ ਕਿ ਉਹ ਅਗਾਮੀ ਕਾਵਿ-ਰਚਨਾਵਾਂ ਵਿਚ ਬੇਲੋੜੇ ਵਿਸਥਾਰ ਅਤੇ ਦੁਹਰਾਉ ਤੋਂ ਬਚਿਆ ਕਰੇਗਾ। (ਹ.ਸ.ਹ.)

## ਕਾਇਆ ਦੇ ਹਰਫ਼ / (ਮਲਵਿੰਦਰ)

'ਕਾਇਆ ਦੇ ਹਰਫ਼' ਕਾਵਿ- ਸੰਗ੍ਰਹਿ ਦਾ ਲੇਖਕ ਨਵਾਂ ਤੇ ਹੋਣਹਾਰ ਰਚਨਾਕਾਰ ਹੈ। ਅਜਿਹੇ ਕਵੀ ਦੀ ਪਹਿਲੀ ਕਵਿਤਾ ਹੀ ਤੁਹਾਡੇ ਕੰਨ ਖੜੇ ਕਰ ਦਿੰਦੀ ਹੈ। ਹਰ ਨਵੀਂ ਨਜ਼ਮ ਤੁਹਾਡੇ ਸੁਹਜ-ਸਵਾਦ ਨੂੰ ਭਰਪੂਰ ਤੇ ਡੂੰਘਾ ਕਰਦੀ ਤੁਰੀ ਜਾਂਦੀ ਹੈ। ਅਜਿਹੀ ਚੰਗੀ ਸ਼ਾਇਰੀ ਆਮ ਨਹੀਂ ਮਿਲਦੀ। ਇਸਦੇ ਕਦੇ-ਕਦਾਈਂ ਹੀ ਦਰਸ਼ਨ ਹੁੰਦੇ ਹਨ ਤੇ ਇਸ ਸ਼ਾਇਰੀ ਦਾ ਪਾਠ ਦੇਰ ਤੀਕ ਲਈ ਆਪਣੇ ਪ੍ਰਭਾਵ ਤੁਹਾਡੇ ਮਨ ਉੱਤੇ ਅੰਕਿਤ ਕਰ ਜਾਂਦਾ ਹੈ।

ਮਲਵਿੰਦਰ ਵਰਗੇ ਚੰਗੇ ਸ਼ਾਇਰ ਦਾ ਹਰ ਬੋਲ ਤੇ ਸ਼ਿਅਰ ਵੱਖਰਾ ਹੁੰਦਾ ਹੈ। ਉਸਦਾ ਅਨੁਭਵ ਹੀ ਨਵਾਂ ਨਹੀਂ ਸਗੋਂ ਉਸਦਾ ਅੰਦਾਜ਼ੇ-ਬਿਆਂ, ਉਸਦੀ ਕਾਵਿ-ਸ਼ੈਲੀ, ਉਸਦਾ ਕਾਵਿ-ਮੁਹਾਂਦਰਾ ਅਥਵਾ ਉਸ ਦੇ ਬੋਲ ਪਛਾਨਣ ਯੋਗ ਹਨ। ਮਲਵਿੰਦਰ ਅਜਿਹਾ ਹੀ ਕਵੀ ਹੈ। ਉਹ ਕਿੰਨਾ ਕੁਝ ਨਵਾਂ ਲੈ ਕੇ ਆਇਆ ਹੈ। ਤੁਸੀਂ ਇਸ ਸੰਗ੍ਰਹਿ ਨੂੰ ਆਖ਼ਰੀ ਪੰਨੇ ਤੋਂ ਪੜ੍ਹਨਾ ਆਰੰਭੋ, ਜਾਂ ਪਹਿਲੇ ਪੰਨੇ ਤੋਂ, ਤੁਹਾਨੂੰ



ਨਿਰਾਸ਼ ਨਹੀਂ ਹੋਣਾ ਪੈਂਦਾ।

ਨਵੇਂ ਤੇ ਸੱਜਰੇ ਅਹਿਸਾਸ, ਨਵੇਂ ਬੋਲ, ਨਵੀਂ ਬਿੰਬਾਵਲੀ, ਗੱਲ ਕੀ ਪੈਰ-ਪੈਰ ਉੱਤੇ ਹਰ ਨਵੀਂ ਕਵਿਤਾ, ਪਾਠਕ ਦੇ ਅਨੁਭਵ ਵਿਚ ਰਚਦੀ ਜਾਂਦੀ ਪ੍ਰਤੀਤ ਹੁੰਦੀ ਹੈ। ਮੈਨੂੰ ਇਸ ਸੰਗ੍ਰਹਿ ਦੇ ਸਮੁੱਚੇ ਪਾਠ ਤੋਂ ਬੜਾ ਤੀਬਰ ਅਹਿਸਾਸ ਹੋਇਆ ਹੈ ਕਿ ਮਲਵਿੰਦਰ ਮੇਰੀ ਭਾਸ਼ਾ, ਪੰਜਾਬੀ ਕਵਿਤਾ ਲਈ ਨਵਾਂ ਕੁਝ ਲੈ ਕੇ ਆਇਆ ਹੈ। "ਕਾਸ਼ ਮਾਂ ਪੜ੍ਹੀ ਹੁੰਦੀ" ਕਵਿਤਾ ਦਾ ਸਿਰਜਣਹਾਰ ਮਲਵਿੰਦਰ ਸਾਡੀ ਨਵੀਂ ਪੀੜ੍ਹੀ ਦਾ ਸੁਚੇਤ, ਸੁਹਿਰਦ ਕਵੀ ਹੈ, ਜਿਸਦੀ ਕਵਿਤਾ ਦੀ ਪੁਸਤਕ ਸਾਂਭ-ਸਾਂਭ ਕੇ ਰੱਖਣ ਵਾਲੀ ਹੈ। ਉਸਨੇ ਕਵਿਤਾ ਦੀ ਸਿਰਜਣ ਪ੍ਰਕਿਰਿਆ ਬਾਰੇ ਨਿਵੇਕਲੀ ਭਾਂਤ ਦੀਆਂ ਅਤੇ ਉੱਤਮ ਕਵਿਤਾਵਾਂ ਲਿਖੀਆਂ ਹਨ।

ਸਿਸਕੀਆਂ 'ਚ ਅਨਹਦ ਗੂੰਜਿਆ
ਹੌਕਿਆਂ 'ਚ ਮਹਿਕੀ ਤਰੇਲ ਖੁਸ਼ਬੋਈ
ਪੂਰੀ ਹੋਈ ਸਿਰਜਣਾ
ਪਹਿਲੇ ਪਾਠ ਨਾਲ
ਮਨ ਲੋਅ ਨਾਲ ਭਰ ਗਿਆ

ਉਸ ਦੀਆਂ ਰਾਜਸੀ ਕਵਿਤਾਵਾਂ ਵੀ ਸੁਹਜਮਈ ਅਥਵਾ ਕਲਾਤਮਿਕ ਹਨ। ਸਾਰੇ ਸੰਗ੍ਰਹਿ ਵਿਚ ਵੰਨ-ਸੁਵੰਨੇ ਤਾਜ਼ੇ ਸੱਜਰੇ ਅਨੁਭਵਾਂ ਦਾ ਸੰਗਮ ਹੈ।

ਅਜਿਹੇ ਕਵੀ ਦੇ ਆਗਮਨ ਨਾਲ ਪੰਜਾਬੀ ਸ਼ਾਇਰੀ ਵਿਚ ਨਵੀਨਤਾ, ਤਾਜ਼ਗੀ ਤੇ ਸੁਹਜਾਤਮਿਤਾ ਦਾ ਵਾਧਾ ਹੋਇਆ ਹੈ। ਮਲਵਿੰਦਰ ਸਾਡਾ ਅਤਿ ਪਿਆਰਾ ਕਵੀ ਕਿੰਨਾ ਕੁਝ ਨਵਾਂ ਲੈ ਕੇ ਹਾਜ਼ਰ ਹੋਇਆ ਹੈ। ਕਵਿਤਾ ਵਿਚ ਖੜੋਤ ਦੀ ਸ਼ਿਕਾਇਤ ਕਰਨ ਵਾਲੇ ਆਲੋਚਕਾਂ ਨੂੰ ਇਹ ਸੰਗ੍ਰਹਿ ਜ਼ਰੂਰ ਪੜ੍ਹਨਾ ਬਣਦਾ ਹੈ। • ਹ. ਸ. ਹ.

## ਤਿਮਾਹੀ ਚਿਰਾਗ਼ ਦਾ ਵਿਸ਼ੇਸ਼ ਅੰਕ

ਅਖ਼ਲਾਕ ਆਤਿਫ਼

ਜ਼ਿਲਾ ਕਪੂਰਥਲਾ (ਭਾਰਤ, ਪੰਜਾਬ) ਤੋਂ ਪਿਛਲੇ, ਪੰਦਰਾਂ ਵਰ੍ਹੇ ਤੋਂ ਮੁਸਲਸਲ ਛਪ ਰਿਹਾ ਤਿਮਾਹੀ ਪੰਜਾਬੀ ਅਦਬੀ ਰਸਾਲਾ "ਚਿਰਾਗ਼" ਇਸ ਮਾਣ ਤੋਂ ਸਰਫਰਾਜ਼ ਏ ਕਿ ਭਾਰਤੀ ਤੇ ਪਾਕਿਸਤਾਨੀ ਪੰਜਾਬ ਵਿਚ ਲਿਖੇ ਜਾ ਰਹੇ ਪੰਜਾਬੀ ਦੀਆਂ ਰਿਸ਼ਮਾਂ ਨੂੰ ਬਿਨਾਂ ਕਿਸੇ ਤਫਰੀਕ ਜਾਂ ਤੁਅੱਸਬ ਦੇ ਜਗਤ ਭਰ ਵਿਚ ਫੈਲਾਉਣ ਦੇ ਯਤਨ ਕਰ ਰਿਹਾ ਏ। ਭਾਰਤ ਤੋਂ ਛਪ ਰਹੇ ਪੰਜਾਬੀ ਅਦਬੀ ਰਸਾਲਿਆਂ ਵਿਚੋਂ ਤਿਮਾਹੀ "ਚਿਰਾਗ਼" ਨੂੰ ਨਸਰ ਤੇ ਨਜ਼ਮ ਦੀ ਮਿਆਰੀ ਚੋਣ ਪਾਰੋਂ ਵੱਖਰਾ ਤੇ ਉਚੇਚਾ ਮੁਕਾਮ ਹਾਸਲ ਏ। ਇਸਦੀਆਂ ਕਈ ਵਜ੍ਹਾਂ ਹੋ ਸਕਦੀਆਂ ਨੇ, ਪਰ ਸਾਡੀ ਜਾਂਚੇ ਇਹਦੀ ਇੱਕ ਵਜ੍ਹਾ ਇਹ ਹੈ ਕਿ ਹਰਭਜਨ ਸਿੰਘ ਹੁੰਦਲ, ਅਦਬ ਨਾਲ ਸਰਸਰੀ ਜਾਂ ਸਹਾਫਤੀ ਹੱਦ ਤੀਕਰ ਜੁੜਤ ਰੱਖਦੇ ਨੇ, ਸਗੋਂ ਸੱਚੇ ਅਦਬੀ ਆਦਰਸ਼ਾਂ ਦੀ ਪਾਲਣਾ ਕਰਨਾ ਇਹਨਾਂ ਨੇ ਆਪਣੀ ਹਯਾਤੀ ਦਾ ਮਕਸਦ ਬਣਾਇਆ ਹੋਇਆ ਹੈ। ਇਹਨਾਂ ਦੇ ਅਦਬੀ ਗੁਣਾਂ ਦੀ ਗਿਣਤੀ ਆਸਾਨ ਨਹੀਂ, ਤਿਮਾਹੀ ਚਿਰਾਗ਼ ਦੇ ਸੰਪਾਦਕੀ ਲੇਖ ਰਾਹੀਂ ਹਰ ਤੀਜੇ ਮਹੀਨੇ ਦੇ ਇਹਨਾਂ ਦੇ ਨਸਰੀ ਜੌਹਰ ਨੁਮਾਇਆਂ ਹੋ ਕੇ ਸਾਹਮਣੇ ਆਉਂਦੇ ਨੇ, ਜਦਕਿ ਬਾਕਮਾਲ ਸ਼ਾਇਰਾਨਾ ਸਿਫ਼ਤਾਂ ਇਹਨਾਂ ਦੀਆਂ ਕਵਿਤਾਵਾਂ ਰਾਹੀਂ ਨਿੱਤਰੀਆਂ ਅਤੇ ਨਿੱਖਰੀਆਂ ਰਹਿੰਦੀਆਂ ਨੇ, ਜਿਵੇਂ ਕਿ ਕੁਝ ਵਰ੍ਹੇ ਪਹਿਲਾਂ ਬਹਾਵਲ ਨਗਰ ਵਾਸੀ ਪੰਜਾਬੀ ਸੁਝਵਾਨ ਖ਼ਾਲਦ ਸ਼ੇਖ਼ ਨੇ ਹਰਭਜਨ ਸਿੰਘ ਹੁੰਦਲ ਹੋਰਾਂ ਦੀ ਲਿਖੀ ਤਵੀਲ (ਲੰਮੀ) ਨਜ਼ਮ "ਜੰਗਨਾਮਾ ਪੰਜਾਬ" ਨੂੰ ਸ਼ਾਹਮੁਖੀ ਲਿੱਪੀ ਵਿਚ ਢਾਲ ਕੇ ਕਿਤਾਬੀ ਸੂਰਤ ਵਿਚ ਪੇਸ਼ ਕੀਤਾ ਸੀ।

ਜੜ੍ਹਾਂ ਵਾਲਾ ਜ਼ਿਲ੍ਹਾ ਫੈਸਲਾਬਾਦ ਦਾ ਇਲਾਕਾ ਹਰਭਜਨ ਸਿੰਘ ਹੁੰਦਲ ਦੀ ਜਨਮ ਭੂਮੀ ਏ। ਫਿੱਤਰੀ ਗੱਲ ਏ ਕਿ ਏਸ ਜੂਹ ਨਾਲ ਇਹਨਾਂ ਦੇ ਬਚਪਨ ਤੇ ਚੜ੍ਹਦੀ ਉਮਰ ਦੀਆਂ ਸੁੰਦਰ ਯਾਦਾਂ ਵਾਬਸਤਾ ਨੇ, ਜਿਨ੍ਹਾਂ ਦਾ ਇਜ਼ਹਾਰ ਇਹਨਾਂ ਦੀਆਂ ਲਿਖਤਾਂ ਵਿਚ, ਖ਼ਾਸ ਤੌਰ 'ਤੇ ਉਘੜਵਾਂ ਹੁੰਦਾ ਏ। ਤਿਮਾਹੀ ਚਿਰਾਗ਼ ਦੀ ਹਰ ਅਸ਼ਾਇਤ ਵਿਚ 'ਵਾਹਗੇ ਪਾਰ ਤੋਂ' ਦੇ ਸਿਰਨਾਵੇਂ ਹੇਠ ਪਾਕਿਸਤਾਨ ਦੇ ਚੋਣਵੇਂ ਪੰਜਾਬੀ ਸ਼ਾਇਰਾਂ ਦੀਆਂ ਨਿਗਾਰਸ਼ਾਂ ਨੂੰ ਛਾਇਆ ਕਰਨਾ ਵੀ ਆਪਣੀ ਜਨਮ ਧਰਤੀ ਨਾਲ ਜੁੜਤ, ਨਿੱਘ ਤੇ ਅਕੀਦਤ ਤੇ ਇਜ਼ਹਾਰ ਦੀ ਇੱਕ ਖ਼ੂਬਸੂਰਤ ਹੁੰਦਲੀ ਕੋਸ਼ਿਸ਼ ਹੈ।

ਤਿਮਾਹੀ ਚਿਰਾਗ਼ ਦਾ ਜਨਵਰੀ-ਮਾਰਚ 2007 ਦਾ ਸ਼ੁਮਾਰਾ ਨੰ. 59 ਵਾਹਗੇ ਪਾਰ ਦੀ ਪੰਜਾਬੀ ਸ਼ਾਇਰੀ ਸਿਰਨਾਵੇਂ ਹੇਠ ਛਾਪਿਆ ਗਿਆ ਹੈ। ਜਿਹਨੂੰ ਪਾਕਿਸਤਾਨੀ ਪੰਜਾਬੀ ਨਾਲ ਹੁੰਦਲ ਜੀ ਦੇ ਮੋਹ ਤੇ ਮੁਹੱਬਤ ਦਾ ਸੱਜਰਾ ਸਬੂਤ ਕਿਹਾ ਜਾ ਸਕਦਾ ਹੈ। ਇਸ ਖ਼ਾਸ ਸ਼ੁਮਾਰੇ ਦਾ ਇੱਕ-ਇੱਕ ਸਫ਼ਾ ਪੰਜਾਬ ਪਿਆਰ ਦੇ ਖਲੂਸ ਨਾਲ ਇਬਾਰਤ ਏ। ਇਹਦੇ ਸੰਪਾਦਕੀ ਲੇਖ ਵਿਚ ਮੁਖਤਸਰ ਤੌਰ ਤੇ ਦੱਸਿਆ ਗਿਆ ਏ ਕਿ ਪਾਕਿਸਤਾਨ ਦੇ ਪੰਜਾਬੀ ਲਿਖਾਰੀਆਂ ਨੂੰ ਪਿਛਲੇ ਛੇ ਦਹਾਕਿਆਂ ਵਿਚ ਸਿਆਸਤ ਤੇ ਸਕਾਫ਼ਤੀ ਹਵਾਲਿਆਂ ਨਾਲ ਕਿਨ੍ਹਾਂ-ਕਿਨ੍ਹਾਂ ਔਕੜਾਂ ਦਾ ਸਾਹਮਣਾ ਕਰਨਾ ਪਿਆ। ਪਾਕਿਸਤਾਨ ਤੇ ਭਾਰਤ ਦੇ ਪੰਜਾਬੀ ਸੂਝਵਾਨਾਂ ਨੂੰ ਇੱਕ ਦੂਸਰੇ ਨਾਲ ਵਿਚਾਰ-ਵਟਾਂਦਰਾ ਵਿਚ ਜੋ ਮੁਸ਼ਕਿਲਾਂ ਦਰਪੇਸ਼ ਨੇ, ਤੇ ਆਪਸੀ ਮੇਲ ਮਿਲਾਪ ਦੇ ਸਫ਼ਰ ਵਿਚ ਜੋ ਅੜਿੱਕੇ ਹਾਲੀਂ ਤੀਕਰ ਮੌਜੂਦ ਨੇ, ਉਹਨਾਂ ਨੂੰ ਸਿਆਸੀ ਜਰੂਰਜ਼ਾਤ ਤੋਂ ਬਾਲਾਵਰ ਹੋ ਕੇ ਖ਼ਤਮ ਕਰਨ ਦੀ ਖਾਹਿਸ਼ ਦਾ ਇਜ਼ਹਾਰ ਵੀ ਕੀਤਾ ਗਿਆ ਏ।

ਤਿਮਾਹੀ ਚਿਰਾਗ਼ ਦੇ ਏਸ ਸ਼ੁਮਾਰੇ ਲਈ ਪਾਕਿਸਤਾਨੀ ਪੰਜਾਬ ਦੇ ਜਿਹਨਾਂ ਸ਼ਾਇਰਾਂ ਦੀਆਂ ਨਜ਼ਮਾਂ, ਗ਼ਜ਼ਲਾਂ ਤੇ ਗੀਤ ਚੁਣੇ ਗਏ ਨੇ। ਉਹਨਾਂ ਵਿਚ ................ ਸ਼ਾਮਿਲ ਨੇ।

ਉਤਲੇ ਨਾਵਾਂ ਤੋਂ ਜ਼ਾਹਿਰ ਹੈ ਕਿ ਤਿਮਾਹੀ ਚਿਰਾਗ਼ ਦੇ ਪ੍ਰਚਲਤ ਸ਼ੁਮਾਰਿਆਂ ਵਿਚੋਂ ਇੱਕ ਸ਼ੁਮਾਰੇ ਤੋਂ ਵਾਹਗੇ ਪਾਰ ਦੀ ਪੰਜਾਬੀ ਕਵਿਤਾ ਨਾਲ ਇੰਜ ਸਜਾਉਣ ਦਾ ਆਹਰ ਕੀਤਾ ਗਿਆ ਏ ਕਿ ਇਹ ਸਿਰਫ਼ ਇੱਕ ਨੁਮਾਇੰਦਾ ਸ਼ਾਇਰੀ ਨੰਬਰ ਨਾ ਰਹਿ ਕੇ, ਸਗੋਂ ਪਾਕਿਸਤਾਨੀ ਪੰਜਾਬੀ ਸ਼ਾਇਰੀ ਦੇ ਚਾਨਣ ਭਰੇ ਮਾਜ਼ੀ, ਖੁਸ਼ੀਆਂ ਭਰੇ ਹਾਲ ਤੇ ਰੰਗਾਂ ਭਰੇ ਮੁਸਤਕਬਿਲ ਵਿਚਲੇ ਖ਼ੂਬਸੂਰਤ ਫੁੱਲਾਂ ਦਾ ਗੁਲਦਸਤਾ ਬਣ ਜਾਵੇ, ਇਹੀ ਵਾਸ਼ਨਾ ਚਿਰਾਂ ਤਾਈਂ ਪੜ੍ਹਨ ਵਾਲਿਆਂ ਅਹਿਸਾਸਤ ਨੂੰ ਮਹਿਕਾਉਂਦੀ ਰਹੇ। ਏਸ ਤਰ੍ਹਾਂ ਹਰਭਜਨ ਸਿੰਘ ਹੋਰਾਂ ਨੇ ਪੰਜਾਬੀ ਸ਼ਾਇਰੀ ਦੀ ਪਾਕਿਸਤਾਨੀ ਮਹਿਕ ਨੂੰ ਜ਼ਮਾਨੇ ਭਰ ਵਿਚ ਵੱਸਦੇ ਪੰਜਾਬੀ ਪਿਆਰਿਆਂ ਤੀਕਰ ਅੱਪੜਨ ਦਾ ਸਲਾਹੁਣ ਯੋਗ ਯਤਨ ਕੀਤਾ ਹੈ। ਹਰਭਜਨ ਸਿੰਘ ਦੇ ਖ਼ਮੀਰ ਤੇ ਜ਼ਮੀਰ ਵਿਚ ਵਸਦੀ ਕਸਕ 'ਅਸੀਂ ਐਵੇਂ ਨਹੀਂ ਕਿਹਾ' ਏਸ ਸ਼ੁਮਾਰੇ ਦੇ ਛੇਕੜ ਤੇ ਮੌਜੂਦ ਨਜ਼ਮ ਤੋਂ ਸਾਡੇ ਖ਼ਿਆਲ ਦੀ ਗਵਾਹੀ ਮਿਲਦੀ ਏ। ਹਰਭਜਨ ਸਿੰਘ ਹੁੰਦਲ ਦੀ ਏਸ ਨਜ਼ਮ ਦੀ ਇੱਕ-ਇੱਕ ਸਤਰ ਵਿਚ ਮੁਹੱਬਤ, ਖਲੂਸ, ਮੋਹ, ਵਫ਼ਾ ਤੇ ਪਿਆਰ ਦੇ ਅਨਮੋਲ ਜਜ਼ਬੇ ਠਾਠਾਂ ਮਾਰਦੇ ਪਏ ਨੇ।

ਵਾਹਗੇ ਪਾਰ ਦੀ ਪੰਜਾਬੀ ਕਵਿਤਾ ਨਾਲ ਤਿਮਾਹੀ ਚਿਰਾਗ਼ ਨੂੰ ਰੌਸ਼ਨ ਕਰਨ ਦੀ ਮਖ਼ਲਸਾਨਾ, ਮਿਆਰੀ ਤੇ ਪਿਆਰ ਭਰੀ ਕਾਵਸ਼ ਪਾਰੋਂ ਪਾਕਿਸਤਾਨ ਦੇ ਸਾਰੇ ਪੰਜਾਬੀ ਪਿਆਰੇ ਹਰਭਜਨ ਸਿੰਘ ਹੁੰਦਲ ਦੇ ਖਲੂਸ ਨਿੱਘ ਤੇ ਮੋਹ ਨੂੰ ਸਲਾਮ ਤੇ ਸਤਿਕਾਰ ਪੇਸ਼ ਕਰਦੇ ਨੇ।

ਨੋਟ — ਜਨਾਬ ਅਖ਼ਲਾਕ ਆਤਿਫ਼ ਦੀ ਇਹ ਲੰਮੀ ਟਿੱਪਣੀ ਲਾਹੌਰ ਤੋਂ ਛਪਦੇ ਮਾਸਿਕ ਪੱਤਰ "ਸਵੇਰ ਇੰਟਰਨੈਸ਼ਨਲ" ਅਪ੍ਰੈਲ 2007 ਵਿਚ ਛਪੀ ਹੈ। ਜਿਸ ਦੇ ਭੇਜਣ ਲਈ ਅਸੀਂ ਜਨਾਬ ਆਤਿਫ਼ ਸਾਹਿਬ ਦੇ ਸ਼ੁਕਰਗੁਜ਼ਾਰ ਹਾਂ।



## ਖ਼ਿਆਲ ਆਪੋ ਆਪਣਾ

• ਬੜੀ ਦੇਰ ਤੋਂ ਮਨ ਉੱਤੇ ਇੱਕ ਬੋਝ ਜਿਹਾ ਮਹਿਸੂਸ ਕਰ ਰਿਹਾ ਸਾਂ, ਪਰ ਉਸ ਬੋਝ ਨੂੰ ਹੌਲਿਆ ਕਰਨ ਵਾਸਤੇ ਸਬੂਤ ਨਹੀਂ ਸੀ ਮਿਲ ਰਿਹਾ।

ਗੱਲ ਇੰਝ ਹੋਈ ਕਿ 'ਚਿਰਾਗ਼' ਦੇ ਅਪ੍ਰੈਲ-ਜੂਨ 2006 ਦੇ ਅੰਕ ਵਿਚ ਬੀਬੀ ਅਫ਼ਜ਼ਲ ਤੌਸੀਫ਼ ਦੀ ਉਰਦੂ ਤੋਂ ਅਨੁਵਾਦਿਤ ਕਹਾਣੀ 'ਇਹ ਤੇ ਕੁਝ ਵੀ ਨਹੀਂ' (ਜਿਸ ਵਿਚ ਮੰਟੋ ਦੀ ਕਹਾਣੀ 'ਖੋਲ੍ਹ ਦੋ' ਦਾ ਹਵਾਲਾ ਹੈ) ਪੜ੍ਹਦਿਆਂ ਮੈਂ ਮਹਿਸੂਸ ਕੀਤਾ ਸੀ ਕਿ ਬੀਬੀ ਜੀ ਨੇ ਇੱਕ ਅਤਿ ਮਹੱਤਵਪੂਰਨ ਤੱਥ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਹੈ। ਜਾਣ-ਬੁੱਝ ਕੇ ਨਹੀਂ, ਸਗੋਂ ਸਹਿਵਨ ਹੀ ਇੰਝ ਹੋ ਗਿਆ ਹੋਵੇਗਾ ਜਾਂ ਫਿਰ ਮੰਟੋ ਦੀ ਕਹਾਣੀ 'ਖੋਲ੍ਹ ਦੋ' ਬੀਬੀ ਜੀ ਨੇ ਚੰਗੀ ਤਰ੍ਹਾਂ ਘੋਖ ਕੇ ਨਹੀਂ ਪੜ੍ਹੀ ਹੋਵੇਗੀ। ਚਿਰਾਗ਼ ਦੇ ਅੰਕ 56 ਵਿਚ ਸਫ਼ਾ 13 ਦੀਆਂ ਆਖ਼ਰੀ ਸਤਰਾਂ ਵਿਚ 'ਇਹ ਤੇ ਕੁਝ ਵੀ ਨਹੀਂ' ਕਹਾਣੀ ਦਾ ਪਾਤਰ 'ਖੋਲ੍ਹ ਦੋ' ਕਹਾਣੀ ਦਾ ਹਵਾਲਾ ਦਿੰਦਾ ਹੋਇਆ ਆਖਦਾ ਹੈ 'ਹਿੰਦੂ ਤੇ ਸਿੱਖ ਪਾਗਲ ਹੋ ਕੇ ਮੁਸਲਮਾਨ ਲੜਕੀ ਉੱਤੇ ਟੁੱਟ ਪਏ ਤੇ ਉਸਦਾ ਜਬਰ-ਜਿਨਾਹ ਕਰਦੇ ਹੋਏ, ਸਮਝਦੇ ਰਹੇ ਕਿ ਉਹ ਬਦਲਾ ਲੈ ਰਹੇ ਹਨ. ਉਨ੍ਹਾਂ ਹਿੰਦੂ, ਸਿੱਖ, ਲੜਕੀਆਂ ਦਾ, ਜਿਨ੍ਹਾਂ ਦਾ ਮੁਸਲਮਾਨਾਂ ਨੇ ਪਾਗ਼ਲ ਹੋ ਕੇ ਰੇਪ ਕੀਤਾ ਸੀ।'

ਠੀਕ ਹੈ, ਇਸ ਕਿਸਮ ਦੀਆਂ ਘਟਨਾਵਾਂ ਉਨ੍ਹਾਂ ਦਿਨਾਂ ਵਿਚ ਆਮ ਵਾਪਰਦੀਆਂ ਸਨ, ਜਿਨ੍ਹਾਂ ਦਾ ਮੈਂ ਚਸ਼ਮਦੀਦ ਗਵਾਹ ਵੀ ਹਾਂ। ਪਰ ਮੰਟੋ ਤਾਂ ਮੰਟੋ ਹੀ ਸੀ ਨਾ। ਉਹ ਸਾਧਾਰਨ ਦੀ ਬਜਾਇ ਅਸਧਾਰਨ ਘਟਨਾਵਾਂ ਨੂੰ ਬਿਆਨ ਕਰਨ ਦਾ ਮਾਹਿਰ ਸੀ। ਉਸ ਨੇ 'ਖੋਲ੍ਹ ਦੋ' ਨਾਂ ਦੀ ਕਹਾਣੀ ਵਿਚ ਇਹ ਦੱਸਿਆ ਸੀ ਕਿ ਮੁਸਲਮਾਨ ਲੜਕੀ ਸਕੀਨਾ ਨਾਲ ਖੇਹ-ਖਰਾਬੀ ਹਿੰਦੂ, ਸਿੱਖ ਜਨੂੰਨੀਆਂ ਨੇ ਨਹੀਂ, ਸਗੋਂ ਲਾਹੌਰ ਤੇ ਰਿਫ਼ਿਊਜੀ ਕੈਂਪ ਵਿਚ ਹਰਲ-ਹਰਲ ਕਰਦੇ ਫਿਰਦੇ ਮੁਸਲਮਾਨ ਨੌਜਵਾਨਾਂ (ਸੋਸ਼ਲ ਵਰਕਰਾਂ) ਨੇ ਕੀਤੀ ਸੀ। ਅਸਲ ਵਿਚ ਮੰਟੋ ਨੇ ਦੱਸਣਾ ਚਾਹਿਆ ਹੈ ਕਿ ਕਾਮ ਦਾ ਜਨੂੰਨ ਮਜ਼ਬੀ ਜਨੂੰਨ ਤੋਂ ਵੱਧ ਵਹਿਸ਼ੀ ਹੁੰਦਾ ਹੈ।

ਮੈਂ ਸਬੂਤ ਦੀ ਗੱਲ ਕੀਤੀ ਸੀ। ਮੈਨੂੰ ਸ਼ੱਕ ਸੀ ਕਿ ਮੈਂ ਕਿਤੇ ਗਲਤ ਹੀ ਨਾ ਹੋਵਾਂ। ਇਸ ਲਈ 'ਖੋਲ੍ਹ ਦੋ' ਕਹਾਣੀ ਦੁਬਾਰਾ ਪੜ੍ਹ ਕੇ ਤਸੱਲੀ ਕਰ ਲੈਣੀ ਚਾਹੁੰਦਾ ਸੀ। ਪਰ ਇਹ ਕਹਾਣੀ ਕਿਤੋਂ ਮਿਲ ਨਹੀਂ ਸੀ ਰਹੀ। ਅੰਤ ਬੜੀ ਮੁਸ਼ਕਿਲ ਨਾਲ ਮੰਟੋ ਦੇ ਕਹਾਣੀ ਸੰਗ੍ਰਹਿ 'ਚੌਕੀਦਾਰ ਤੇ ਹੋਰ ਕਹਾਣੀਆਂ' ਦਾ ਪੰਜਾਬੀ ਅਨੁਵਾਦ ਲੱਭਾ ਹੈ, ਜਿਸ ਵਿਚ 'ਖੋਲ੍ਹ ਦੋ' ਕਹਾਣੀ ਦਰਜ ਹੈ। ਹੁਣ ਇਹ ਕਹਾਣੀ ਦੁਬਾਰਾ ਪੜ੍ਹ ਕੇ ਮੇਰੀ ਤਸੱਲੀ ਹੋ ਗਈ ਹੈ ਕਿ ਮੈਂ ਆਪਣੀ ਥਾਂ ਠੀਕ ਹਾਂ। ਭੁਲੇਖਾ ਬੀਬੀ ਜੀ ਨੂੰ ਲੱਗਾ ਹੈ।

ਮੇਰੀ ਖਾਹਿਸ਼ ਹੈ ਕਿ ਮੇਰੀ ਇਹ ਗੱਲ ਦਾ ਮੁਹਤਰਮਾ ਅਫ਼ਜ਼ਲ ਤੌਸੀਫ਼ ਹੋਰਾਂ ਤੱਕ ਵੀ ਪੁੱਜਣੀ ਚਾਹੀਦੀ ਹੈ, ਤਾਂਕਿ ਉਨ੍ਹਾਂ ਦਾ ਭੁਲੇਖਾ ਦੂਰ ਹੋ ਸਕੇ। ਸੰਭਵ ਹੋਵੇ ਤਾਂ ਤੁਸੀਂ ਆਪ ਵੀ 'ਖੋਲ੍ਹ ਦੋ' ਕਹਾਣੀ ਜ਼ਰੂਰ ਪੜ੍ਹਨ ਦੀ ਖੇਚਲ ਕਰਨਾ।

**ਕਿਰਪਾਲ ਸਿੰਘ ਯੋਗੀ, ਗੁਰਦਾਸਪੁਰ**

• ਚਿਰਾਗ਼ ਦਾ 'ਵਾਹਗੇ ਪਾਰ ਦੀ ਪੰਜਾਬੀ ਕਵਿਤਾ' ਅੰਕ ਮਿਲ ਗਿਆ ਹੈ। ਧੰਨਵਾਦ! ਬਾਬਾ ਨਜਮੀਂ ਅਤੇ ਸਾਈਂ ਅਖ਼ਤਰ ਲਾਹੌਰੀ ਦਾ ਕਲਾਮ ਇਸ ਅੰਕ ਦਾ ਸਿਖ਼ਰ ਹੈ। ਬੜੀਆਂ ਨਿਡਰ ਅਤੇ ਚੇਤਨ ਕਲਮਾਂ ਹਨ। ਅਬਦੁੱਲ ਕਰੀਮ ਕੁੱਦਸੀ, ਜ਼ਫ਼ਰ ਇਕਬਾਲ, ਨਜ਼ੀਰ ਕੈਸਰ ਦੀਆਂ ਗ਼ਜ਼ਲਾਂ ਵੀ ਸਮੇਂ ਦੇ ਹਾਣ ਦੀਆਂ ਹਨ।

**ਤੇਜਵੰਤ ਮਾਨ, ਸੰਗਰੂਰ**

• ਚਿਰਾਗ਼ ਦੇ ਪਿਛਲੇ ਅੰਕ ਵਿਚ ਡਾ. ਕਰਮਜੀਤ ਸਿੰਘ ਨਡਾਲਾ ਦੀ ਕਹਾਣੀ 'ਚੱਕਰਵਿਊ' ਚੰਗੀ ਲੱਗੀ। ਇਸਤਰੀ ਲੇਖਿਕਾਵਾਂ ਅਤੇ ਮਰਦ ਲੇਖਕ ਵੀ ਹਮੇਸ਼ਾ ਮਰਦ ਨੂੰ ਭੰਡਦੇ ਹਨ। ਪਰ ਕਰਮਜੀਤ ਦੀ ਕਹਾਣੀ ਵਿਚ ਮਰਦ ਆਪਣੀ ਔਰਤ ਹੱਥੋਂ ਕਿੰਨਾ ਪੀੜਤ ਅਤੇ ਪਰੇਸ਼ਾਨ ਹੋਇਆ। ਇਹ ਹਕੀਕਤ ਪਾਠਕ ਨੂੰ ਵੀ ਪਰੇਸ਼ਾਨ ਕਰਦੀ ਹੈ। ਐਨੀ ਵਧੀਆ ਕਹਾਣੀ ਪੜ੍ਹਾਉਣ ਲਈ ਤੁਸੀਂ ਵਧਾਈ ਦੇ ਪਾਤਰ ਹੋ।

**ਰਾਮ ਸਰੂਪ ਅਣਖੀ**

• ਤੁਹਾਡੇ ਵਿਸ਼ੇਸ਼ ਅੰਕ ਸਾਂਭਣ ਵਾਲੇ ਹੁੰਦੇ ਹਨ। ਚਾਹੇ ਪਾਬਲੋ ਨੇਰੂਦਾ ਅੰਕ ਹੋਵੇ, ਚਾਹੇ ਚੀਨੀ ਸਾਹਿਤ ਵਿਸ਼ੇਸ਼ ਅੰਕ, ਖ਼ਾਲਸਾ ਸ਼ਤਾਬਦੀ ਵਿਸ਼ੇਸ਼ ਅੰਕ, ਚਾਹੇ ਪਾਕਿਸਤਾਨੀ ਪੰਜਾਬੀ ਕਹਾਣੀ ਵਿਸ਼ੇਸ਼ ਅੰਕ ਹੋਣ। ਵਾਹਗੇ ਪਾਰ ਦੀ ਪੰਜਾਬੀ ਕਵਿਤਾ ਕਈ ਨਵੇਂ-ਪੁਰਾਣੇ ਨਾਂ ਨੇ। ਸਾਈਂ ਅਖ਼ਤਰ ਲਾਹੌਰੀ ਦੀ ਲੰਮੀ ਕਵਿਤਾ 'ਅੱਲ੍ਹਾ ਮੀਆਂ ਥੱਲੇ ਆ' ਵਾਰ-ਵਾਰ ਪੜ੍ਹਨ ਵਾਲੀ ਹੈ। ਦੂਜੇ ਨੂੰ ਪੜ੍ਹ ਕੇ ਸੁਣਾਉਣ ਵਾਲੀ ਹੈ। ਵਧੀਆ ਚੋਣ ਅਤੇ ਵਧੀਆ ਛਪਾਈ ਲਈ ਮੁਬਾਰਕਾਂ।

**ਜੈ ਪਾਲ, ਡੇਰਾ ਬੱਸੀ**

* * *

## ਪੁਸਤਕ ਪ੍ਰਾਪਤੀ

1. ਨਜ਼ਮ ਹੋ ਹਾਲੇ ਲਿਖਣੀ ਹੈ (ਕਵਿਤਾ) ਮਲਕੀਤ ਦਰਦੀ, ਪੰਨੇ 80, ਮੁੱਲ 50 /- ਕੁਕਨੁਸ ਪ੍ਰਕਾਸ਼ਨ, ਜਲੰਧਰ
2. ਨਜ਼ਮ ਦੀ ਤਲਾਸ਼ ਵਿਚ (ਸਮੁੱਚੀ ਕਾਵਿ-ਰਚਨਾਵਲੀ) ਡਾ. ਦਰਸ਼ਨ ਗਿੱਲ, ਪੰਨੇ 560, ਮੁੱਲ 500/- ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ (ਲੁਧਿਆਣਾ)
3. ਮੰਜ਼ਿਲ ਨਾ ਮਿਲੀ (ਵਾਰਤਕ/ ਕਵਿਤਾ) ਸੁਰਿੰਦਰ ਸਿੰਘ ਸੁੱਨੜ ਪੰਨੇ, 176, ਮੁੱਲ 40/- ਸੁੰਦਰ ਬੁੱਕ ਡੀਪੂ, ਜਲੰਧਰ
4. ਮਾਂ, ਘਰ ਤੇ ਤਿਤਲੀਆਂ (ਕਵਿਤਾਵਾਂ) ਕੇ. ਸਾਧੂ ਸਿੰਘ, ਸਫੇ 80, ਮੁੱਲ 100/- ਜਸਵੰਤ ਪ੍ਰਿੰਟਰਜ਼, ਲੁਧਿਆਣਾ
5. ਇੱਕ ਸੁਪਨਾ ਇੱਕ ਸੰਵਾਦ (ਲੰਮੀ ਕਵਿਤਾ) ਲਖਵਿੰਦਰ ਜੌਹਲ, ਪੰਨੇ 64, ਮੁੱਲ 40/- ਕੁਕਨੁਸ ਪ੍ਰਕਾਸ਼ਨ, ਜਲੰਧਰ।
6. ਪਹਿਲਾ ਦਿਨ (ਕਹਾਣੀਆਂ) ਐੱਸ. ਸਾਕੀ, ਪੰਨੇ 152, ਮੁੱਲ 150/- ਵਰਤਮਾਨ ਪ੍ਰਕਾਸ਼ਨ, ਨਵੀਂ ਦਿੱਲੀ
7. ਗਿੱਲ ਮੋਰਾਂ ਵਾਲੀ ਦੀ ਕਾਵਿ ਸਿਰਜਣਾ (ਆਲੋਚਨਾ) ਹਰਭਜਨ ਸਿੰਘ ਮਾਂਗਟ, ਪੰਨੇ 80, ਮੁੱਲ 100/- ਵਰਤਮਾਨ ਪ੍ਰਕਾਸ਼ਨ, ਨਵੀਂ ਦਿੱਲੀ।
8. ਕਾਵਿ-ਸਰੋਕਾਰ (ਆਲੋਚਨਾ) ਡਾ. ਸੁਖਦੇਵ ਸਿੰਘ ਸਰਸਾ, ਪੰਨੇ 136, ਮੁੱਲ 150/- ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।
9. ਪੀੜ ਅਗੰਮੀ (ਕਵਿਤਾਵਾਂ) ਜੀਤ ਔਲਖ, ਪੰਨੇ 80, ਮੁੱਲ 90/- ਚੇਤਨਾ ਪ੍ਰਕਾਸ਼ਨ, ਲੁਧਿਆਣਾ।
10. ਏਕਮ ਦੀ ਫਾਂਕ (ਕਵਿਤਾਵਾਂ) ਅਰਤਿੰਦਰ ਸੰਧੂ, ਪੰਨੇ 112, ਮੁੱਲ 125/- ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।
11. ਕਾਇਆ ਦੇ ਹਰਫ਼ (ਕਵਿਤਾਵਾਂ) ਮਲਵਿੰਦਰ ਸਿੰਘ, ਪੰਨੇ 102, ਮੁੱਲ 110/- ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
12. ਜੋਗਿੰਦਰ ਬਾਹਰਲਾ (ਜੀਵਨੀ) ਇੰਦਰਜੀਤ ਨੰਦਨ, ਪੰਨੇ 126, ਮੁੱਲ 40/- ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ।
13. ਬਾਜ਼ੀ (ਗ਼ਜ਼ਲ ਸੰਗ੍ਰਹਿ) ਹਰੀ ਸਿੰਘ ਮੋਹੀ, ਪੰਨੇ 92, ਮੁੱਲ 110/- ਅਰਵਿੰਦਰ ਪਬਲੀਕੇਸ਼ਨ ਮੋਗਾ।
14. ਤਿਤਲੀਆਂ ਵਾਲੀ ਫਰਾਕ (ਬਾਲ-ਕਹਾਣੀਆਂ) ਪੰਨੇ 28, ਮੁੱਲ ....? ਪੰਜ-ਨਾਦ ਪ੍ਰਕਾਸ਼ਨ, ਲਾਂਬੜਾ ਜਲੰਧਰ।
15. ਕਾਸ਼! (ਨਾਵਲ) ਕੁਲਦੀਪ ਸਿੰਘ ਬੇਦੀ, ਪੰਨੇ 144, ਮੁੱਲ 150/- ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ।
16. ਜਦ ਵੀ ਵਤਨ ਪਰਤੋ (ਕਵਿਤਾਵਾਂ) ਚਰਨ ਕੌਸ਼ਲ, ਵਿਸ਼ਵ-ਭਾਰਤੀ ਪ੍ਰਕਾਸ਼ਨ, ਬਰਨਾਲਾ।
17. ਹੱਥ ਨਾ ਲਾ ਕੁਸੰਭੜੇ (ਲੇਖ) ਅਫ਼ਜ਼ਲ ਤੌਸੀਫ਼, ਨਿਗਾਰਸ਼ਾਤ, ਮੀਆਂ ਚੈਂਬਰਜ਼, 3, ਟੈਂਪਲ ਰੋਡ, ਲਾਹੌਰ
18. ਗੁਜ਼ਰੇ ਥੇ ਹਮ ਜਹਾਂ ਸੇ (ਭਾਰਤ ਦਾ ਸਫਰਨਾਮਾ) ਅਫਜ਼ਲ ਤੌਸੀਫ਼ ਮੀਆਂ ਅਲੀ ਗੌਹਰ ਟਰੱਸਟ ਲਾਹੌਰ, ਪਾਕਿਸਤਾਨ ਪੰਨੇ 230
19. ਬੁਲਬੁਲੀਨਾ (ਕਹਾਣੀਆਂ) ਅਫ਼ਜ਼ਲ ਤੌਸੀਫ਼, ਚੇਤਨਾ ਪ੍ਰਕਾਸ਼ਨ, ਪੰਜਾਬੀ ਅਕਾਡਮੀ ਲੁਧਿਆਣਾ
20. ਚਹੁੰ ਕੂੰਟੀਂ ਗੁਟਰਗੂੰ (ਕਵਿਤਾਵਾਂ) ਬੀ. ਐੱਸ. ਬੀਰ. ਆਰਸੀ ਪਬਲਿਸ਼ਰਜ਼ ਦਿੱਲੀ।
21. ਮੈਂ ਇੰਝ ਵੇਖਿਆ ਆਸਟਰੇਲੀਆ (ਸਫ਼ਰਨਾਮਾ) ਸੁਲੱਖਣ ਸਰਹੱਦੀ ਪੰਨੇ 220, ਮੁੱਲ 200/- ਲੋਕ-ਗੀਤ ਪ੍ਰਕਾਸ਼ਨ ਚੰਡੀਗੜ੍ਹ।
22. ਸਿਰੋਂ ਸੱਖਣੇ ਲੋਕ (ਨਾਵਲ) ਖੋਜੀ ਕਾਫਰ, ਪੰਨੇ 238, ਮੁੱਲ 200/- ਸਿੰਘ ਬ੍ਰਦਰਜ਼, ਅੰਮ੍ਰਿਤਸਰ
23. ਛੜੀ ਘੋੜੀ ਦਾ ਜਨਾਜ਼ਾ (ਕਹਾਣੀਆਂ) ਖੋਜੀ ਕਾਫ਼ਰ, ਪ੍ਰਕਾਸ਼ਕ, ਲੇਖਕ
24. ਸੂਕਦਾ ਦਰਿਆ (ਨਾਵਲ) ਹਰੀ ਸਿੰਘ ਢੁੱਡੀਕੇ, ਪੰਨੇ 208., ਮੁੱਲ 200/- ਕੁਕਨੁਸ ਪ੍ਰਕਾਸ਼ਨ, ਜਲੰਧਰ।
25. ਜਦ ਜ਼ਖ਼ਮ ਦਵਾਤ ਬਣੇ (ਗ਼ਜ਼ਲਾਂ) ਹਰਮਿੰਦਰ ਸਿੰਘ ਕੋਹਾਰਵਾਲਾ, ਕੁਕਨੁਸ ਪ੍ਰਕਾਸ਼ਨ, ਜਲੰਧਰ।
26. ਸ਼ਹੀਦ ਭਗਤ ਸਿੰਘ ਦਾ ਚਿੰਤਨ ਤੇ ਅਜੋਕੀਆਂ ਚੁਣੌਤੀਆਂ (ਸੰਪਾਦਕ ਡਾ. ਸ਼ਾਮ ਸੁੰਦਰ ਦੀਪਤੀ ਤੇ ਡਾ. ਅਨੂਪ ਸਿੰਘ, ਪ੍ਰੇਰਨਾ ਪ੍ਰਕਾਸ਼ਨ, ਅੰਮ੍ਰਿਤਸਰ

* * *



# In a new light

*You have divided our land*
*By hanging on our foreheads a label of*
*religions*
*You have torn apart the chunni*
*of our mother.*
*After snatching our language*
*away from us*
*O givers of your slogans!*
*We shall not become your*
*mouthpiece*
*We will speak our own language.*



MELTING 'S'POT

Atamjit

This poem is written by a Pakistani poet Saleem Anjami. We were made to believe that in Pakistan, people keep mum out of fear; but 'Wahge Paar Dee Punjabi Kavita', the special issue of quarterly Chirag, has proved this to be wrong. Divided into four parts, the last section includes more than 30 poems by anti-establishment authors. For Shaffique Quereshi the crimson rays of sunset on the eve of new year are like those 365 scarlet bars that struck his eyes in a single go. Akram Bajwa counts the pre Partition days when all of us used to live together; suddenly colours of our euphoria and desires were gone. He fails to understand who played the real mischief.

Nazeer Kaiser very aptly presents the Pakistani milieu in a short ghazal of a miniature meter:

*Mela Bharya Hoya Si*
*Banda Darya Hoya Si*
*Akheean Khulieean Hoieean San*
*Supna Marya Hoya Si*
*Ander Aggaan Lageean San*
*Pinda Thharya Hoya Si.*

Three short poems by Rashad Hassan Rana narrate a tale of sectarian politics:

*All the convictions,*
*drenched in the crude*
*colours of hatred*
*and those words*
*which have inherent high*
*dividing walls within them;*
*are not meant for 'human beings' only shopkeepers require them.*

Pakistani Punjabi writers were earlier known for metaphoric use of language, but the present collection strongly declares the strength of their 'direct word'. Baba Najmi openly tells Musharaff (in January 2001) not to dictate Pakistan for a long period and asks to spare for the public whatever he could save from 'thieves'. His poem carried on the back title page directly asks the education minister to shut his mouth as he doesn't know the importance of mother tongue. The poet, now, is in no mood even to spare God. poet asks Allah Mian "to come down on Earth and see for himself what is happening here; your followers are asking for alms for your abode and the fact keeps many people away from them. You could not give houses to us, at least you should construct your own!"

Aleem Shaqeel also dares to tell God:

*I never asked for a mansion or a car*
*I looked just for the food to eat*
*A lodge, and a cover for the body*
*You couldn't afford even this.*
*Just forget about it*
*I don't have any relation with you now.*

More than one hundred poems by Pakistani Punjabi poets in other three sections of the special issue of Chirag throw enough light on the life inside west Punjab. Era of new relationship between the two countries is opening up the economic and political horizons of the two countries of a single past; and efforts like the one Harbhajan Hundal has made as editor of this small journal, shall go a long way in cementing certain cultural and emotional gaps that the political narrowness of the two countries created during the last century. Refreshingly the name of Shiv Kumar Batalvi, a Hindu poet, attracts a mention in a poem, of course along with those of Guru Nanak & Sayyad Waras Shah. This Chiraag is full of light.



*(The columnist is a Punjabi playwright & currently Principal ASSM College, Mukandpur, Nawanshahr)*

ਹਿੰਦਸਤਾਨ ਟਾਈਮਜ਼ ਮਿਤੀ 3-4-07

ਵਿਚੋਂ ਧੰਨਵਾਦ ਸਹਿਤ

Chirag Quarterly April-June, 2007
Registered with the Registrar of News-Papers of India No. PUN-PUN 0 2276/AL/TC94

ਲੋਕ ਗੀਤ ਪ੍ਰਕਾਸ਼ਨ-ਯੂਨੀਸਟਾਰ ਬੁਕਸ ਦੁਆਰਾ ਪ੍ਰਕਾਸ਼ਤ

ਉਸਤਾਦ ਗ਼ਜ਼ਲਗੋ
ਸੁਲੱਖਣ ਸਰਹੱਦੀ ਦੀਆਂ ਵਡਮੁੱਲੀਆਂ ਪੁਸਤਕਾਂ

ਸੰਪੂਰਨ ਪਿੰਗਲ ਅਤੇ ਅਰੂਜ਼

ਸਫੇ 350 ਮੁੱਲ 350
ਜਿਸ ਵਿਚ ਪੰਜਾਬੀ ਦੇ 500 ਸ਼ਾਇਰ ਕੋਟ ਕੀਤੇ ਗਏ ਹਨ।

ਚੋਣਵੇਂ ਪੰਜਾਬੀ ਸ਼ਿਅਰ

900 ਪੰਜਾਬੀ ਦੇ ਸ਼ਾਇਰਾਂ ਦੇ ਚੋਣਵੇਂ ਸ਼ਿਅਰ
ਸਫੇ 223 ਮੁੱਲ 100

ਮੈਂ ਇਵੇਂ ਵੇਖਿਆ ਆਸਟ੍ਰੇਲੀਆ

(ਸਫ਼ਰਨਾਮਾ)
ਸਫੇ 220 ਮੁੱਲ 200

ਨੈਸ਼ਨਲ ਬੁੱਕ ਟਰੱਸਟ ਇੰਡੀਆ ਪੇਸ਼ ਕਰਦਾ ਹੈ।

ਉਸਤਾਦ ਸ਼ਾਇਰ ਸੁਲੱਖਣ ਸਰਹੱਦੀ

ਦੁਆਰਾ ਇਕੋ ਬਹਿਰ ਵਿੱਚ 160 ਗ਼ਜ਼ਲਾਂ (1262 ਸ਼ਿਅਰ)

(ਬੇੜੀਆਂ ਦਾ ਪੁਲ)
ਪੰਜਾਬੀ ਗ਼ਜ਼ਲ ਵਿੱਚ ਅਪੂਰਵ ਤੇ ਅਨੂਠਾ ਕੀਰਤੀਮਾਨ

ਸਫੇ 101 ਮੁੱਲ ਕੇਵਲ 45 ਰੁਪਏ

ਪੁਸਤਕ ਪ੍ਰਾਪਤੀ (ਮੋਬਾਇਲ-98174-84337)